19-FEB-PAGE-1.qxd 2/18/2024 9:36 PM Page 1

ਸੋਮਵਾਰ, 19 ਫ਼ਰਵਰੀ, 2024
7 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 260

# ਨਵਾਂ ਜ਼ਮਾਨਾ

DAILY NAWAN ZAMANA • MONDAY, 19 FEBRUARY, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

# 20 ਤੋਂ 22 ਤੱਕ ਪੰਜਾਬ 'ਚ ਭਾਜਪਾ ਸਾਂਸਦਾਂ, ਮੰਤਰੀਆਂ ਤੇ ਵਿਧਾਇਕਾਂ ਦੇ ਘਰਾਂ ਅੱਗੇ ਪ੍ਰਦਰਸ਼ਨ

## ਟੋਲ ਪਲਾਜ਼ੇ ਵੀ ਫ੍ਰੀ ਕਰਾਏ ਜਾਣਗੇ, ਸੰਯੁਕਤ ਕਿਸਾਨ ਮੋਰਚਾ ਦੋ ਮੰਚਾਂ ਦੇ ਅੰਦੋਲਨ ਦਾ ਹਿੱਸਾ ਨਹੀਂ ਬਣੇਗਾ



**ਲੁਧਿਆਣਾ (ਐੱਮ ਐੱਸ ਭਾਟੀਆ)**
ਸੰਯੁਕਤ ਕਿਸਾਨ ਮੋਰਚਾ (ਐੱਸ ਕੇ ਐੱਮ) ਦੀ ਮੀਟਿੰਗ ਐਤਵਾਰ ਇੱਥੇ ਬਲਬੀਰ ਸਿੰਘ ਰਾਜੇਵਾਲ, ਬੂਟਾ ਸਿੰਘ ਬੁਰਜਗਿੱਲ ਅਤੇ ਬਲਕਰਨ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ 37 ਵਿੱਚੋਂ ਐੱਸ ਕੇ ਐੱਮ (ਪੰਜਾਬ) ਦੀਆਂ 34 ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਹੋਏ।ਇਸ ਤੋਂ ਇਲਾਵਾ ਬੀ ਕੇ ਯੂ (ਉਗਰਾਹਾਂ) ਦੇ ਨੁਮਾਇੰਦਿਆਂ ਨੇ ਵੀ ਮੀਟਿੰਗ ਵਿੱਚ ਸ਼ਿਰਕਤ ਕੀਤੀ, ਤਾਂ ਜੋ ਦਿੱਲੀ ਮੋਰਚੇ ਦੀ ਸਮਾਪਤੀ ਤੋਂ ਬਾਅਦ ਅਣਸੁਲਝੇ ਅਤੇ ਅਧੂਰੇ ਪਏ ਮਸਲਿਆਂ ਨੂੰ ਲੈ ਕੇ ਸਾਂਝਾ ਸੰਘਰਸ਼ ਵਿੱਢਿਆ ਜਾ ਸਕੇ, ਜਿਸ ਲਈ ਭਾਜਪਾ ਸਰਕਾਰ ਨੇ ਕਿਸਾਨਾਂ ਨਾਲ ਵਾਅਦੇ ਕੀਤੇ ਸਨ, ਪਰ ਬਾਅਦ ਵਿੱਚ ਪਿੱਛੇ ਹਟ ਗਈ।

ਮੀਟਿੰਗ ਵਿੱਚ 20 ਤੋਂ 22 ਫਰਵਰੀ ਤੱਕ 3 ਦਿਨਾਂ ਤੱਕ ਸੂਬੇ ਭਰ ਵਿੱਚ ਭਾਜਪਾ ਦੇ ਸੰਸਦ ਮੈਂਬਰਾਂ, ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਅੱਗੇ ਦਿਨ-ਰਾਤ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਗਿਆ।ਸੂਬੇ ਦੇ ਸਾਰੇ ਟੋਲ ਪਲਾਜ਼ਿਆਂ ਨੂੰ 20 ਤੋਂ 22 ਫਰਵਰੀ ਤੱਕ ਪਰਚੀ ਮੁਕਤ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ. ਜਿਨ੍ਹਾਂ ਜ਼ਿਲ੍ਹਿਆਂ ਵਿੱਚ ਭਾਜਪਾ ਦੇ ਸੰਸਦ ਮੈਂਬਰ ਅਤੇ ਵਿਧਾਇਕ ਨਹੀਂ ਹਨ, ਉੱਥੇ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨਾਂ ਦੇ ਘਰਾਂ ਅੱਗੇ ਧਰਨੇ ਅਤੇ ਮੁਜ਼ਾਹਰੇ ਕੀਤੇ ਜਾਣਗੇ।ਇਹ ਸਪੱਸ਼ਟ ਕੀਤਾ ਗਿਆ ਕਿ ਐੱਸ ਕੇ ਐੱਮ ਪ੍ਰਤੀ ਵਫ਼ਾਦਾਰ ਸਾਰੀਆਂ ਜਥੇਬੰਦੀਆਂ ਸਾਂਝੇ ਤੌਰ 'ਤੇ ਇਹ ਵਿਰੋਧ ਦਰਜ ਕਰਵਾਉਣਗੀਆਂ।

ਇਹ ਧਰਨੇ ਕਿਸਾਨਾਂ ਪ੍ਰਤੀ ਕੇਂਦਰ ਦੀ ਭਾਜਪਾ ਸਰਕਾਰ ਦੇ ਅੜੀਅਲ, ਉਦਾਸੀਨ ਅਤੇ ਤਾਨਾਸ਼ਾਹੀ ਰਵੱਈਏ ਵਿਰੁੱਧ ਅਤੇ ਉਨ੍ਹਾਂ ਦੀਆਂ ਚਿਰਾਂ ਤੋਂ ਲਟਕ ਰਹੀਆਂ ਮੰਗਾਂ ਨੂੰ ਲੈ ਕੇ ਕੀਤੇ ਜਾ ਰਹੇ ਹਨ।ਮੀਟਿੰਗ ਨੇ ਆਪਣੀ ਸਖ਼ਤ ਚਿੰਤਾ ਅਤੇ ਖਦਸ਼ਾ ਜ਼ਾਹਰ ਕੀਤਾ ਕਿ ਕੇਂਦਰ ਸਰਕਾਰ ਪੰਜਾਬ ਸਰਕਾਰ ਨਾਲ ਮਿਲੀਭੁਗਤ ਕਰਕੇ ਡਾਕਟਰ ਸਵਾਮੀਨਾਥਨ ਦੇ ਫਾਰਮੂਲੇ ਸੀ 2+50% 'ਤੇ ਆਧਾਰਤ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਚੰਡੀਗੜ੍ਹ ਵਿਖੇ ਹੋਣ ਜਾ ਰਹੀ ਮੀਟਿੰਗ ਵਿੱਚ ਕਮਜ਼ੋਰ ਕਰ ਸਕਦੀ ਹੈ। ਦੋ ਵੱਖ-ਵੱਖ ਮੰਚ ਸ਼ੰਭੂ ਅਤੇ ਖਨੌਰੀ ਸਰਹੱਦਾਂ 'ਤੇ ਅੰਦੋਲਨ ਕਰ ਰਹੇ ਹਨ, ਜੋ ਕਿ ਐੱਸ ਕੇ ਐੱਮ ਦਾ ਹਿੱਸਾ ਨਹੀਂ ਹਨ। ਮੀਡੀਆ ਰਿਪੋਰਟਾਂ ਅਨੁਸਾਰ ਸਰਕਾਰ ਇੱਕ ਆਰਡੀਨੈਂਸ ਦੁਆਰਾ ਏ 2 + ਐੱਫ ਐੱਲ ਦੇ ਅਧਾਰ 'ਤੇ ਐੱਮ ਐੱਸ ਪੀ ਨੂੰ ਕਾਨੂੰਨੀ ਬਣਾਉਣ ਦਾ ਇਰਾਦਾ ਰੱਖਦੀ ਹੈ।ਐੱਸ ਕੇ ਐੱਮ ਨੇ ਐੱਮ ਐੱਸ ਪੀ ਦੇ ਨਿਰਧਾਰਨ ਦੇ ਏ 2+ ਐੱਫ ਐੱਲ ਫਾਰਮੂਲੇ ਅਤੇ ਆਰਡੀਨੈਂਸ ਰੂਟ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਐੱਸ ਕੇ ਐੱਮ ਨੇ ਸਵਾਮੀਨਾਥਨ ਦੇ ਫਾਰਮੂਲੇ ਸੀ 2+50% ਦੇ ਆਧਾਰ 'ਤੇ ਸਾਰੀਆਂ ਖੇਤੀ ਉਪਜਾਂ ਦੇ ਐੱਸ ਕੇ ਐੱਮ ਦੀ ਕਾਨੂੰਨੀ ਸਥਿਤੀ ਦੀ ਆਪਣੀ ਸਿਧਾਂਤਕ ਸਥਿਤੀ ਨੂੰ ਦੁਹਰਾਇਆ। ਮੀਟਿੰਗ ਦਾ ਵਿਚਾਰ ਹੈ ਕਿ ਐੱਮ ਐੱਸ ਪੀ ਨਿਰਧਾਰਨ ਫਾਰਮੂਲੇ ਨੂੰ ਕਮਜ਼ੋਰ ਕਰਨ ਵਾਲਾ ਅਜਿਹਾ ਕਦਮ ਲਾਭਕਾਰੀ ਐੱਮ ਐੱਸ ਪੀ ਅਤੇ ਯਕੀਨੀ ਮਾਰਕੀਟ ਦੇ ਮਹੱਤਵਪੂਰਨ ਮੁੱਦੇ ਨੂੰ ਹਮੇਸ਼ਾ ਲਈ ਦਫਨਾਉਣ ਅਤੇ ਮਾਰ ਦੇਵੇਗਾ, ਜੋ ਕਿਸਾਨਾਂ ਅਤੇ ਖੇਤੀਬਾੜੀ ਦੀ ਜੀਵਨ ਰੇਖਾ ਹੈ।ਇਹ ਕਦਮ ਦੇਸ਼ ਦੇ 500 ਸੰਗਠਨਾਂ ਦੇ ਨੁਮਾਇੰਦੇ ਐੱਸ ਕੇ ਐੱਮ ਨੂੰ ਘੱਟ ਕਰਨ ਅਤੇ ਐੱਸ ਕੇ ਐੱਮ ਦੀ ਅਗਵਾਈ ਵਾਲੇ ਮੁੱਦੇ 'ਤੇ ਅੰਦੋਲਨ ਨੂੰ ਸਾਈਡ ਟ੍ਰੈਕ ਕਰਨ ਦਾ ਵੀ ਇਰਾਦਾ ਰੱਖਦਾ ਹੈ। ਮੀਟਿੰਗ ਨੇ ਸਰਕਾਰ ਨੂੰ ਅਜਿਹੀ ਹਰਕਤ ਤੋਂ ਗੁਰੇਜ਼ ਕਰਨ ਦੀ ਚਿਤਾਵਨੀ ਦਿੱਤੀ ਅਤੇ ਐਲਾਨ ਕੀਤਾ ਕਿ ਐਤਵਾਰ ਮੀਟਿੰਗ ਦਾ ਜੋ ਵੀ ਨਤੀਜਾ ਨਿਕਲਦਾ ਹੈ, ਐੱਸ ਕੇ ਐੱਮ ਆਉਣ ਵਾਲੇ ਸਮੇਂ ਵਿੱਚ ਘੱਟੋ-ਘੱਟ ਸਮਰਥਨ ਮੁੱਲ ਅਤੇ ਹੋਰ ਮੁੱਦਿਆਂ ਨੂੰ ਲੈ ਕੇ ਅੰਦੋਲਨ ਨੂੰ ਹੋਰ ਤੇਜ਼ ਕਰੇਗਾ। ਮੀਟਿੰਗ ਨੇ ਸਪੱਸ਼ਟ ਕੀਤਾ ਕਿ ਅੰਦੋਲਨਕਾਰੀ ਕਿਸਾਨਾਂ 'ਤੇ ਜਬਰ ਦੀ ਹਮੇਸ਼ਾ ਨਿਖੇਧੀ ਕੀਤੀ ਜਾਵੇਗੀ, ਪਰ ਐੱਸ ਕੇ ਐੱਮ ਦੋ ਮੰਚਾਂ ਵੱਲੋਂ ਸ਼ੁਰੂ ਕੀਤੇ ਅੰਦੋਲਨ ਦਾ ਹਿੱਸਾ ਨਹੀਂ ਬਣੇਗਾ।ਅੰਦੋਲਨ ਦਾ ਅਗਲਾ ਪ੍ਰੋਗਰਾਮ ਉਲੀਕਣ ਲਈ 22 ਫਰਵਰੀ ਨੂੰ ਐੱਸ ਕੇ ਐੱਮ ਦੀ ਆਲ ਇੰਡੀਆ ਮੀਟਿੰਗ ਦਿੱਲੀ ਵਿਖੇ ਹੋਵੇਗੀ।

ਮੀਟਿੰਗ ਵਿੱਚ ਨੋਟ ਕੀਤਾ ਗਿਆ ਕਿ ਵੱਡੀ ਗਿਣਤੀ ਵਿੱਚ ਕੰਬਾਈਨ ਹਾਰਵੈਸਟਰ ਵਾਢੀ ਲਈ ਸੂਬੇ ਤੋਂ ਬਾਹਰ ਜਾ ਰਹੇ ਹਨ, ਪਰ ਸੁਰੱਖਿਆ ਬਲਾਂ ਵੱਲੋਂ ਪੈਦਾ ਕੀਤੀਆਂ ਰੁਕਾਵਟਾਂ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਵਿਚ ਮੰਗ ਕੀਤੀ ਗਈ ਕਿ ਕੰਬਾਈਨਾਂ ਨੂੰ ਆਪਣਾ ਕੰਮ ਮੁੜ ਸ਼ੁਰੂ ਕਰਨ ਲਈ ਖੁੱਲ੍ਹ ਕੇ ਜਾਣ ਦਿੱਤਾ ਜਾਵੇ। ਮੀਟਿੰਗ ਵਿੱਚ ਨਰਸਾਂ ਦੇ ਅੰਦੋਲਨ ਅਤੇ ਮਸਲਿਆਂ ਦੀ ਵੀ ਹਮਾਇਤ ਕੀਤੀ ਗਈ।ਧਰਨੇ ਦੇ

● ਬਾਕੀ ਸਫ਼ਾ 2 'ਤੇ

# ਕੁੜੀਆਂ ਤਾਂ ਬਾਜ਼ ਨੇ



ਅਨਮੋਲ ਖਰਬ (ਇਨਸੈੱਟ) ਵੱਲੋਂ ਜੇਤੂ ਅੰਕ ਲੈਣ 'ਤੇ ਉਸ ਵੱਲ ਦੌੜੀਆਂ ਸਾਥੀ ਖਿਡਾਰਨਾਂ।

**ਸ਼ਾਹ ਆਲਮ (ਮਲੇਸ਼ੀਆ)** : ਭਾਰਤ ਨੇ ਐਤਵਾਰ ਥਾਈਲੈਂਡ ਨੂੰ 3-2 ਨਾਲ ਹਰਾ ਕੇ ਪਹਿਲੀ ਵਾਰ ਮਹਿਲਾ ਬੈਡਮਿੰਟਨ ਏਸ਼ੀਆ ਟੀਮ ਚੈਂਪੀਅਨਸ਼ਿਪ ਜਿੱਤ ਕੇ ਇਤਿਹਾਸ ਰਚ ਦਿੱਤਾ। ਇਹ ਚੈਂਪੀਅਨਸ਼ਿਪ 2016 ਤੋਂ ਚੱਲ ਰਹੀ ਹੈ ਤੇ ਐਤਕੀਂ ਪੰਜਵੀਂ ਚੈਂਪੀਅਨਸ਼ਿਪ ਸੀ। ਇਸ ਤੋਂ ਪਹਿਲਾਂ ਮਰਦਾਂ ਦੀ ਟੀਮ ਨੇ 2016 ਤੇ 2020 ਵਿਚ ਕਾਂਸੀ ਦੇ ਤਮਗੇ ਜਿੱਤੇ ਸਨ। ਫਾਈਨਲ ਦੇ ਪਹਿਲੇ ਮੁਕਾਬਲੇ ਵਿਚ ਸਾਬਕਾ ਵਿਸ਼ਵ ਚੈਂਪੀਅਨ ਤੇ ਦੋ ਵਾਰ ਉਲੰਪਿਕ ਤਮਗਾ ਜਿੱਤਣ ਵਾਲੀ ਪੀ ਵੀ ਸਿੰਧੂ ਨੇ ਸੁਪਾਨਿਡਾ ਕਾਟੇਥੋਂਗ ਨੂੰ 21-12, 21-12 ਨਾਲ ਹਰਾ ਕੇ ਲੀਡ ਦਿਵਾਈ। ਟਰੀਜ਼ਾ ਜੌਲੀ ਤੇ ਗਾਇਤਰੀ ਗੋਪੀਚੰਦ ਦੀ ਜੋੜੀ ਨੇ ਜੋਂਗਕੋਲਫਾਨ ਕਿਤਿਥਾਰਾਕੁਲ ਤੇ ਰਾਵਿੰਡਾ ਦੀ ਜੋੜੀ ਨੂੰ 21-16, 18-21, 21-16 ਨਾਲ ਹਰਾ ਕੇ ਲੀਡ 2-0 ਦੀ ਕਰ ਦਿੱਤੀ। ਬੁਸਾਨਨ ਓਂਗਬਾਮਰੁੰਗਫਾਨ ਨੇ ਭਾਰਤ ਦੀ ਅਸਮਿਤਾ ਚਾਲੀਹਾ ਨੂੰ 21-11, 21-14 ਨਾਲ ਹਰਾ ਕੇ ਥਾਈਲੈਂਡ ਦੀ ਮੈਚ ਵਿਚ ਵਾਪਸੀ ਕਰਵਾਈ। ਬੇਨਯਾਪਾ ਤੇ ਨੁਨਤਾਕਰਨ ਐਮਸਾਰਡ ਦੀ ਜੋੜੀ ਨੇ ਪ੍ਰਿਆ ਤੇ ਸ਼ਰੁਤੀ ਦੀ ਭਾਰਤੀ ਨੂੰ ਜੋੜੀ ਨੂੰ 21-11, 21-9 ਨਾਲ ਹਰਾ ਕੇ ਮੁਕਾਬਲਾ ਬਰਾਬਰੀ 'ਤੇ ਲੈ ਆਂਦਾ। 17 ਸਾਲ ਦੀ ਅਨਮੋਲ ਖਰਬ ਨੇ ਚੋਈਕੀਵੋਂਗ ਪੋਰਨਪਿਚਾ ਨੂੰ 21-14, 21-9 ਨਾਲ ਹਰਾ ਕੇ ਖਿਤਾਬ ਭਾਰਤ ਦੇ ਨਾਂਅ ਕਰਵਾ ਦਿੱਤਾ। ਸੈਮੀਫਾਈਨਲ ਵਿਚ ਭਾਰਤ ਨੇ ਸ਼ਨੀਵਾਰ ਦੋ ਵਾਰ ਦੇ ਜੇਤੂ ਜਾਪਾਨ ਨੂੰ 3-2 ਅਤੇ ਥਾਈਲੈਂਡ ਨੇ ਇੰਡੋਨੇਸ਼ੀਆ ਨੂੰ 3-1 ਨਾਲ ਹਰਾਇਆ ਸੀ।

## ਭਾਰਤ ਦੀ ਇੰਗਲੈਂਡ 'ਤੇ ਵੱਡੀ ਜਿੱਤ



ਦੋਹਰੇ ਸੈਂਕੜੇ ਦੀ ਖੁਸ਼ੀ ਮਨਾਉਂਦਾ ਯਸ਼ਸਵੀ ਜੈਸਵਾਲ।

**ਰਾਜਕੋਟ** : ਸਲਾਮੀ ਬੱਲੇਬਾਜ਼ ਯਸ਼ਸਵੀ ਜੈਸਵਾਲ ਦੇ ਦੋਹਰੇ ਸੈਂਕੜੇ ਤੇ ਰਵਿੰਦਰ ਜਡੇਜਾ ਦੀਆਂ ਪੰਜ ਵਿਕਟਾਂ ਦੀ ਬਦੌਲਤ ਭਾਰਤ ਨੇ ਐਤਵਾਰ ਇੰਗਲੈਂਡ ਨੂੰ ਤੀਜੇ ਕ੍ਰਿਕਟ ਟੈੱਸਟ ਦੇ ਚੌਥੇ ਦਿਨ 434 ਦੌੜਾਂ ਦੀ ਵੱਡੀ ਹਾਰ ਦਿੱਤੀ ਤੇ ਪੰਜ ਮੈਚਾਂ ਦੀ ਲੜੀ 'ਚ 2-1 ਨਾਲ ਅੱਗੇ ਹੋ ਗਿਆ। 557 ਦੌੜਾਂ ਦਾ ਪਿੱਛਾ ਕਰਦਿਆਂ ਇੰਗਲੈਂਡ ਦੀ ਟੀਮ 34.4 ਓਵਰਾਂ 'ਚ 122 ਦੌੜਾਂ ਬਣਾ ਕੇ ਆਲ ਆਊਟ ਹੋ ਗਈ। ਜਡੇਜਾ ਨੇ 41 ਦੌੜਾਂ ਦੇ ਕੇ ਪੰਜ ਵਿਕਟਾਂ ਲਈਆਂ। ਕੁਲਦੀਪ ਯਾਦਵ ਨੇ ਦੋ ਅਤੇ ਜਸਪ੍ਰੀਤ ਬੁਮਰਾਹ ਤੇ ਰਵੀਚੰਦਰਨ ਅਸ਼ਵਿਨ ਨੇ ਇਕ-ਇਕ ਵਿਕਟ ਲਈ। ਇਸ ਤੋਂ ਪਹਿਲਾਂ ਭਾਰਤ ਨੇ ਦੂਜੀ ਪਾਰੀ 430 ਦੌੜਾਂ 'ਤੇ ਘੋਸ਼ਿਤ ਕਰ ਦਿੱਤੀ ਸੀ। ਜੈਸਵਾਲ ਨੇ ਨਾਬਾਦ 214 ਦੌੜਾਂ ਬਣਾਈਆਂ, ਜੋ ਉਸ ਦਾ ਲਗਾਤਾਰ ਦੂਜਾ ਟੈਸਟ ਦੋਹਰਾ ਸੈਂਕੜਾ ਹੈ।

## ਝਾਰਖੰਡ 'ਚ ਵੀ ਜਾਤੀ ਅਧਾਰਤ ਸਰਵੇਖਣ ਦੀ ਤਿਆਰੀ

**ਰਾਂਚੀ** : ਝਾਰਖੰਡ ਦੇ ਮੁੱਖ ਮੰਤਰੀ ਚੰਪਈ ਸੋਰੇਨ ਨੇ ਗੁਆਂਢੀ ਸੂਬੇ ਬਿਹਾਰ ਦੀ ਤਰਜ਼ 'ਤੇ ਜਾਤੀ ਅਧਾਰਤ ਸਰਵੇਖਣ ਲਈ ਹਰੀ ਝੰਡੀ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਅਮਲਾ ਵਿਭਾਗ ਨੂੰ ਇੱਕ ਡਰਾਫਟ ਤਿਆਰ ਕਰਨ ਅਤੇ ਪ੍ਰਵਾਨਗੀ ਲਈ ਮੰਤਰੀ ਮੰਡਲ ਦੇ ਸਾਹਮਣੇ ਰੱਖਣ ਦੇ ਨਿਰਦੇਸ਼ ਦਿੱਤੇ ਹਨ। ਅਧਿਕਾਰੀ ਨੇ ਕਿਹਾ ਕਿ ਜੇ ਸਭ ਕੁਝ ਯੋਜਨਾ ਮੁਤਾਬਕ ਚਲਦਾ ਹੈ ਤਾਂ ਲੋਕ ਸਭਾ ਚੋਣਾਂ ਤੋਂ ਬਾਅਦ ਅਭਿਆਸ ਸ਼ੁਰੂ ਹੋ ਜਾਵੇਗਾ।

## ਡਬਲ ਇੰਜਣ ਮਤਲਬ ਡਬਲ ਝਟਕਾ : ਰਾਹੁਲ

**ਨਵੀਂ ਦਿੱਲੀ** : ਯੂ ਪੀ 'ਚ ਬੇਰੁਜ਼ਗਾਰੀ ਦੇ ਮੁੱਦੇ ਨੂੰ ਲੈ ਕੇ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਐਤਵਾਰ ਕਿਹਾ ਕਿ ਡਬਲ ਇੰਜਣ ਵਾਲੀ ਸਰਕਾਰ ਦਾ ਮਤਲਬ ਬੇਰੁਜ਼ਗਾਰਾਂ ਲਈ ਦੂਹਰਾ ਝਟਕਾ ਹੈ। ਐੱਕਸ 'ਤੇ ਹਿੰਦੀ 'ਚ ਇੱਕ ਪੋਸਟ 'ਚ ਰਾਹੁਲ ਨੇ ਕਿਹਾ—ਅੱਜ ਯੂ ਪੀ ਦਾ ਹਰ ਤੀਜਾ ਨੌਜਵਾਨ 'ਬੇਰੁਜ਼ਗਾਰੀ ਦੀ ਬਿਮਾਰੀ' ਤੋਂ ਪੀੜਤ ਹੈ। ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਜਿੱਥੇ 1.5 ਲੱਖ ਤੋਂ ਵੱਧ ਸਰਕਾਰੀ ਅਸਾਮੀਆਂ ਖਾਲੀ ਹਨ, ਉਥੇ ਹੀ ਗ੍ਰੈਜੂਏਟ, ਪੋਸਟ ਗ੍ਰੈਜੂਏਟ ਅਤੇ ਪੀ ਐੱਚ ਡੀ ਹੋਲਡਰ ਘੱਟੋ-ਘੱਟ ਯੋਗਤਾ ਦੀ ਲੋੜ ਵਾਲੀਆਂ ਅਸਾਮੀਆਂ ਦੀ ਕਤਾਰ 'ਚ ਖੜ੍ਹੇ ਹਨ। ਫੌਜ ਤੋਂ ਰੇਲਵੇ ਅਤੇ ਸਿੱਖਿਆ ਤੋਂ ਲੈ ਕੇ ਪੁਲਸ ਤੱਕ ਦੀ ਭਰਤੀ ਲਈ ਸਾਲਾਂ ਦੀ ਉਡੀਕ ਕਰਨ ਤੋਂ ਬਾਅਦ ਲੱਖਾਂ ਵਿਦਿਆਰਥੀ ਓਵਰਏਜ ਹੋ ਗਏ ਹਨ। ਨਿਰਾਸ਼ਾ ਦੇ ਇਸ ਭੁਲੇਖੇ 'ਚ ਫਸਿਆ ਵਿਦਿਆਰਥੀ ਡਿਪਰੈਸ਼ਨ ਦਾ ਸ਼ਿਕਾਰ ਹੋ ਰਿਹਾ ਹੈ ਅਤੇ ਟੁੱਟ ਰਿਹਾ ਹੈ। ਇਸ ਸਭ ਤੋਂ ਦੁਖੀ ਹੋ ਕੇ ਜਦੋਂ ਉਹ ਆਪਣੀਆਂ ਮੰਗਾਂ ਨੂੰ ਲੈ ਕੇ ਸੜਕਾਂ 'ਤੇ ਨਿਕਲਦਾ ਹੈ ਤਾਂ ਪੁਲਸ ਵੱਲੋਂ ਉਸ ਨੂੰ ਡੰਡੇ ਮਾਰੇ ਜਾਂਦੇ ਹਨ। ਕਾਂਗਰਸ ਦੀਆਂ ਨੀਤੀਆਂ ਨੌਜਵਾਨਾਂ ਦੇ ਸੁਪਨਿਆਂ ਨਾਲ ਇਨਸਾਫ ਕਰਨਗੀਆਂ ਤੇ ਪਾਰਟੀ ਉਨ੍ਹਾਂ ਦੀ ਤਪੱਸਿਆ ਨੂੰ ਵਿਅਰਥ ਨਹੀਂ ਜਾਣ ਦੇਵੇਗੀ।

# ਆਏਗਾ ਤੋ ਮੋਦੀ ਹੀ !



**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਇੱਥੇ ਭਾਜਪਾ ਦੀ ਕੌਮੀ ਕਨਵੈਨਸ਼ਨ ਵਿਚ ਕਿਹਾ ਕਿ ਉਨ੍ਹਾ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ ਵਿਦੇਸ਼ਾਂ ਤੋਂ ਜੁਲਾਈ, ਅਗਸਤ ਤੇ ਸਤੰਬਰ ਵਿਚ ਦੌਰੇ ਕਰਨ ਦੇ ਸੱਦੇ ਮਿਲ ਰਹੇ ਹਨ। ਇਸ ਦਾ ਮਤਲਬ ਹੈ ਕਿ ਦੂਜੇ ਦੇਸ਼ ਵੀ ਮੰਨ ਰਹੇ ਹਨ ਕਿ ਭਾਜਪਾ ਲਗਾਤਾਰ ਤੀਜੀ ਵਾਰ ਕੇਂਦਰ ਵਿਚ ਸਰਕਾਰ ਬਣਾਏਗੀ। ਉਹ ਜਾਣਦੇ ਹਨ ਕਿ ਆਏਗਾ ਤੋ ਮੋਦੀ ਹੀ।

ਕਨਵੈਨਸ਼ਨ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਗਾਮੀ ਲੋਕ ਸਭਾ ਚੋਣਾਂ ਦੀ ਤੁਲਨਾ ਮਹਾਭਾਰਤ ਯੁੱਧ ਨਾਲ ਕਰਦਿਆਂ ਜ਼ੋਰ ਦੇ ਕੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਦੇ ਵਿਕਾਸ ਲਈ ਕੰਮ ਕਰ ਰਹੀ ਭਾਜਪਾ ਦੀ ਅਗਵਾਈ ਕਰ ਰਹੇ ਹਨ, ਜਦੋਂ ਕਿ ਕਾਂਗਰਸ ਦੇ ਅਧੀਨ 'ਇੰਡੀਆ' ਗਠਜੋੜ ਪਰਵਾਰਕ ਪਾਰਟੀਆਂ ਅਤੇ ਭ੍ਰਿਸ਼ਟਾਚਾਰ ਨਾਲ ਭਰਿਆ ਹੋਇਆ ਹੈ। ਇੱਥੇ ਭਾਜਪਾ ਦੇ ਕੌਮੀ ਸੰਮੇਲਨ 'ਚ ਸ਼ਾਹ ਨੇ ਕਿਹਾ ਕਿ ਲੋਕਾਂ ਦੇ ਦਿਮਾਗ 'ਚ ਕੋਈ ਸ਼ੱਕ ਨਹੀਂ ਕਿ ਪ੍ਰਧਾਨ ਮੰਤਰੀ ਤੀਜੀ ਵਾਰ ਸੱਤਾ ਸੰਭਾਲਣਗੇ।

ਉਨ੍ਹਾ ਸੋਨੀਆ ਗਾਂਧੀ, ਸ਼ਰਦ ਪਵਾਰ, ਲਾਲੂ ਪ੍ਰਸਾਦ ਅਤੇ ਐੱਮ ਕੇ ਸਟਾਲਿਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਆਪਣੇ ਬੱਚਿਆਂ ਨੂੰ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਬਣਾਉਣ ਬਾਰੇ ਸੋਚਦੇ ਹਨ।

# ਭਾਜਪਾ ਸਿਆਸੀ ਚਕਲਾ ਚਲਾ ਰਹੀ : ਸੰਜੇ ਰਾਊਤ



**ਮੁੰਬਈ** : ਸ਼ਿਵ ਸੈਨਾ (ਊਧਵ ਬਾਲਾਸਾਹਿਬ ਠਾਕਰੇ) ਦੇ ਆਗੂ ਸੰਜੇ ਰਾਊਤ ਨੇ ਐਤਵਾਰ ਕਿਹਾ ਕਿ ਭਾਜਪਾ ਮਹਾਰਾਸ਼ਟਰ ਵਿਚ ਸਿਆਸੀ ਚਕਲਾ ਚਲਾ ਰਹੀ ਹੈ ਤੇ ਸੂਬੇ ਦੇ ਕਲਚਰ ਵਿਚ ਗੰਦ ਪਾਉਣ ਲਈ ਉਹੀ ਜ਼ਿੰਮੇਵਾਰ ਹੈ। ਪਾਰਟੀ ਦੇ ਤਰਜਮਾਨ 'ਸਾਮਨਾ' ਵਿਚ ਆਪਣੇ ਕਾਲਮ 'ਰੋਕਠੋਕ' ਵਿਚ ਰਾਜ ਸਭਾ ਮੈਂਬਰ ਰਾਊਤ ਨੇ ਲਿਖਿਆ ਹੈ ਕਿ ਸਾਬਕਾ ਕਾਂਗਰਸੀ ਮੁੱਖ ਮੰਤਰੀ ਅਸ਼ੋਕ ਚਵਾਨ ਨੂੰ ਆਪਣੇ ਨਾਲ ਰਲਾਉਣ ਤੋਂ ਸਾਫ ਹੈ ਕਿ ਭਾਜਪਾ ਨੂੰ ਲੋਕ ਸਭਾ ਦੀਆਂ 200 ਤੋਂ ਵੱਧ ਸੀਟਾਂ ਮਿਲਣ ਦਾ ਵਿਸ਼ਵਾਸ ਨਹੀਂ। ਰਾਊਤ ਨੇ ਦੋਸ਼ ਲਾਇਆ ਮਹਾਰਾਸ਼ਟਰ ਸਿਆਸਤ ਵਿਚ ਪ੍ਰਗਤੀਸ਼ੀਲ ਤੇ ਅਧੁਨਿਕ ਵਿਚਾਰਾਂ ਲਈ ਜਾਣਿਆ ਜਾਂਦਾ ਸੀ, ਪਰ ਭਾਜਪਾ ਨੇ ਦਲਬਦਲੀਆਂ ਕਰਵਾ ਕੇ ਇਸ ਦਾ ਅਕਸ ਖਰਾਬ ਕਰਕੇ ਰੱਖ ਦਿੱਤਾ ਹੈ। ਉਨ੍ਹਾ ਕਿਹਾ—ਉਪ ਮੁੱਖ ਮੰਤਰੀ ਦਵਿੰਦਰ ਫੜਨਵੀਸ ਤੇ ਸਾਬਕਾ ਸਾਂਸਦ ਕੀਰਤ ਸੋਮਈਆ ਕਦੇ ਚਵਾਨ ਦੇ ਕੱਟੜ ਅਲੋਚਕ ਹੁੰਦੇ ਸਨ। ਉਨ੍ਹਾਂ ਨੇ ਉਸ ਵਿਰੁੱਧ ਗੰਭੀਰ ਦੋਸ਼ ਲਾਏ ਸਨ, ਪਰ ਚਵਾਨ ਜਦੋਂ ਭਾਜਪਾ ਵਿਚ ਸ਼ਾਮਲ ਹੋਏ ਤਾਂ ਫੜਨਵੀਸ ਕੋਲ ਖੜ੍ਹੇ ਸਨ। ਫੜਨਵੀਸ ਨੇ ਇਕ ਵਾਰ ਚਵਾਨ ਨੂੰ ਡੀਲਰ ਕਿਹਾ ਸੀ। ਹੁਣ ਫੜਨਵੀਸ ਨੂੰ ਚਵਾਨ ਨਾਲ ਡੀਲ ਕਰਨੀ ਪਈ ਹੈ।

ਰਾਊਤ ਨੇ ਅੱਗੇ ਕਿਹਾ ਹੈ—ਭਾਜਪਾ ਹੁਣ ਸੂਬੇ ਵਿਚ ਸਿਆਸੀ ਚਕਲਾ ਚਲਾ ਰਹੀ ਹੈ ਅਤੇ ਹੁਣ ਇਸ ਦਾ ਅੰਤ ਸ਼ੁਰੂ ਹੋ ਗਿਆ ਹੈ। ਇਸ ਨੇ ਛਗਨ ਭੁਜਬਲ 'ਤੇ ਮਹਾਰਾਸ਼ਟਰ ਸਦਨ ਦੀ ਉਸਾਰੀ ਵਿਚ ਕੁਰੱਪਸ਼ਨ ਦਾ ਦੋਸ਼ ਲਾਇਆ ਸੀ, ਅਜੀਤ ਪਵਾਰ 'ਤੇ ਸਿੰਜਾਈ ਤੇ ਸਹਿਕਾਰੀ ਬੈਂਕ ਘਪਲਿਆਂ ਦਾ ਦੋਸ਼ ਲਾਇਆ ਸੀ, ਅਸ਼ੋਕ ਚਵਾਨ 'ਤੇ ਆਦਰਸ਼ ਸੁਸਾਇਟੀ ਘਪਲੇ ਦਾ ਦੋਸ਼ ਲਾਇਆ ਸੀ। ਫੜਨਵੀਸ ਆਪੋਜ਼ੀਸ਼ਨ ਵਿਚ ਹੁੰਦਿਆਂ ਇਨ੍ਹਾਂ ਨੂੰ ਜੇਲ੍ਹਾਂ ਵਿਚ ਸੁੱਟਣ ਦੀਆਂ ਗੱਲਾਂ ਕਰਦੇ ਸੀ, ਪਰ ਹੁਣ ਇਹ ਸਾਰੇ ਉਨ੍ਹਾ ਦੇ ਪਾਰਟੀ ਸਾਥੀ ਹਨ ਜਾਂ ਤਾਂ ਭਾਜਪਾ ਦੇ ਦੋਸ਼ ਜਾਲ੍ਹੀ ਸਨ ਜਾਂ ਭਾਜਪਾ ਵਿਚ ਆਉਣ ਤੋਂ ਬਾਅਦ ਕੁਰੱਪਸ਼ਨ ਲੁਕ ਗਈ ਹੈ। ਇਤਿਹਾਸ ਭਾਜਪਾ ਨੂੰ ਦੇਸ਼ ਦੀ ਬੇਸ਼ਰਮ ਤੇ ਗੈਰਇਖਲਾਕੀ ਸੰਸਥਾ ਵਜੋਂ ਯਾਦ ਕਰੇਗੀ। ਭਾਜਪਾ ਨੂੰ ਲੋਕ ਸਭਾ ਵਿਚ ਮੋਦੀ ਦੇ ਚਿਹਰੇ

● ਬਾਕੀ ਸਫ਼ਾ 2 'ਤੇ

## ਭਾਜਪਾ ਦੇ ਕੌਮੀ ਪ੍ਰਧਾਨ ਦੀ ਚੋਣ ਹੁਣ ਸੰਸਦੀ ਬੋਰਡ ਕਰਿਆ ਕਰੇਗਾ

**ਨਵੀਂ ਦਿੱਲੀ** : ਭਾਜਪਾ ਦੀ ਕੌਮੀ ਕਨਵੈਨਸ਼ਨ ਨੇ ਐਤਵਾਰ ਮਤਾ ਪਾਸ ਕੀਤਾ ਕਿ ਪ੍ਰਧਾਨ ਦਾ ਅਹੁਦਾ ਖਾਲੀ ਹੋਣ 'ਤੇ ਸੰਸਦੀ ਬੋਰਡ ਨਵੇਂ ਪ੍ਰਧਾਨ ਦੀ ਨਿਯੁਕਤੀ ਕਰ ਸਕੇਗਾ। ਮਤਲਬ ਹੁਣ ਪ੍ਰਧਾਨ ਦੀ ਚੋਣ ਨਹੀਂ ਹੋਇਆ ਕਰੇਗੀ। ਇਸ ਦੇ ਨਾਲ ਹੀ ਵਰਤਮਾਨ ਪ੍ਰਧਾਨ ਜੇ ਪੀ ਨੱਢਾ ਦਾ ਕਾਰਜਕਾਲ ਜੂਨ 2024 ਤੱਕ ਵਧਾਉਣ 'ਤੇ ਮੋਹਰ ਲਾ ਦਿੱਤੀ ਗਈ।

ਭਾਜਪਾ ਦੇ ਇਤਿਹਾਸ ਵਿਚ ਪ੍ਰਧਾਨ ਦੀ ਚੋਣ ਕਰਵਾਉਣ ਦੀ ਹੁਣ ਤੱਕ ਨੌਬਤ ਨਹੀਂ ਆਈ। ਇਸ ਨੂੰ ਭਾਜਪਾ ਅੰਦਰੂਨੀ ਜਮਹੂਰੀਅਤ ਦੱਸਦੀ ਹੈ, ਯਾਨੀ ਕਿਸੇ ਇਕ ਨਾਂਅ 'ਤੇ ਆਮ ਸਹਿਮਤੀ ਬਣ ਜਾਂਦੀ ਹੈ ਤੇ ਉਸ ਨੂੰ ਬਹੁਮਤ ਦਾ ਫੈਸਲਾ ਕਹਿ ਦਿੱਤਾ ਜਾਂਦਾ ਹੈ।

ਇਸ ਤੋਂ ਪਹਿਲਾਂ ਪਾਰਟੀ ਦੇ ਸੰਵਿਧਾਨ ਦੀ ਧਾਰਾ-19 ਤਹਿਤ ਵਿਵਸਥਾ ਸੀ ਕਿ ਪ੍ਰਧਾਨ ਦੀ ਚੋਣ ਇਲੈਕਟੋਰਲ ਕਲਾਜ ਕਰੇਗਾ। ਇਸ ਵਿਚ ਕੌਮੀ ਕੌਂਸਲ ਤੇ ਸੂਬਾਈ ਕੌਂਸਲਾਂ ਦੇ ਮੈਂਬਰ ਹੋਣਗੇ। ਪ੍ਰਧਾਨ ਚੁਣਿਆ ਜਾਣ ਵਾਲਾ 15 ਸਾਲ ਤੋਂ ਪਾਰਟੀ ਦਾ ਮੈਂਬਰ ਹੋਣਾ ਚਾਹੀਦਾ ਹੈ। 29 ਰਾਜਾਂ ਵਿੱਚੋਂ 15 ਰਾਜਾਂ ਵਿਚ ਪਾਰਟੀ ਚੋਣਾਂ ਹੋਣ ਦੇ ਬਾਅਦ ਹੀ ਕੌਮੀ ਪ੍ਰਧਾਨ ਦੀ ਚੋਣ ਹੁੰਦੀ ਸੀ।

## 7 ਜ਼ਿਲ੍ਹਿਆਂ ਦੇ 20 ਥਾਣਾ ਖੇਤਰਾਂ 'ਚ ਇੰਟਰਨੈੱਟ ਹਫਤੇ ਲਈ ਬੰਦ

**ਚੰਡੀਗੜ੍ਹ** : ਗ੍ਰਹਿ ਮੰਤਰਾਲੇ ਨੇ ਪੰਜਾਬ ਦੇ ਤਿੰਨ ਜ਼ਿਲ੍ਹਿਆਂ ਦੇ ਪਹਿਲਾਂ ਦੇ 11 ਥਾਣਿਆਂ ਤੋਂ 7 ਜ਼ਿਲ੍ਹਿਆਂ ਦੇ 20 ਥਾਣਿਆਂ ਤੱਕ ਇੰਟਰਨੈੱਟ ਮੁਅੱਤਲੀ ਦਾ ਵਿਸਥਾਰ ਕਰ ਦਿੱਤਾ ਹੈ। ਨਵੇਂ ਹੁਕਮ 24 ਫਰਵਰੀ ਦੀ ਅੱਧੀ ਰਾਤ ਤੱਕ ਲਾਗੂ ਰਹਿਣਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਵੱਲੋਂ ਇੰਟਰਨੈੱਟ ਬੰਦ ਕਰਨ ਦੇ ਹੁਕਮ ਜਾਰੀ ਕਰਨ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਉਨ੍ਹਾ ਇਹ ਮਾਮਲਾ ਚੁੱਕਿਆ ਹੈ ਅਤੇ ਮੁਅੱਤਲੀ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਮੰਤਰਾਲੇ ਨੇ ਕਿਸਾਨ ਯੂਨੀਅਨਾਂ ਵੱਲੋਂ 16 ਫਰਵਰੀ ਦੇ ਭਾਰਤ ਬੰਦ ਦੇ ਸੱਦੇ ਦੇ ਮੱਦੇਨਜ਼ਰ 15 ਫਰਵਰੀ ਨੂੰ ਪੰਜਾਬ ਦੇ ਸ਼ੁਤਰਾਣਾ, ਖਨੌਰੀ ਅਤੇ ਫਤਿਹਗੜ੍ਹ ਸਾਹਿਬ 'ਚ ਟੈਲੀਕਾਮ ਸੇਵਾਵਾਂ ਨੂੰ ਮੁਅੱਤਲ ਕਰਨ ਦੇ ਹੁਕਮ ਦਿੱਤੇ ਸਨ।

## ਗੁਰੂ ਨਾਨਕ ਦੇ ਫਲਸਫੇ ਨਾਲ ਚੱਲਣ ਵਾਲਾ ਸਿੱਖ ਰਾਜ ਜ਼ਰੂਰ ਆਏਗਾ : ਸਿੱਧੂ



**ਪਟਿਆਲਾ** : ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਐਤਵਾਰ ਕਿਸਾਨਾਂ ਦੇ ਸੰਘਰਸ਼ ਦੀ ਮੁਕੰਮਲ ਹਮਾਇਤ ਕਰਦਿਆਂ ਭਾਜਪਾ ਦੀ ਕੇਂਦਰ ਸਰਕਾਰ ਦੀ ਕਰੜੀ ਆਲੋਚਨਾ ਕੀਤੀ। ਪੱਤਰਕਾਰਾਂ ਨਾਲ ਗੱਲ ਕਰਦਿਆਂ ਭਾਜਪਾ ਵਿਚ ਜਾਣ ਦੀਆਂ ਸਾਰੀਆਂ ਚਰਚਾਵਾਂ ਨੂੰ ਗੁੰਮਰਾਹਕੁੰਨ ਕਹਿ ਕੇ ਕਾਂਗਰਸ ਛੱਡਣ ਦੀਆਂ ਸਾਰੀਆਂ ਅਟਕਲਾਂ ਦਾ ਖੰਡਨ ਕੀਤਾ ਅਤੇ ਕਿਹਾ ਕਿ ਇਹ ਚਰਚਾਵਾਂ ਕਰਨ ਵਾਲੇ ਲੋਕਾਂ ਨੇ ਉਨ੍ਹਾ ਨੂੰ ਖੱਬੇ-ਪੱਖੀਆਂ ਤੋਂ ਇਲਾਵਾ ਸਾਰੀਆਂ ਪਾਰਟੀਆਂ ਵਿਚ ਸ਼ਾਮਲ ਕਰਨ ਦੀਆਂ ਚਰਚਾਵਾਂ ਚਲਾਈਆਂ, ਪਰ ਮੈਂ ਜਿੱਥੇ ਖੜ੍ਹੇ ਹਾਂ, ਉੱਥੇ ਹੀ ਖੜ੍ਹਾ ਰਹਾਂਗਾ। ਉਨ੍ਹਾ ਕਦੇ ਕਿਸੇ ਪਾਰਟੀ ਨਾਲ ਗ਼ੱਦਾਰੀ ਨਹੀਂ ਕੀਤੀ ਤੇ ਨਾ ਹੀ ਕਰਨਗੇ। ਉਨ੍ਹਾ ਇਸ ਵੇਲੇ ਕਿਸਾਨ ਸੰਘਰਸ਼ 'ਚ ਲੱਗਦੇ ਖਾਲਿਸਤਾਨ ਦੇ ਨਾਅਰਿਆਂ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ—ਗੁਰੂ ਨਾਨਕ ਦੇ ਫਲਸਫੇ ਅਨੁਸਾਰ ਚੱਲਣ ਵਾਲਾ ਸਿੱਖ ਰਾਜ ਇਕ ਦਿਨ ਜ਼ਰੂਰ ਆ ਕੇ ਰਹੇਗਾ। ਸਾਡੇ ਪੰਜਾਬ ਦੇ ਇਨ੍ਹਾਂ ਨੇ 9 ਟੁਕੜੇ ਕਰ ਦਿੱਤੇ, ਪਰ ਅੱਜ ਵੀ ਇਹ ਪੰਜਾਬ ਨੂੰ ਟਿਕਣ ਨਹੀਂ ਦੇ ਰਹੇ। ਅਜ਼ਾਦੀ ਵਿਚ ਕੁਰਬਾਨੀਆਂ ਪੰਜਾਬੀਆਂ ਦੀਆਂ ਸਭ ਤੋਂ ਜ਼ਿਆਦਾ, ਅਨਾਜ ਭੰਡਾਰ ਵਿਚ ਸਭ ਤੋਂ ਵੱਧ ਹਿੱਸਾ ਪੰਜਾਬੀਆਂ ਦਾ ਤੇ ਅੱਜ ਇਹ ਕਿਸਾਨਾਂ 'ਤੇ ਹੀ ਜ਼ੁਲਮ ਕਰਨ ਲੱਗੇ ਹਨ। ਸਿੱਧੂ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ ਨੂੰ ਲੈ ਕੇ ਭਾਜਪਾ 'ਤੇ ਹਮਲਾ ਬੋਲਦਿਆਂ ਇਸ ਨੂੰ ਦੁਨੀਆ ਦਾ ਸਭ ਤੋਂ ਵੱਡਾ ਝੂਠ ਕਿਹਾ।

## ਚੀਫ ਖਾਲਸਾ ਦੀਵਾਨ ਦੀ ਚੋਣ 'ਚ ਨਿੱਜਰ ਧੜੇ ਦੀ ਹੂੰਝਾ ਫੇਰ ਜਿੱਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**
ਚੀਫ ਖਾਲਸਾ ਦੀਵਾਨ ਦੀ ਹੋਈ ਜਨਰਲ ਚੋਣ ਵਿੱਚ ਮੌਜੂਦਾ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਧੜੇ ਨੂੰ ਭਰਵੀਂ ਜਿੱਤ ਪ੍ਰਾਪਤ ਹੋਈ ਹੈ ਤੇ ਪ੍ਰਧਾਨ ਸਮੇਤ ਛੇ ਅਹੁਦਿਆਂ ਵਿੱਚੋਂ ਪੰਜ 'ਤੇ ਨਿੱਜਰ ਧੜਾ ਜੇਤੂ ਰਿਹਾ, ਜਦ ਕਿ ਛੇ ਵੋਟਰਾਂ ਨੂੰ ਜਥੇਦਾਰ ਅਕਾਲ ਤਖਤ ਦੇ ਆਦੇਸ਼ਾਂ ਦੇ ਬਾਵਜੂਦ ਵੋਟ ਨਹੀਂ ਪਾਉਣ ਦੀ ਆਗਿਆ ਨਹੀਂ ਦਿੱਤੀ ਗਈ, ਜਿਹਨਾਂ ਦੀਵਾਨ ਦੇ ਦਫਤਰ ਦੇ ਬਾਹਰ ਰੋਸ ਪ੍ਰਦਰਸ਼ਨ ਵੀ ਕੀਤਾ। ਕੁਲ 491 ਵੋਟਾਂ ਵਿੱਚੋਂ 399 ਵੋਟਾਂ ਪੋਲ ਹੋਈਆ ।ਡਾ. ਇੰਦਰਬੀਰ ਸਿੰਘ ਨਿੱਜਰ ਨੇ ਸਭ ਤੋਂ ਵੱਧ 247 ਵੋਟਾਂ ਲੈ ਕੇ ਸੁਰਿੰਦਰਪਾਲ ਸਿੰਘ ਪਾਲ ਨੂੰ 97 ਵੋਟਾਂ ਦੇ ਫਰਕ ਨਾਲ ਹਰਾਇਆ। ਪਾਲ ਨੂੰ 150 ਵੋਟ ਹੀ ਮਿਲੇ। ਦੋ ਗਰੁੱਪਾਂ ਵਿੱਚ ਮੁਕਾਬਲਾ ਹੋਇਆ। ਦੋ ਮੀਤ ਪ੍ਰਧਾਨਾਂ ਲਈ ਨਿੱਜਰ ਧੜੇ ਦੇ ਸੰਤੋਖ ਸਿੰਘ ਸੇਠੀ ਨੂੰ 242, ਜਗਜੀਤ ਸਿੰਘ ਬੰਟੀ 212 ਵੋਟਾਂ ਨਾਲ ਜੇਤੂ ਕਰਾਰ ਦਿੱਤੇ ਗਏ, ਜਦ ਕਿ ਪਾਲ ਧੜੇ ਦੇ ਅਮਰਜੀਤ ਸਿੰਘ ਬਾਂਗਾ ਨੂੰ 150 ਤੇ ਸਰਬਜੀਤ ਸਿੰਘ ਨੂੰ 180 ਵੋਟਾਂ ਮਿਲੀਆ। ਸਥਾਨਕ ਪ੍ਰਧਾਨ ਦੇ ਅਹੁਦੇ ਲਈ ਕੁਲਜੀਤ ਸਿੰਘ ਸਾਹਨੀ ਨੂੰ 226 ਤੇ ਵਿਰੋਧੀ ਸੁਖਦੇਵ ਸਿੰਘ ਮੱਤੇਵਾਲ ਨੂੰ 185 ਵੋਟਾਂ ਮਿਲੀਆ। ਇਸੇ ਤਰ੍ਹਾ ਦੋ ਆਨਰੇਰੀ ਸਕੱਤਰਾਂ ਲ਼ਈ ਨਿੱਜਰ ਧੜੇ ਦੇ ਸਵਿੰਦਰ ਸਿੰਘ ਕੱਥੂਨੰਗਲ ਨੂੰ

● ਬਾਕੀ ਸਫ਼ਾ 2 'ਤੇ

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। **-ਮੈਨੇਜਰ**

## ਅੱਜ-ਨਾਮਾ

ਭਾਜਪਾ ਵੰਨੀਂ ਕਈ ਦੌੜਦੇ ਜਾਣ ਲੀਡਰ,
ਚੂਹਿਆਂ ਵਾਂਗ ਹੈ ਲੱਗੀ ਪਈ ਦੌੜ ਬੇਲੀ।
ਜਿੱਦਾਂ ਪਸ਼ੂ ਹਰਿਆਲੀ ਵੱਲ ਲਾਏ ਦੌੜਾਂ,
ਏਦਾਂ ਨਿਕਲ ਪਏ ਵੇਖ ਕੁਝ ਔੜ ਬੇਲੀ।
ਕਾਂਗਰਸ ਪਾਰਟੀ ਛੱਡਣ ਦੀ ਹੋੜ ਲਾਈ,
ਜਿਨ੍ਹਾਂ ਆਪ ਕੀਤਾ ਏ ਝੁੱਗਾ ਚੌੜ ਬੇਲੀ।
ਜੀ-ਹਜ਼ੂਰੀਏ ਸਨ ਨਹਿਰੂ-ਗਾਂਧੀਆਂ ਦੇ,
ਸੁਣਦੇ ਕੱਢ ਰਹੇ ਜਿਹੜੇ ਨੇ ਕੌੜ ਬੇਲੀ।
ਕਾਂਗਰਸ ਵਿੱਚ ਨਾ ਜਿਨ੍ਹਾਂ ਦੀ ਬਣੀ ਹੈਸੀ,
ਭਾਜਪਾ ਵਿੱਚ ਇਕੱਠੇ ਫਿਰ ਹੋਣਗੇ ਉਹ।
ਪੱਲੇ ਪੈਣਾ ਨਮੋਸ਼ੀ ਤੋਂ ਬਿਨਾਂ ਕੁਝ ਨਹੀਂ,
ਭੁੱਬਾਂ ਮਾਰਨਗੇ ਤੇ ਬਹਿ ਕੇ ਰੋਣਗੇ ਉਹ।

**-ਤੀਸ ਮਾਰ ਖਾਂ**

# ਗੈਂਗਸਟਰ ਕਾਲਾ ਧਨੌਲਾ ਮਾਰਿਆ ਗਿਆ



**ਬਰਨਾਲਾ** : ਗੈਂਗਸਟਰ ਕਾਲਾ ਧਨੌਲਾ ਪੰਜਾਬ ਪੁਲਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ ਨਾਲ ਮੁਕਾਬਲੇ ਵਿਚ ਮਾਰਿਆ ਗਿਆ। ਉਹ ਹਿਸਟਰੀ ਸ਼ੀਟਰ ਸੀ ਅਤੇ ਕਾਂਗਰਸੀ ਆਗੂ 'ਤੇ ਹਮਲੇ ਤੋਂ ਇਲਾਵਾ 60 ਤੋਂ ਵੱਧ ਗੰਭੀਰ ਮਾਮਲਿਆਂ 'ਚ ਲੋੜੀਂਦਾ ਸੀ। ਮੁਕਾਬਲਾ ਉਦੋਂ ਹੋਇਆ ਜਦੋਂ ਉਹ ਬਰਨਾਲਾ ਤੋਂ ਸੰਗਰੂਰ ਵੱਲ ਜਾ ਰਿਹਾ ਸੀ।

ਫੋਰਸ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਗੋਲੀਆਂ ਚਲਾ ਦਿੱਤੀਆਂ, ਜਵਾਬੀ ਕਾਰਵਾਈ 'ਚ ਉਹ ਮਾਰਿਆ ਗਿਆ। ਕਾਲਾ ਧਨੌਲਾ ਏ-ਕੈਟਾਗਰੀ ਦਾ ਗੈਂਗਸਟਰ ਸੀ। ਉਸ ਦਾ ਪੂਰਾ ਨਾਂਅ ਗੁਰਮੀਤ ਸਿੰਘ ਮਾਨ ਉਰਫ ਕਾਲਾ ਧਨੌਲਾ ਸੀ।

ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਕਾਬਲਾ ਬਰਨਾਲਾ ਦੇ ਬਡਬਰ ਵਿਖੇ ਹੋਇਆ। ਇਕ ਇੰਸਪੈਕਟਰ ਤੇ ਇਕ ਸਬ ਇੰਸਪੈਕਟਰ ਜ਼ਖਮੀ ਹੋ ਗਏ।

## ਮੁਕਾਬਲੇ 'ਚ 2 ਜ਼ਖਮੀ

**ਹੁਸ਼ਿਆਰਪੁਰ** : ਸ਼ਨੀਵਾਰ ਰਾਤ ਜਲੰਧਰ-ਪਠਾਨਕੋਟ ਰੋਡ 'ਤੇ ਸਥਿਤ ਘੁੰਮਣ ਫਿਲਿੰਗ ਸਟੇਸ਼ਨ (ਨੇੜੇ ਗਰਨਾ ਸਾਹਿਬ ਅੱਡਾ) ਵਿਖੇ ਪੈਟਰੋਲ ਪੰਪ 'ਤੇ ਲੁੱਟ ਅਤੇ ਗੱਡੀ ਤੇ ਗੋਲੀ ਚਲਾਉਣ ਵਾਲੇ 2 ਲੁਟੇਰੇ ਐਤਵਾਰ ਮੁਕਾਬਲੇ ਵਿਚ ਜ਼ਖਮੀ ਹੋ ਗਏ। ਪੁਲਸ ਮੁਤਾਬਕ ਇਨ੍ਹਾਂ ਨੇ ਰਿਲਾਇੰਸ ਪੰਪ ਅਤੇ ਦਸੂਹਾ ਪਟਰੋਲ ਪੰਪ 'ਤੇ ਵੀ ਲੁੱਟ ਕੀਤੀ ਸੀ। ਪੁਲਸ ਨੂੰ ਸੂਹ ਮਿਲੀ ਸੀ ਕਿ ਇਹ ਨਸਰਾਲਾ ਨੇੜੇ ਪੈਟਰੋਲ ਪੰਪ 'ਤੇ ਲੁੱਟ ਕਰਨ ਵਾਲੇ ਹਨ।

ਜ਼ਖਮੀ ਹੋਣ ਵਾਲਿਆਂ ਦੀ ਪਛਾਣ ਆਕਾਸ਼ ਵਾਸੀ ਪੱਥਰਾਂ ਕਾਲੋਨੀ ਜਲੰਧਰ ਅਤੇ ਮੋਹਨ ਉਰਫ ਮਨਦੀਪ ਵਾਸੀ ਗੁਰੂ ਅਮਰਦਾਸ ਨਗਰ ਜਲੰਧਰ ਵਜੋਂ ਹੋਈ ਹੈ।

## ਜਾਲ੍ਹੀ ਆਈ ਟੀ ਸੀ ਦਾ ਦਾਅਵਾ ਕਰਨ ਵਾਲਾ ਕਾਬੂ : ਚੀਮਾ



**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਪੰਜਾਬ ਦੇ ਆਬਕਾਰੀ ਅਤੇ ਕਰ ਵਿਭਾਗ ਨੇ ਇੱਕ ਵੱਡੀ ਸਫਲਤਾ ਹਾਸਿਲ ਕਰਦਿਆਂ ਫਤਿਹਗੜ੍ਹ ਸਾਹਿਬ ਪੁਲਸ ਨਾਲ ਇੱਕ ਸਾਂਝੇ ਅਪ੍ਰੇਸ਼ਨ ਰਾਹੀਂ ਇੱਕ ਜੀ ਐੱਸ ਟੀ ਧੋਖਾਧੜੀ ਕਰਨ ਵਾਲੇ ਇੱਕ ਅਜਿਹੇ ਸ਼ਖਸ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਦੇ ਦੁਆਰਾ 3.65 ਕਰੋੜ ਰੁਪਏ ਦਾ ਜਾਲ੍ਹੀ ਇਨਕਮ ਟੈਕਸ ਕ੍ਰੈਡਿਟ ਦਾ ਦਾਅਵਾ ਕੀਤਾ ਗਿਆ ਸੀ। ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਵਿਭਾਗ ਦੇ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਮੁਲਜ਼ਮ ਦੀਪਕ ਸ਼ਰਮਾ ਨੂੰ 25 ਜਨਵਰੀ 2023 ਨੂੰ ਡਿਪਟੀ ਕਮਿਸ਼ਨਰ ਸਟੇਟ ਟੈਕਸ ਲੁਧਿਆਣਾ ਵੱਲੋਂ ਐਕਟ ਦੀ ਧਾਰਾ 74 ਅਧੀਨ 3.65 ਕਰੋੜ ਰੁਪਏ ਦਾ ਜਾਲ੍ਹੀ ਆਈ ਟੀ ਸੀ ਦਾ ਦਾਅਵਾ ਕਰਨ ਬਦਲੇ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ, ਪਰ ਉਸ ਨੇ ਨਾ ਤਾਂ ਟੈਕਸ ਜਮ੍ਹਾਂ ਕਰਵਾਇਆ ਅਤੇ ਨਾ ਹੀ ਕੋਈ ਜਵਾਬ ਦਿੱਤਾ। ਇਸ ਉਪਰੰਤ 13 ਜੂਨ 2023 ਨੂੰ ਵਿਭਾਗ ਵੱਲੋਂ ਐਕਟ ਅਨੁਸਾਰ ਇੱਕ ਆਦੇਸ਼

● ਬਾਕੀ ਸਫ਼ਾ 2 'ਤੇ

CMYK

19-FEB-PAGE-1.qxd 2/18/2024 9:36 PM Page 2



## ਸਲੇਮਪੁਰ ਵਿਖੇ ਵਾਲੀਬਾਲ ਗਰਾਊਂਡ ਦਾ ਉਦਘਾਟਨ



**ਧੂਰੀ (ਰਾਜੇਸ਼ਵਰ ਪਿੰਟੂ, ਬਿਨੀ ਗਰਗ)**-ਲੋਕ ਸਭਾ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਵੱਲੋਂ ਭੇਜੀ ਗਈ ਗ੍ਰਾਂਟ ਨਾਲ ਗਰਾਮ ਪੰਚਾਇਤ ਸਲੇਮਪੁਰ ਵੱਲੋਂ ਬਣਾਏ ਗਏ ਵਾਲੀਬਾਲ ਗਰਾਊਂਡ ਦਾ ਉਦਘਾਟਨ ਬਾਬਾ ਬਹਾਦਰ ਸਿੰਘ ਸੇਵਾਦਾਰ ਗੁਰਦੁਆਰਾ ਸਾਹਿਬ ਸਲੇਮਪੁਰ ਤੇ ਬਾਬਾ ਬੁੱਧ ਦਾਸ ਮਹੰਤ ਡੇਰਾ ਸਲੇਮਪੁਰ ਵੱਲੋਂ ਕੀਤਾ ਗਿਆ। ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਹਰਬੰਸ ਸਿੰਘ ਸਲੇਮਪੁਰ, ਸਰਪੰਚ ਗੁਲਦਾ ਸਿੰਘ ਸਲੇਮਪੁਰ, ਜਗਦੇਵ ਸਿੰਘ ਪ੍ਰਧਾਨ ਕੋਆਪ੍ਰੇਟਿਵ ਸੁਸਾਇਟੀ ਸਲੇਮਪੁਰ, ਸਾਬਕਾ ਸਰਪੰਚ ਗੁਰਬਚਨ ਸਿੰਘ ਸਲੇਮਪੁਰ, ਸਾਬਕਾ ਸਰਪੰਚ ਇੰਦਰਜੀਤ ਸਿੰਘ ਸਲੇਮਪੁਰ, ਰਣਜੀਤ ਸਿੰਘ ਪੰਚ ਸਲੇਮਪੁਰ, ਕੇਵਲ ਸਿੰਘ ਪੰਚ ਸਲੇਮਪੁਰ, ਵੇਦਪਰੀਤ ਸਿੰਘ ਸਕੱਤਰ, ਮੇਜਰ ਸਿੰਘ ਚਹਿਲ, ਮਾਸਟਰ ਜੰਗ ਸਿੰਘ, ਮਹਿੰਦਰ ਸਿੰਘ, ਬਿੱਕਰ ਸਿੰਘ, ਕੁਲਵੰਤ ਸਿੰਘ ਕਾਂਤੀ, ਜੋਗਿੰਦਰ ਸਿੰਘ, ਲਖਵੀਰ ਸਿੰਘ, ਛੋਟਾ ਸਿੰਘ, ਕਰਮਜੀਤ ਸਿੰਘ, ਨਵਨੀਤ ਸਿੰਘ, ਕੁਲਵੰਤ ਸਿੰਘ, ਗੁਰਦੀਪ ਸਿੰਘ, ਜੱਗਰ ਸਿੰਘ, ਸਰਵੀਰ ਸਿੰਘ, ਦਿਲਰਜੀਤ ਸਿੰਘ, ਹਰਮਨ, ਮਨਪ੍ਰੀਤ ਸਿੰਘ ਸੁਖਗਤ ਸਿੰਘ, ਕਰਮਜੀਤ ਸਿੰਘ ਸਮੇਤ ਹੋਰ ਨਗਰ ਨਿਵਾਸੀ ਤੇ ਕਲੱਬ ਦੇ ਮੈਂਬਰ ਹਾਜ਼ਰ ਸਨ।

## ਮੁੱਖ ਮੰਤਰੀ ਐੱਨ ਓ ਸੀ ਸੰਬੰਧੀ ਲੋਕਾਂ ਨਾਲ ਕੀਤਾ ਵਾਅਦਾ ਅਮਲੀ ਰੂਪ 'ਚ ਕਰਨ ਲਾਗੂ : ਚੌਹਾਨ, ਸ਼ਰਮਾ

**ਮਾਨਸਾ (ਆਤਮਾ ਸਿੰਘ ਪਮਾਰ)**

ਪਿਛਲੇ ਲੰਬੇ ਸਮੇਂ ਤੋਂ ਸਮੁੱਚੇ ਪੰਜਾਬ ਵਿੱਚ ਕੁਝ ਕ ਕਲੋਨਾਈਜ਼ਰਾਂ ਵੱਲੋਂ ਅਣ ਅਧਿਕਾਰਿਤ ਕਲੋਨੀਆਂ ਦੀ ਉਸਾਰੀ ਕਰਨ ਕਰਕੇ ਇਹਨਾਂ ਕਲੋਨੀਆਂ ਵਿੱਚ ਮਕਾਨ ਖਰੀਦਣ ਵਾਲੇ ਲੋਕਾਂ ਨੂੰ ਬਿਜਲੀ ਪਾਣੀ ਅਤੇ ਸੀਵਰੇਜ ਦੇ ਕਨੈਕਸ਼ਨ ਲੈਣ ਵਿੱਚ ਦਿੱਕਤਾਂ ਆ ਰਹੀਆਂ ਸਨ, ਜਿਸ ਕਰਕੇ ਸਮੁੱਚੇ ਪੰਜਾਬ ਵਿੱਚ ਵੱਡੇ ਪੱਧਰ ਤੇ ਰੋਸ਼ਾ ਪੈ ਗਿਆ ਸੀ ਸਿੱਟੇ ਵਜੋਂ ਪੰਜਾਬ ਵਿੱਚ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਨੂੰ ਹਰ ਤਰ੍ਹਾਂ ਦੀ ਰਜਿਸਟਰੀ ਕਰਵਾਉਣ ਲਈ ਇਤਰਾਜ਼ਹੀਣਤਾ ਸਰਟੀਫਿਕੇਟ ਲੈਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ।ਅਜਿਹਾ ਹੋਣ ਨਾਲ ਆਮ ਲੋਕਾਂ ਨੂੰ ਘਰੇਲੂ ਜ਼ਰੂਰਤਾਂ ਪੂਰੀਆਂ ਕਰਨ ਲਈ ਆਪਣਾ ਛੋਟਾ ਮੋਟਾ ਮਕਾਨ, ਪਲਾਟ , ਦੁਕਾਨ ਆਦਿ ਖਰੀਦਣ/ ਵੇਚਣ ਲਈ ਐਨ ਓ ਸੀ ਲੈਣ ਲਈ ਮਹੀਨਿਆਂ ਬੱਧੀ ਦਫਤਰਾਂ ਦੇ ਚੱਕਰ ਮਾਰਨ ਤੋਂ ਇਲਾਵਾ ਕਥਿਤ ਰਿਸ਼ਵਤ ਆਦਿ ਮੰਗਣ ਦੇ ਮਾਮਲੇ ਵੀ ਚਰਚਾ ਵਿੱਚ ਆਉਂਦੇ ਰਹੇ ਹਨ, ਜਿਸ ਕਾਰਨ ਲੋਕਾਂ ਵਿੱਚ ਰਜਿਸਟਰੀਆਂ ਨੂੰ ਲੈ ਕੇ ਹਾਹਾਕਾਰ ਮੱਚੀ ਹੋਈ ਸੀ। ਜਿਲ੍ਹਾ ਅਤੇ ਤਹਿਸੀਲ ਪੱਧਰਾਂ 'ਤੇ ਸਥਾਨਕ ਜਥੇਬੰਦੀਆਂ ਤੋਂ ਇਲਾਵਾ ਪ੍ਰਾਪਰਟੀ ਦੇ ਕਿੱਤੇ ਨਾਲ ਸੰਬੰਧਿਤ ਯੂਨੀਅਨਾਂ ਵੀ ਸਬੰਧਤ ਅਧਿਕਾਰੀਆਂ ਨੂੰ ਇਸ ਦੇ ਢੁਕਵੇਂ ਹੱਲ ਲਈ ਮਿਲਦੀਆਂ ਰਹਿੰਦੀਆਂ ਸਨ।ਉਕਤ ਸਮੱਸਿਆਵਾਂ ਨੂੰ ਧਿਆਨ ਹਿਤ ਰੱਖਦਿਆਂ ਪਿਛਲੇ ਦਿਨੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇੱਕ ਟਵੀਟ ਰਾਹੀਂ ਪੰਜਾਬ ਦੀ ਜਨਤਾ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਸਰਕਾਰ ਜਲਦੀ ਹੀ ਇਸ ਅਹਿਮ ਅਤੇ ਸੰਵੇਦਨਸ਼ਲ ਸਮੱਸਿਆ ਦਾ ਕੋਈ ਢੁਕਵਾਂ ਹੱਲ ਲੱਭ ਕੇ ਵਿਸਥਾਰਿਥਤ ਵੇਰਵੇ ਲਿਖਤੀ ਰੂਪ ਵਿੱਚ ਜਾਰੀ ਕਰੇਗੀ ਉਹਨਾਂ ਦੇ ਇਸ ਐਲਾਨ ਨਾਲ ਆਮ ਜਨਤਾ ਤੋਂ ਇਲਾਵਾ, ਪੀੜਤ ਧਿਰਾਂ ਅਤੇ ਵਿਸ਼ੇਸ਼ ਕਰਕੇ ਪ੍ਰਾਪਰਟੀ ਦੇ ਕਿੱਤੇ ਨਾਲ ਜੁੜੇ ਲੱਖਾਂ ਪ੍ਰਾਪਰਟੀ ਡੀਲਰਾਂ ਵਿੱਚ ਖੁਸ਼ੀ ਲਹਿਰ ਦੌੜ ਗਈ ਸੀ ।ਪਰੰਤੂ ਅਫਸੋਸ ਇੰਨੇ ਦਿਨ ਬੀਤਣ ਦੇ ਬਾਵਜੂਦ ਵੀ ਸਰਕਾਰੀ ਤੌਰ ਤੇ ਐਨਓਸੀ ਸਬੰਧੀ ਅਜੇ ਤੱਕ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਸਕਿਆ।ਸਾਡੇ ਇਸ ਪ੍ਰਤੀਨਿਧ ਵੱਲੋਂ ਵੱਖ ਵੱਖ ਰਾਜਨੀਤਿਕ ਧਿਰਾਂ, ਪ੍ਰੋਪਰਟੀ ਦੇ ਕਿੱਤੇ ਨਾਲ ਸੰਬੰਧਿਤ ਜਥੇਬੰਦੀਆਂ ਅਤੇ ਆਮ ਲੋਕਾਂ ਨਾਲ ਜਦੋਂ ਰਾਬਤਾ ਕਾਇਮ ਕੀਤਾ ਗਿਆ ਤਾਂ ਉਹਨਾਂ ਦੱਸਿਆ ਕਿ ਅਸੀਂ ਤਾਂ ਸਰਕਾਰੀ ਨੋਟੀਫਿਕੇਸ਼ਨ ਨੂੰ ਬੜੀ ਬੇਸਬਰੀ ਨਾਲ ਉਡੀਕ ਰਹੇ ਹਾਂ।ਇਸ ਸਮੇਂ ਉਹਨਾਂ ਦੇ ਚਿਹਰਿਆਂ ਤੋਂ ਨੋਟੀਫਿਕੇਸ਼ਨ ਸਬੰਧੀ ਦੇਰੀ ਹੋਣ ਕਾਰਨ ਨਿਰਾਸਤਾ ਅਤੇ ਗੁੱਸਾ ਸਾਫ ਸਾਫ ਝਲਕ ਰਿਹਾ ਸੀ।ਸੀ ਪੀ ਆਈ ਦੇ ਜਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਅਤੇ ਪ੍ਰੋਪਰਟੀ ਡੀਲਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸ਼ਰਮਾ ਨੇ ਗੱਲਬਾਤ ਕਰਦਿਆਂ ਮੁੱਖ ਮੰਤਰੀ ਮਾਨ ਸਾਹਿਬ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਜਨਤਾ ਨਾਲ ਕੀਤੇ ਆਪਣੇ ਵਾਅਦੇ ਨੂੰ ਅਮਲੀ ਰੂਪ ਵਿੱਚ ਲਾਗੂ ਕਰਕੇ ਇਸ ਸੰਵੇਦਨਸ਼ੀਲ ਸਮੱਸਿਆ ਦਾ ਕੋਈ ਢੁੱਕਵਾਂ ਹੱਲ ਲੱਭਣ ਦਾ ਯਤਨ ਕਰਨ।ਉਹਨਾਂ ਮੰਗ ਕੀਤਾ ਕਿ ਜਿੱਥੇ ਆਮ ਲੋਕ ਬੁਰੀ ਤਰ੍ਹਾਂ ਪੀੜਤ ਹਨ ਉੱਥੇ ਹੀ ਪ੍ਰੋਪਰਟੀ ਦੇ ਕਿੱਤੇ ਨਾਲ ਜੁੜੇ ਲੱਖਾਂ ਲੋਕ ਵੀ ਭੁੱਖ ਮਰੀ ਦੀ ਕਗਾਰ ਤੇ ਪਹੁੰਚ ਰਹੇ ਹਨ।ਵੱਖ ਵੱਖ ਰਾਜਸੀ ਧਿਰਾਂ ਅਤੇ ਜਥੇਬੰਦੀਆਂ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਸਰਕਾਰ ਨੇ ਐਨ ਓ ਸੀ ਸਬੰਧੀ ਨੋਟੀਫਿਕੇਸ਼ਨ ਜਲਦ ਜਾਰੀ ਨਾ ਕੀਤਾ ਤਾਂ ਉਹ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।ਇਸ ਦੀ ਸਾਰੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ।ਇਸ ਸਮੇਂ ਇੰਦਰ ਸੈਨ ਅਕਲੀਆ, ਪ੍ਰੇਮ ਕੁਮਾਰ ਅਰੋੜਾ ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮਾਨਸਾ, ਸੋਹਣ ਲਾਲ ਮਿੱਤਲ ਵਾਈਸ ਪ੍ਰਧਾਨ, ਮਨੀਸ਼ ਕੁਮਾਰ ਮਨੀ, ਮੱਖਣ ਸਿੰਘ, ਰਾਮਪਾਲ, ਧੰਨਾ ਮਲ ਗੋਇਲ, ਐਮ ਸੀ, ਸੁਨੀਲ ਕੁਮਾਰ ਸ਼ੀਲਾ, ਮਨੀਸ਼ ਕੁਮਾਰ ਬੱਬੀ ਦਾਨੇਵਾਲੀਆ ਵਿਸ਼ਾਲ ਜੈਨ ਗੋਲਡੀ ਅਤੇ ਬਿੱਟੂ ਸ਼ਰਮਾ ਭੁਪਾਲ ਆਦਿ ਵੀ ਉਹਨਾਂ ਦੇ ਨਾਲ ਹਾਜ਼ਰ ਸਨ।



**ਸਾਡੀ ਸ਼ਾਖਾ ਦੇ ਪਲੈਟੀਨਮ ਗ੍ਰਾਹਕ ਐੱਨ ਆਰ ਆਈ ਸ੍ਰੀ ਬਲਬੀਰ ਸਿੰਘ ਦਵੇਂਟ ਅੱਜ ਸਾਡੀ ਲੁਧਿਆਣਾ ਵਿਖੇ ਬ੍ਰਾਂਚ 'ਚ ਆਏ। ਉਨ੍ਹਾਂ ਨੂੰ ਬ੍ਰਾਂਚ ਦੇ ਸਟਾਫ ਨਾਲ ਸਨਮਾਨਤ ਕੀਤਾ ਗਿਆ। ਉਨ੍ਹਾ ਸਾਡੀ ਬੈਂਕ ਦੀਆਂ ਵਧੀਆ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਸਾਨੂੰ ਅੱਗੇ ਤੋਂ ਹੋਰ ਬਿਜ਼ਨਸ ਦੇਣ ਦਾ ਵਾਅਦਾ ਕੀਤਾ। ਅਸੀਂ ਉਨ੍ਹਾ ਦਾ ਚਿਰ ਸਥਾਈ ਗ੍ਰਾਹਕ ਬਣੇ ਰਹਿਣ ਦਾ ਧੰਨਵਾਦ ਕੀਤਾ ਅਤੇ ਭਵਿੱਖ 'ਚ ਚੰਗੀਆਂ ਸੇਵਾਵਾਂ ਦੇਣ ਦਾ ਭਰੋਸਾ ਦਿਵਾਇਆ।**

## ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਬਜੀਦਪੁਰ 'ਚ ਇਨਾਮ ਵੰਡ ਸਮਾਰੋਹ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੇ ਵਿੱਦਿਅਕ ਅਦਾਰੇ ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਬਜੀਦਪੁਰ ਵਿਖੇ ਪ੍ਰਿੰਸੀਪਲ ਡਾ. ਹਰਜੀਤ ਕੌਰ ਸਿੱਧੂ ਦੀ ਸੁਚੱਜੀ ਅਗਵਾਈ ਅਧੀਨ 16ਵਾਂ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਦੀ ਸ਼ੁਰੂਆਤ ਸਕੂਲ ਦੇ ਸਟਾਫ ਵੱਲੋਂ ਸ਼ਬਦ ਗਾਇਨ ਕਰਕੇ ਕੀਤੀ ਗਈ।ਉਸ ਉਪਰੰਤ ਪ੍ਰਿੰਸੀਪਲ ਵੱਲੋਂ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹੀ ਗਈ, ਜਿਸ ਵਿੱਚ ਉਨ੍ਹਾਂ ਨੇ ਸਕੂਲ ਦੀਆਂ ਅਕਾਦਮਿਕ ਤੇ ਸਹਿ-ਅਕਾਦਮਿਕ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਅਤੇ ਆਏ ਮਹਿਮਾਨ ਨੂੰ ਜੀ ਆਇਆਂ ਆਖਿਆ।ਉਸ ਤੋਂ ਬਾਅਦ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੇ ਗੀਤ ਸੰਗੀਤ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ ਅਤੇ ਸਮਾਜਿਕ ਸੇਧ ਦੇਣ ਲਈ ਕਈ ਸਮਾਜਿਕ ਵਿਸ਼ਿਆਂ ਨੂੰ ਛੂਹਿਆ।ਇਸ ਵਿੱਚ ਛੇਵੇਂ ਪਾਤਸ਼ਾਹ ਵੱਲੋਂ ਦਿੱਤੀ ਦਾਤ ਮਾਰਸ਼ਲ ਆਰਟ (ਗਤਕਾ) ਦੀ ਪੇਸ਼ਕਾਰੀ ਕੀਤੀ ਗਈ।ਇਸ ਮੌਕੇ ਜੋਗਿੰਦਰ ਸਿੰਘ ਜਿੰਦੂ ਸਾਬਕਾ ਐੱਮ ਐੱਲ ਏ ਵਿਸ਼ੇਸ਼ ਮਹਿਮਾਨ ਰੂਪ ਵਿੱਚ ਪਹੁੰਚੇ।ਉਨ੍ਹਾ ਨਾਲ ਜਥੇਦਾਰ ਗੁਰਮੀਤ ਸਿੰਘ ਬੂਹ ਮੈਂਬਰ ਐੱਸਜੀਪੀਸੀ, ਜਥੇਦਾਰ ਦਰਸ਼ਨ ਸਿੰਘ ਸ਼ੇਰ ਖਾਂ ਮੈਂਬਰ ਐੱਸਜੀਪੀਸੀ, ਜਥੇਦਾਰ ਬਲਵਿੰਦਰ ਸਿੰਘ ਭੰਬਾ ਲੰਡਾ, ਗੁਰਪ੍ਰਤਾਪ ਸਿੰਘ ਇੰਚਾਰਜ਼ ਟਰੱਸਟ ਬ੍ਰਾਂਚ ਐਜੂਕੇਸ਼ਨ, ਪ੍ਰਿੰਸੀਪਲ ਕੁਲਵਿੰਦਰ ਸਿੰਘ ਸ਼ਤਾਬਦੀ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ, ਜਸਪਾਲ ਸਿੰਘ ਮੀਤ ਮੈਨੇਜਰ ਗੁਰਦੁਆਰਾ ਗੁਰੂਸਰ ਜਾਮਣੀ ਸਾਹਿਬ, ਉਨ੍ਹਾਂ ਦੀ ਸਮੁੱਚੀ ਟੀਮ, ਬਸੰਤ ਟੂਰਨਾਮੈਂਟ ਦੀ ਸਮੂਹ ਟੀਮ ਤੇ ਇਲਾਕੇ ਦੇ ਪੰਚ-ਸਰਪੰਚ ਹਾਜ਼ਰ ਸਨ।

## ਸੁਨਾਮ ਨੇਤਰ ਬੈਂਕ ਸਮਿਤੀ ਵੱਲੋਂ ਅੱਖਾਂ ਦਾ ਮੁਫਤ ਆਪ੍ਰੇਸ਼ਨ ਕੈਂਪ

**ਸੁਨਾਮ ਊਧਮ ਸਿੰਘ ਵਾਲਾ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**-



ਸੁਨਾਮ ਨੇਤ੍ਰ ਬੈਂਕ ਸਮਿਤੀ ਵੱਲੋਂ 62ਵਾਂ ਫ੍ਰੀ ਅੱਖਾਂ ਦੇ ਆਪ੍ਰੇਸ਼ਨ ਕੈਂਪ ਸਵ: ਸ਼੍ਰੀ ਬਲਦੇਵ ਗੋਇਲ ਦੀ ਯਾਦ ਵਿੱਚ ਉਨ੍ਹਾ ਦੀ ਧਰਮਪਤਨੀ ਸ਼੍ਰੀਮਤੀ ਸੁਮਿੱਤਰਾ ਗੋਇਲ, ਬੇਟਾ ਸ਼੍ਰੀ ਪ੍ਰੇਮ ਗੋਇਲ ਤੇ ਬੇਟੀ ਸ਼੍ਰੀਮਤੀ ਮੀਨਾ ਗੋਇਲ ਦੇ ਸੇਵਾ ਸਹਿਯੋਗ ਨਾਲ ਸੇਠ ਸੋਹਣ ਲਾਲ ਜੈਨ ਮੈਮੋਰੀਅਲ ਸੁਨਾਮ ਨੇਤ੍ਰ ਬੈਂਕ ਸਮਿਤੀ ਚੈਰੀਟੇਬਲ ਹਸਪਤਾਲ ਵਿਖੇ ਲਗਾਇਆ ਗਿਆ।38 ਮਰੀਜ਼ਾਂ ਨੂੰ ਆਪ੍ਰੇਸ਼ਨ ਲਈ ਹਾਂਡਾ ਹਸਪਤਾਲ ਪਟਿਆਲਾ ਵਿਖੇ ਬੱਸ ਰਾਹੀਂ ਭੇਜਿਆ ਗਿਆ।ਇਸ ਕੈਂਪ ਵਿੱਚ ਐਡਵੋਕੇਟ ਸੁਭਾਸ਼ ਗੋਇਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਿਤੀ ਦੇ ਚੇਅਰਮੈਨ ਪ੍ਰਿਤਪਾਲ ਸਿੰਘ ਹਾਂਡਾ ਨੇ ਕਿਹਾ ਕੇ ਸਮਾਜ ਦੇ ਏਡੇ ਵੱਡੇ ਪੁੰਨ ਦੇ ਕੰਮ ਵਿੱਚ ਜੋ ਸਹਿਯੋਗ ਗੋਇਲ ਪਰਿਵਾਰ ਨੇ ਦਿੱਤਾ ਹੈ, ਸਮਿਤੀ ਇਸ ਦੀ ਹਮੇਸ਼ਾ ਰਿਣੀ ਰਹੇਗੀ।ਉਨ੍ਹਾ ਕਿਹਾ ਕੇ ਸਮਿਤੀ ਅੱਖਾਂ ਦੇ ਉਪਰੇਸ਼ਨ ਵਿੱਚ ਦੂਰ ਦੁਰਾਡੇ ਪਿੰਡਾਂ ਤੇ ਸ਼ਹਿਰਾਂ ਵਿੱਚ ਅਪਣੀ ਪਹਿਚਾਣ ਇੱਕ ਸਮਾਜ ਦੀ ਸੇਵਾ ਵਿੱਚ ਬਣਾ ਚੁੱਕੀ ਹੈ। ਸਰਪ੍ਰਸਤ ਗੋਪਾਲ ਸ਼ਰਮਾ ਨੇ ਦੱਸਿਆ ਕਿ ਸਮਿਤੀ ਹੁਣ ਤੱਕ 14796/- ਆਪ੍ਰੇਸ਼ਨ ਕਰਵਾ ਚੁੱਕੀ ਹੈ।ਜਿਸ ਕਿਸੀ ਵੀ ਮਰੀਜ਼ ਨੂੰ ਅੱਖਾਂ ਦੇ ਚਿੱਟਾ ਮੋਤੀਆਂ ਦੇ ਆਪ੍ਰੇਸ਼ਨ ਦੀ ਜ਼ਰੂਰਤ ਹੈ, ਉਹ ਸਾਡੇ ਕਿਸੀ ਵੀ ਮੈਂਬਰ ਨਾਲ ਸੰਪਰਕ ਕਰ ਸਕਦਾ ਹੈ।ਨਰਿੰਦਰ ਪਾਲ ਸ਼ਰਮਾ (ਸੈਕਟਰੀ ਮਾਰਕਿਟ ਕਮੇਟੀ) ਨੇ ਕੈਂਪ ਬਾਰੇ ਜਾਣਕਾਰੀ ਮਰੀਜ਼ਾਂ ਨਾਲ ਸਾਂਝੀ ਕੀਤੀ।ਸਮਿਤੀ ਦੇ ਮੈਂਬਰ ਨੇ ਐਡਵੋਕੇਟ ਸੁਭਾਸ਼ ਗੋਇਲ ਨੂੰ ਸਿਰੋਪਾ ਪਾ ਕੇ ਸਨਮਾਨਤ ਕੀਤਾ। ਐਡਵੋਕੇਟ ਸੁਭਾਸ਼ ਗੋਇਲ ਨੇ ਕਿਹਾ ਕਿ ਸਾਡੇ ਸਤਿਕਾਰ ਯੋਗ ਭਰਾ ਸਵ: ਬਲਦੇਵ ਗੋਇਲ ਦੀ ਯਾਦ ਵਿੱਚ ਇੰਗਲੈਂਡ ਰਹਿੰਦੇ ਪਰਿਵਾਰ, ਜਿਸ ਵਿੱਚ ਸਾਡੇ ਸਤਿਕਾਰ ਯੋਗ ਭਰਜਾਈ ਸੁਮਿੱਤਰਾ ਗੋਇਲ, ਉਨ੍ਹਾਂ ਦੇ ਬੇਟਾ ਪ੍ਰੇਮ ਗੋਇਲ ਤੇ ਬੇਟੀ ਮੀਨਾ ਗੋਇਲ ਹਮੇਸ਼ਾ ਹੀ ਸਮਾਜ ਦੇ ਪੁੰਨ ਦੇ ਕੰਮਾਂ ਲਈ ਯਤਨਸ਼ੀਲ ਰਹਿੰਦੇ ਹਨ। ਪ੍ਰੋਜੈਕਟ ਚੇਅਰਮੈਨ ਭੂਸ਼ਣ ਕਾਂਸਲ ਨੇ ਕਿਹਾ ਸੰਗਰੂਰ, ਮਾਨਸਾ, ਬਰਨਾਲਾ ਜ਼ਿਲ੍ਹੇ ਦੇ ਪਿੰਡਾਂ ਵਿੱਚ ਗੁਰਦੁਆਰਾ ਸਾਹਿਬ ਤੇ ਪਬਲਿਕ ਜਗ੍ਹਾ 'ਤੇ ਫਲੈਕਸਾਂ ਰਾਹੀਂ ਗ਼ਰੀਬ ਲੋਕਾਂ ਤੱਕ ਪਹੁੰਚ ਕੀਤੀ ਜਾਂਦੀ ਹੈ ਤਾਂ ਜੋ ਕੋਈ ਵੀ ਗ਼ਰੀਬ ਅੱਖਾਂ ਦੀ ਰੋਸ਼ਨੀ ਤੋਂ ਵਾਂਝਾ ਨਾ ਰਹੇ।ਸ਼ਿਵ ਜੈਨ ਤੇ ਮੁਕੇਸ਼ ਗੋਇਲ ਨੇ ਸਾਰੇ ਮਰੀਜ਼ਾਂ ਦੀ ਸਮਰੀ ਬਣਾਈ।ਇਸ ਮੌਕੇ ਰਾਜਿੰਦਰ ਸ਼ਰਮਾ, ਗਿਆਨ ਸਿੰਘ ਸੰਧੇ, ਪ੍ਰਮੋਦ ਕੁਮਾਰ ਨੀਟੂ, ਰਣਜੀਤ ਤੁੰਗ ਆਦਿ ਹਾਜ਼ਰ ਸਨ।

## ਨਸ਼ਾ ਵਿਰੋਧੀ ਫਰੰਟ ਦਾ ਵਫਦ ਡੀ ਐਸ ਪੀ ਨੂੰ ਮਿਲਿਆ

**ਗੁਰੂਹਰਸਹਾਏ (ਦੀਪਕ ਵਧਾਵਨ)**



ਨਸ਼ਾ ਵਿਰੋਧੀ ਫਰੰਟ ਗੁਰੂਹਰਸਹਾਏ ਦਾ ਇੱਕ ਵਫਦ ਫਰੰਟ ਕਨਵੀਨਰ ਧਰਮ ਸਿੰਘ ਸਿੱਧੂ, ਸਕੱਤਰ ਸਾਬਕਾ ਐਸ ਡੀ ਓ ਸੁਰਜੀਤ ਸਿੰਘ ਅਤੇ ਕੈਸ਼ੀਅਰ ਨਰੇਸ਼ ਸੇਠੀ ਅਤੇ ਗੁਰਮੀਤ ਸਿੰਘ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਅਗਵਾਈ ਵਿੱਚ ਡੀ ਐਸ ਪੀ ਗੁਰੂ ਹਰ ਸਹਾਇ ਅਤੁਲ ਸੋਨੀ ਨੂੰ ਮਿਲਿਆ।ਇਸ ਮੌਕੇ ਫਰੰਟ ਦੇ ਆਗੂਆਂ ਨੇ ਡੀ ਐਸ ਪੀ ਅਤੁਲ ਸੋਨੀ ਨੂੰ ਇੱਕ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਕਿ ਹਲਕਾ ਗੁਰੂ ਹਰ ਸਹਾਇ ਦੇ ਵਿੱਚ ਪਿਛਲੇ ਲੰਬੇ ਸਮੇਂ ਤੋਂ ਨਸ਼ਿਆਂ ਦਾ ਕਾਰੋਬਾਰ ਵੱਡੇ ਪੱਧਰ 'ਤੇ ਚੱਲ ਰਿਹਾ ਹੈ ਜਿਸ ਕਾਰਨ ਹਲਕੇ ਦੇ ਸੈਂਕੜੇ ਨੌਜਵਾਨ ਇਸ ਅਲਾਮਤ ਦਾ ਸ਼ਿਕਾਰ ਹੋ ਕੇ ਆਪਣੀ ਜ਼ਿੰਦਗੀ ਅਤੇ ਆਪਣਾ ਘਰ ਬਾਰ ਬਰਬਾਦ ਕਰ ਚੁੱਕੇ ਹਨ।ਇਹ ਨਸ਼ਾ ਸਮਾਜ ਦੀ ਸਾਹ ਰਗ ਵਿੱਚ ਫੈਲਿਆ ਇੱਕ ਅਜਿਹਾ ਜਹਿਰ ਹੈ ਜੋ ਹੌਲੀ ਹੌਲੀ ਸਮਾਜ ਨੂੰ ਵੀ ਖਤਮ ਕਰਨ ਵਾਲੇ ਪਾਸੇ ਲੈ ਕੇ ਜਾ ਰਿਹਾ ਹੈ।ਆਗੂਆਂ ਨੇ ਚਿੰਤਾ ਜਾਹਰ ਕਰਦਿਆਂ ਕਿਹਾ ਕਿ ਏਨਾ ਵੱਡਾ ਪੁਲਸ ਪ੍ਰਬੰਧ ਹੋਣ ਦੇ ਬਾਵਜੂਦ ਵੀ ਸਮਾਜ ਵਿੱਚ ਨਸ਼ਿਆਂ ਦੇ ਸੌਦਾਗਰ ਸ਼ਰੇਆਮ ਸਾਡੀ ਨੌਜਵਾਨ ਪੀੜ੍ਹੀ ਨੂੰ ਬਰਬਾਦ ਕਰ ਰਹੇ ਹਨ ਪਰ ਕਾਨੂੰਨ ਵੱਲੋਂ ਉਹਨਾਂ ਖਿਲਾਫ ਕੋਈ ਪੁਖਤਾ ਕਾਰਵਾਈ ਨਹੀਂ ਕੀਤੀ ਜਾ ਰਹੀ। ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਉਕਤ ਨਸ਼ਿਆਂ ਤੋਂ ਇਲਾਵਾ ਹਲਕੇ ਵਿੱਚ ਸ਼ਰੇਆਮ ਲੁੱਟਾਂ ਖੋਹਾਂ, ਚੋਰੀਆਂ, ਡਕੈਤੀਆਂ ਮਾਰਧਾੜ ਅਤੇ ਅਨੇਕਾਂ ਹੀ ਜੁਰਮ ਹੋ ਰਹੇ ਹਨ, ਪਰ ਕਿਸੇ ਨੂੰ ਵੀ ਇਨਸਾਫ ਨਹੀਂ ਮਿਲ ਰਿਹਾ।ਉਹਨਾਂ ਮੰਗ ਕੀਤੀ ਕਿ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਸਮਾਜ ਵਿਰੋਧੀ ਅੰਸਰਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰਕੇ ਆਮ ਲੋਕਾਂ ਦੇ ਜਾਨ ਮਾਲ ਦੀ ਰਾਖੀ ਕੀਤੀ ਜਾਵੇ।ਆਗੂਆਂ ਦੀ ਗੱਲਬਾਤ ਸੁਣਨ ਅਤੇ ਮੰਗ ਪੱਤਰ ਲੈਣ ਤੋਂ ਬਾਅਦ ਡੀ ਐਸ ਪੀ ਅਤੁਲ ਸੋਨੀ ਨੇ ਆਗੂਆਂ ਨੂੰ ਵਿਸ਼ਵਾਸ ਦਵਾਇਆ ਕੇ ਉਹ ਇੱਕ ਮਹੀਨੇ ਦੇ ਅੰਦਰ ਅੰਦਰ ਹਲਕਾ ਗੁਰੂ ਹਰ ਸਾਏ ਦੇ ਵਿੱਚ ਨਸ਼ਿਆਂ ਨੂੰ ਮੁਕੰਮਲ ਤੌਰ 'ਤੇ ਖਤਮ ਕਰ ਦੇਣਗੇ। ਡੀ ਐਸ ਪੀ ਨੂੰ ਮੰਗ ਪੱਤਰ ਦੇਣ ਉਪਰੰਤ ਨਸ਼ਾ ਵਿਰੋਧੀ ਫਰੰਟ ਦੇ ਆਗੂਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਨੂੰ ਉਮੀਦ ਹੈ ਕਿ ਡੀ ਐਸ ਪੀ ਅਤੁਲ ਸੋਨੀ ਨਸ਼ਿਆਂ ਦੇ ਸੌਦਾਗਰਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਨਗੇ। ਪਰ ਜੇਕਰ ਇੱਕ ਮਹੀਨੇ ਦੇ ਅੰਦਰ ਅੰਦਰ ਹਲਕੇ ਅੰਦਰ ਨਸ਼ਿਆਂ ਨੂੰ ਠੱਲ ਨਾ ਪਾਈ ਗਈ ਤਾਂ ਨਸ਼ਾ ਵਿਰੋਧੀ ਫਰੰਟ ਸੰਘਰਸ਼ ਨੂੰ ਹੋਰ ਤਿੱਖਾ ਕਰੇਗਾ ਅਤੇ ਨਸ਼ਿਆਂ ਨੂੰ ਸਮਾਜ ਵਿੱਚੋਂ ਜੜ ਤੋਂ ਖਤਮ ਕਰਨ ਤੱਕ ਸੰਘਰਸ਼ ਜਾਰੀ ਰੱਖੇਗਾ।ਇਸ ਵਫਦ ਵਿੱਚ ਉਹਨਾਂ ਨਾਲ ਹੋਰਨਾਂ ਤੋਂ ਇਲਾਵਾ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਜਸਵਿੰਦਰ ਬਰਾੜ, ਅੰਗਰੇਜ ਸਿੰਘ, ਸੱਤਪਾਲ ਸਿੰਘ, ਪ੍ਰਤਾਪ ਸਿੰਘ ਲਖਮੀਰਪੁਰਾ ਆਦਿ ਹਾਜ਼ਰ ਸਨ।

## ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਵਿਧਾਇਕਾਂ ਦੇ ਘਰਾਂ ਵੱਲ ਮਾਰਚ ਕਰਨ ਦਾ ਐਲਾਨ



**ਪਟਿਆਲਾ** : ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਪਟਿਆਲਾ ਵਿਖੇ ਸਰਗਰਮ ਆਗੂਆਂ ਦੀ ਮੀਟਿੰਗ ਕੀਤੀ ਗਈ ਜਿਸ ਵਿੱਚ ਜ਼ੋਨਲ ਕਮੇਟੀ ਦੇ ਸੱਦੇ ਨੂੰ ਲਾਗੂ ਕਰਦੇ ਹੋਏ ਮਜ਼ਦੂਰਾਂ ਦੀਆਂ ਭਖਵੀਆਂ ਮੰਗਾਂ ਦੇ ਹੱਲ ਲਈ ਪਟਿਆਲਾ ਜ਼ਿਲ੍ਹੇ ਵਿੱਚ ਪੈਂਦੇ ਪਟਿਆਲਾ ਦਿਹਾਤੀ ਦੇ ਐੱਮ ਐੱਲ ਏ ਸਿਹਤ ਮੰਤਰੀ ਡਾਕਟਰ ਬਲਬੀਰ ਅਤੇ ਐੱਮਐੱਲਏ ਸਮਾਣਾ ਚੇਤਨ ਸਿੰਘ ਜੌੜਾਮਾਜਰਾ ਦੇ ਘਰ ਵੱਲ 20 ਨੂੰ ਮਾਰਚ ਕਰਨ ਦਾ ਐਲਾਨ ਕੀਤਾ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ,ਮੀਤ ਪ੍ਰਧਾਨ ਗੁਰਵਿੰਦਰ ਬੌੜਾ, ਆਗੂ ਧਰਮਵੀਰ ਹਰੀਗੜ੍ਹ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਪਿਛਲੇ ਦਿਨੀਂ 13 ਫਰਵਰੀ ਨੂੰ ਜ਼ਮੀਨੀ ਸੁਧਾਰ ਕਾਨੂੰਨ ਲਾਗੂ ਕਰਨ, ਲਾਲ ਲਕੀਰ ਅੰਦਰ ਆਉਂਦੇ ਮਕਾਨਾਂ ਦੇ ਮਾਲਕੀ ਹੱਕ ਲੈਣ ਲਈ ਅਤੇ ਹੋਰ ਮੰਗਾਂ ਨੂੰ ਲੈ ਕੇ ਐੱਸਡੀਐੱਮ ਦਫ਼ਤਰਾਂ ਅੱਗੇ ਧਰਨੇ ਲਾਉਣ ਦਾ ਐਲਾਨ ਕੀਤਾ ਸੀ ਪਰ ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨਾਂ ਵੱਲੋਂ 16 ਫਰਵਰੀ ਪੇਂਡੂ ਭਾਰਤ ਬੰਦ ਦੇ ਸੱਦੇ ਕਾਰਨ ਪ੍ਰੋਗਰਾਮ ਅੱਗੇ ਕਰਨ ਦਾ ਫੈਸਲਾ ਕੀਤਾ ਗਿਆ ਸੀ।13 ਫਰਵਰੀ ਦੇ ਪ੍ਰੋਗਰਾਮ ਦੇ ਸੰਘਰਸ਼ ਦੀ ਰੂਪ-ਰੇਖਾ ਨੂੰ ਬਦਲਦੇ ਹੋਏ ਵਿਧਾਇਕਾਂ ਦੇ ਘਰਾਂ ਦੇ ਵੱਲ ਮਾਰਚ ਕੀਤਾ ਜਾਵੇਗਾ।ਆਗੂਆਂ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਸਰਕਾਰਾਂ ਮਜ਼ਦੂਰਾਂ ਦੀਆਂ ਵੋਟਾਂ ਹਾਸਲ ਕਰਨ ਲਈ ਮਜ਼ਦੂਰਾਂ ਨਾਲ ਬਹੁਤ ਸਾਰੇ ਵਾਅਦੇ ਕਰਦੀਆਂ ਰਹੀਆਂ ਹਨ ਪਰ ਸੱਤਾ ਸੰਭਾਲਦੇ ਹੀ ਮਜ਼ਦੂਰਾਂ ਨਾਲ ਮਤਰੇਈ ਮਾਂ ਤੋਂ ਵੀ ਮਾੜਾ ਸਲੂਕ ਕਰਨਾ ਸ਼ੁਰੂ ਕਰ ਦਿੰਦੀਆਂ ਹਨ ।ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੀ ਅਜਿਹਾ ਹੀ ਕੀਤਾ ਹੈ ਗਿਆ ਹੈ।ਆਪ ਸਰਕਾਰ ਵੱਲੋਂ ਮੰਗਾਂ ਮੰਨਣ ਤੋਂ ਬਾਅਦ ਵੀ ਲਾਗੂ ਨਹੀਂ ਕੀਤਾ ਗਿਆ।ਸਰਕਾਰ ਵੱਲੋਂ ਲੈਂਡ ਸੀਲਿੰਗ ਐਕਟ ਲਾਗੂ ਕਰਨ, ਮੇਰਾ ਘਰ ਮੇਰੇ ਨਾਮ ਤਹਿਤ ਲਾਲ ਲਕੀਰ ਆਉਂਦੇ ਮਕਾਨਾਂ ਦੀ ਰਜਿਸਟਰੀ ਕਰਨ, ਨਜ਼ੂਲ ਸੁਸਾਇਟੀ ਦੀਆਂ ਜ਼ਮੀਨਾਂ ਸੁਸਾਇਟੀ ਦੇ ਮੈਂਬਰਾਂ ਦੇ ਨਾਮ ਕਰਨ, ਲੋੜਵੰਦ ਪਰਿਵਾਰਾਂ ਲਈ 5-5 ਮਰਲੇ ਪਲਾਟਾਂ ਦੇਣ ਦੀ ਥਾਂ ਤਰ੍ਹਾਂ-ਤਰ੍ਹਾਂ ਦੀਆਂ ਸ਼ਰਤਾਂ ਲਗਾ ਕੇ ਠੰਡੇ ਬਸਤੇ ਵਿੱਚ ਪਾਇਆ ਜਾ ਰਿਹਾ ਅਤੇ ਪੰਚਾਇਤੀ ਜ਼ਮੀਨਾਂ ਤੋਂ ਪੇਂਡੂ ਧਨਾਡਾਂ ਦੇ ਨਜਾਇਜ਼ ਕਬਜ਼ੇ ਛੁਡਾ ਕੇ ਮਜ਼ਦੂਰਾਂ ਨੂੰ ਉਨ੍ਹਾਂ ਦਾ ਬਣਦਾ ਹਿੱਸਾ ਦਿਵਾਉਣ ਦੀ ਬਜਾਏ ਧਨਾਡਾਂ ਦਾ ਹੀ ਪੱਖ ਪੂਰਿਆ ਜਾ ਰਿਹਾ ਹੈ ।ਇਸ ਮੌਕੇ ਹੋਰ ਆਗੂ ਪਰਮਜੀਤ ਸਿੰਘ, ਰਣਧੀਰ ਸਿੰਘ, ਚਰਨਜੀਤ ਕੌਰ, ਨਾਥ ਸਿੰਘ ਆਦਿ ਹਾਜ਼ਰ ਰਹੇ।

## ਸ਼ਾਂਤੀ ਵਿੱਦਿਆ ਮੰਦਰ ਵਿਖੇ ਸਲਾਨਾ ਇਨਾਮ ਵੰਡ ਸਮਾਰੋਹ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸ਼ਾਂਤੀ ਵਿੱਦਿਆ ਮੰਦਰ ਵਿਖੇ ਸਾਲਾਨਾ ਦਿਵਸ ਤੇ ਇਨਾਮ ਵੰਡ ਸਮਾਰੋਹ ਬੜੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿੱਚ ਅਭਿਸ਼ੇਕ ਮਨੀ ਤ੍ਰਿਪਾਠੀ (ਸੀਈਓ, ਫ਼ਿਰੋਜ਼ਪੁਰ) ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ।ਮੁੱਖ ਮਹਿਮਾਨ ਦਾ ਫੁੱਲਾਂ ਨਾਲ ਸਵਾਗਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਵੱਲੋਂ ਦੇਵੀ ਸਰਸਵਤੀ ਦੇ ਸਾਹਮਣੇ ਦੀਪ ਜਗਾ ਕੇ ਕੀਤੀ ਗਈ।



ਇਸ ਮੌਕੇ ਸਕੂਲ ਦੀਆਂ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ।ਸਭ ਤੋਂ ਪਹਿਲਾਂ ਸਕੂਲ ਦੇ ਛੋਟੇ-ਛੋਟੇ ਬੱਚਿਆਂ ਨੇ ਮੁੱਖ ਮਹਿਮਾਨ ਦਾ ਸੁਆਗਤ ਕਰਨ ਲਈ ਗੀਤ ਤੇ ਡਾਂਸ ਪੇਸ਼ ਕੀਤਾ।ਫਿਰ ਫੈਂਸੀ ਡਰੈੱਸ ਮੁਕਾਬਲਾ ਹੋਇਆ। ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜੀਵਨ ਨਾਲ ਸਬੰਧਤ ਕ੍ਰਿਸ਼ਨ ਲੀਲ੍ਹਾ ਦਿਖਾਈ ਗਈ, ਪੰਜਾਬੀ ਸੱਭਿਆਚਾਰ ਦੀ ਪੇਸ਼ਕਾਰੀ ਕਰਦੇ ਲੋਕ ਨਾਚ ਗਿੱਧਾ ਤੇ ਭੰਗੜਾ ਪੇਸ਼ ਕੀਤਾ ਗਿਆ ਅਤੇ ਦੇਸ਼ ਦੇ ਬਹਾਦਰ ਸੈਨਿਕਾਂ ਨੂੰ ਯਾਦ ਕਰਦਿਆਂ ਕੋਰੀਓਗ੍ਰਾਫੀ ਕੀਤੀ ਗਈ।ਇਸ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਬੁਲਾਇਆ ਗਿਆ ਸੀ। ਉਨ੍ਹਾਂ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਤੇ ਸਕੂਲ, ਅਧਿਆਪਕਾਂ ਤੇ ਸਿੱਖਿਆ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਕੂਲ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦਾ ਬੱਚਾ ਪੜ੍ਹਾਈ ਵਿੱਚ ਰੁਚੀ ਲੈਣ ਲੱਗ ਪਿਆ ਹੈ, ਘਰ ਵਿੱਚ ਹਰ ਕਿਸੇ ਦਾ ਸਤਿਕਾਰ ਕਰਦਾ ਹੈ ਤੇ ਅਸੀਂ ਇਸ ਤੋਂ ਬਹੁਤ ਖੁਸ਼ ਹਾਂ।ਇਹ ਸਭ ਸਕੂਲ ਵਿੱਚ ਅਧਿਆਪਕਾਂ ਵੱਲੋਂ ਦਿੱਤੀ ਗਈ ਸਿੱਖਿਆ ਹੈ।ਉਨ੍ਹਾਂ ਇਸ ਲਈ ਅਧਿਆਪਕਾਂ ਦਾ ਧੰਨਵਾਦ ਕੀਤਾ।ਇਸ ਮੌਕੇ ਪੰਜ ਲੱਕੀ ਡਰਾਅ ਵੀ ਕੱਢੇ ਗਏ, ਜਿਸ ਵਿੱਚੋਂ ਦੋ ਸਭ ਤੋਂ ਛੋਟੀ ਕੁੜੀ ਤੇ ਲੜਕੇ ਵਿੱਚੋਂ, ਇੱਕ ਮੁੱਖ ਮਹਿਮਾਨ ਵਿੱਚੋਂ ਅਤੇ ਦੋ ਸਭ ਤੋਂ ਵੱਡੀ ਉਮਰ ਦੇ ਆਦਮੀ ਅਤੇ ਔਰਤ ਵਿੱਚੋਂ ਕੱਢੇ ਗਏ।ਇਸ ਦੇ ਨਾਲ ਹੀ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਯੋਗਤਾ, ਪੜ੍ਹਾਈ, ਸਕੂਲ ਦੀ ਹਾਜ਼ਰੀ, ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ, ਖੇਡਾਂ ਤੇ ਅਨੁਸ਼ਾਸਨ ਆਦਿ ਦੇ ਆਧਾਰ 'ਤੇ ਇਨਾਮ ਤੇ ਟਰਾਫੀਆਂ ਦਿੱਤੀਆਂ ਗਈਆਂ।ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਮੁੱਖ ਮਹਿਮਾਨ ਨੇ ਸਭ ਤੋਂ ਪਹਿਲਾਂ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਸਕੂਲ ਦੀ ਪ੍ਰੇਰਨਾ ਸਵਰਗੀ ਸ਼੍ਰੀਮਤੀ ਸ਼ਾਂਤੀ ਦੇਵੀ ਜੀ ਦਾ ਜਨਮ ਦਿਨ ਵੀ ਮਨਾਇਆ ਗਿਆ।ਇਸ ਮੌਕੇ ਸਕੂਲ ਪ੍ਰਿੰਸੀਪਲ ਰਜਨੀ ਮਡਾਹਰ ਨੇ ਆਏ ਹੋਏ ਮੁੱਖ ਮਹਿਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਬੱਚਿਆਂ ਨੂੰ ਪ੍ਰੇਰਿਤ ਕੀਤਾ।ਸਕੂਲ ਦੀ ਪ੍ਰਬੰਧਕੀ ਕਮੇਟੀ ਮੈਂਬਰਾਂ ਨੇ ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ।ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ।

## ਊਰਜਾ ਵੈੱਲਫੇਅਰ ਸੁਸਾਇਟੀ ਵੱਲੋਂ ਖੂਨਦਾਨ ਕੈਂਪ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

### ਸੌ ਤੋਂ ਵੱਧ ਵਾਰ ਖੂਨ ਦਾਨ ਕਰਨ ਵਾਲਿਆਂ ਦਾ ਵਿਸ਼ੇਸ਼ ਸਨਮਾਨ

ਸਮਾਜ ਸੇਵਾ ਦੇ ਖੇਤਰ ਵਿੱਚ ਅਹਿਮ ਰੋਲ ਅਦਾ ਕਰ ਰਹੀ ਉਰਜਾ ਵੈੱਲਫੇਅਰ ਸੁਸਾਇਟੀ ਵੱਲੋਂ ਮਾਨਵਤਾ ਦੀ ਸੇਵਾ ਨੂੰ ਸਮਰਪਤ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ 60 ਤੋਂ ਵੱਧ ਵਿਅਕਤੀਆਂ ਨੇ ਖੂਨ ਦਾਨ ਕੀਤਾ। ਪ੍ਰਧਾਨ ਰਿਤਿਕਾ ਸੋਨੀ ਨੇ ਦੱਸਿਆ ਕਿ ਛਾਉਣੀ ਜਨਰਲ ਹਸਪਤਾਲ ਵਿਖੇ ਜਯੋਤੀ ਪ੍ਰਵਜਲਿਤ ਨਾਲ ਲਗਾਏ ਗਏ। ਇਸ ਕੈਂਪ ਵਿੱਚ ਬਲੱਡ ਟਰਾਂਜੈਕਸ਼ਨ ਅਫ਼ਸਰ ਡਾ. ਦਿਸ਼ਵਿਨ, ਹਸਪਤਾਲ ਅਫ਼ਸਰ ਡਾ. ਭਾਰਤ ਭੂਸ਼ਣ ਅਤੇ ਡਾ: ਵਰੁਣ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸੁਸਾਇਟੀ ਵੱਲੋਂ 100 ਤੋਂ ਵੱਧ ਵਾਰ ਖੂਨ ਦਾਨ ਕਰਨ ਵਾਲੇ ਤਿੰਨ ਖੂਨਦਾਨੀਆਂ ਨੂੰ ਵੀ ਸਨਮਾਨਤ ਕੀਤਾ ਗਿਆ, ਜਿਨ੍ਹਾਂ ਵਿੱਚ ਜਤਿੰਦਰ ਸਿੰਘ ਧਾਲੀਵਾਲ ਪਿੰਕਲ, ਰਮਨਦੀਪ ਸੰਨੀ, ਸੰਜੇ ਢੀਂਗਰਾ ਸ਼ਾਮਲ ਸਨ।ਸੰਸਥਾ ਵੱਲੋਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਤੇ ਸ਼ਾਲ ਦੇ ਕੇ ਸਨਮਾਨਤ ਕੀਤਾ ਗਿਆ। ਕੈਂਪ ਵਿੱਚ ਔਰਤਾਂ ਨੇ ਵੀ ਉਤਸ਼ਾਹ ਨਾਲ ਖੂਨ ਦਾਨ ਕੀਤਾ।ਔਰਤਾਂ ਨੇ ਕਿਹਾ ਕਿ ਉਹ ਸਮਾਜ ਸੇਵਾ ਸਮੇਤ ਮੈਡੀਕਲ ਖੇਤਰ ਵਿੱਚ ਅਹਿਮ ਯੋਗਦਾਨ ਪਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਸੁਸਾਇਟੀ ਹਰ ਸਾਲ ਇੱਕ ਥੀਮ ਤਹਿਤ ਕੰਮ ਕਰਦੀ ਹੈ।ਉਨ੍ਹਾਂ ਵੱਲੋਂ ਔਰਤਾਂ ਨੂੰ ਕੈਂਸਰ ਤੋਂ ਬਚਾਉਣ ਲਈ ਟੀਕਾਕਰਨ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ।ਇਸ ਮੌਕੇ ਮੀਨਾਕਸ਼ੀ ਮਿੱਤਲ, ਖਜ਼ਾਨਚੀ ਪੂਜਾ ਮਿੱਤਲ, ਡਾ. ਸਰਬਜੀਤ, ਪ੍ਰਾਚੀ ਮਿੱਤਲ, ਅੰਜੂ ਮਿੱਤਲ, ਤਰੁਣਾ, ਰਿਚਾ ਮਿੱਤਲ, ਸ਼ੈਲੀ, ਸਰਿਤਾ, ਸਾਰਿਕਾ ਮਿੱਤਲ, ਮੀਨਾ, ਦੀਪਸ਼ਿਖਾ, ਰਾਧਿਕਾ, ਆਰਤੀ, ਮਧੂ ਆਦਿ ਹਾਜ਼ਰ ਸਨ।

## ਸੰਯੁਕਤ ਕਿਸਾਨ ਮੋਰਚੇ ਨੇ ਕੱਢਿਆ ਮੋਟਰਸਾਈਕਲ ਮਾਰਚ

**ਗੁਰੂਹਰਸਹਾਏ (ਦੀਪਕ ਵਧਾਵਨ)** ਸੰਯੁਕਤ ਕਿਸਾਨ ਮੋਰਚੇ ਅਤੇ ਵੱਖ-ਵੱਖ ਟਰੇਡ ਯੂਨੀਅਨ ਵੱਲੋਂ ਕੇਂਦਰ ਸਰਕਾਰ ਦੀਆਂ ਨੀਤੀਆਂ ਖਿਲਾਫ ਕਿਸਾਨ ਜਥੇਬੰਦੀਆਂ, ਟਰੇਡ ਯੂਨੀਅਨ ਨੌਜਵਾਨ ਸਭਾਵਾਂ, ਵਿਦਿਆਰਥੀ ਸਭਾਵਾਂ, ਮਜ਼ਦੂਰਾਂ, ਵਪਾਰ ਮੰਡਲ ਅਤੇ ਆੜ੍ਹਤੀ ਐਸੋਸੀਏਸ਼ਨ ਵੱਲੋਂ ਮੋਟਰਸਾਈਕਲ ਅਤੇ ਝੰਡਾ ਮਾਰਚ ਕੀਤਾ ਗਿਆ।ਇਸ ਵਿੱਚ ਵੱਖ-ਵੱਖ ਪਿੰਡਾਂ ਵਿੱਚੋਂ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਜਥੇਬੰਦੀਆਂ ਦੇ ਕਾਰਕੁੰਨਾਂ ਅਤੇ ਆਗੂਆਂ ਵੱਲੋਂ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ ਗਈ।ਇਸ ਮੋਟਰਸਾਈਕਲ ਅਤੇ ਝੰਡਾ ਮਾਰਚ ਦੀ ਅਗਵਾਈ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਬਲਾਕ ਆਗੂ ਗੁਰਮੀਤ ਸਿੰਘ ਮੋਠਾਂਵਾਲਾ ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਨਰੇਸ਼ ਕੁਮਾਰ ਸੇਠੀ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਕੁੱਲ ਹਿੰਦ ਕਿਸਾਨ ਸਭਾ ਦੇ ਜਿਲਾ ਆਗੂ ਰਾਜ ਕੁਮਾਰ ਬਹਾਦਰ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਸੁਰਜੀਤ ਸਿੰਘ ਸਾਬਕਾ ਐਸਡੀਓ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਬਲਾਕ ਪ੍ਰਧਾਨ ਜਸਵਿੰਦਰ ਸਿੰਘ ਸ਼ਰੀਹਵਾਲਾ ਆਦਿ ਨੇ ਕੀਤੀ।ਇਸ ਪ੍ਰੋਗਰਾਮ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂਆਂ ਵਿੱਚੋਂ ਗੁਰਮੀਤ ਮਹਿਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਰੇਲਵੇ ਪਾਰਕ ਤੋਂ ਮੋਟਰਸਾਈਕਲ ਮਾਰਚ ਸ਼ੁਰੂ ਕਰਕੇ ਗੁਰੂ ਹਰ ਸਾਹਿਬ ਦੇ ਵੱਖ-ਵੱਖ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਐਸ ਡੀ ਐਮ ਦਫਤਰ ਗੁਰੂ ਹਰਸਹਾਇ ਸਮਾਪਤ ਕੀਤਾ ਗਿਆ ਆਗੂਆਂ ਨੇ ਅੱਗੇ ਕਿਹਾ ਕਿ ਜਿਵੇਂ ਕਿਸਾਨ ਜਥੇਬੰਦੀਆਂ ਇੱਕ ਵੱਡਾ ਕਿਸਾਨ ਅੰਦੋਲਨ ਜਿੱਤ ਕੇ ਵਾਪਸ ਮੁੜੀਆਂ ਹਨ, ਪਰ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਵਾਅਦੇ ਮੁਕਰਨ ਦੇ ਨਾਲ ਨਾਲ ਲਗਾਤਾਰ ਲੋਕਾਂ ਖਿਲਾਫ ਨੀਤੀਆਂ ਬਣਾ ਕੇ ਆਮ ਲੋਕਾਂ ਦੇ ਜੀਵਨ ਨੂੰ ਦੁੱਭਰ ਕੀਤਾ ਜਾ ਰਿਹਾ ਹੈ।

## ਨਵੇਂ ਮੀਲ ਪੱਥਰ ਸਥਾਪਤ ਕਰ ਗਿਆ ਗੋਲੂ ਕੇ ਵਿਖੇ ਹੋਇਆ ਮਹਾਂ ਸੰਮੇਲਨ



**ਮਮਦੋਟ/ਫਿਰੋਜ਼ਪੁਰ (ਜਸਬੀਰ ਸਿੰਘ ਕੰਬੋਜ, ਗੁਰਬਚਨ ਸਿੰਘ ਸੋਨੂੰ)**-ਜ਼ਿਲ੍ਹਾ ਫਿਰੋਜ਼ਪੁਰ ਦੀ ਤਹਿਸੀਲ ਗੁਰਹਰਸਹਾਇ ਦੇ ਨਜਦੀਕ ਗੋਲੂ ਕੇ ਵਿਖ਼ੇ ਹੋਇਆ ਕੰਬੋਜ ਮਹਾਂਸੰਮੇਲਨ ਵੱਡੇ ਇਕੱਠ ਅਤੇ ਜੈਕਾਰਿਆਂ ਦੀ ਗੂੰਜ ਨਾਲ ਨਵੇਂ ਮੀਲ ਪੱਥਰ ਸਥਾਪਿਤ ਕਰ ਗਿਆ।ਵੱਖ-ਵੱਖ ਰਾਜਨੀਤਿਕ ਪਾਰਟੀਆਂ ਤੇ ਜਥੇਬੰਦੀਆਂ ਨਾਲ ਜੁੜੇ ਆਗੂ, ਵਿਧਾਇਕ, ਸਾਬਕਾ ਵਿਧਾਇਕ, ਚੇਅਰਮੈਨ, ਸਾਬਕਾ ਚੇਅਰਮੈਨ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਭਾਈਚਾਰਕ ਤੌਰ 'ਤੇ ਇਕੱਤਰ ਹੋਏ।ਇਸ ਮੌਕੇ ਪੰਚਾਇਤ ਤੋਂ ਲੈ ਕੇ ਪਾਰਲੀਮੈਂਟ ਤੱਕ 27% ਕੋਟਾ ਹਾਸਲ ਕਰਨ ਦਾ ਪ੍ਰਣ ਲਿਆ ਗਿਆ ਤੇ ਖੁੱਲ੍ਹੇ ਤੌਰ 'ਤੇ ਐਲਾਨ ਕੀਤਾ ਗਿਆ ਕਿ ਜੇ ਤੁਸੀਂ ਇੱਕ ਜੁੱਟ ਹੋਵੇਗੇ ਤਾਂ ਸਿਆਸੀ ਪਾਰਟੀਆਂ ਖੁੱਦ ਤੁਹਾਡੇ ਘਰ ਟਿਕਟਾਂ ਦੇਣ ਲਈ ਆਉਣਗੀਆਂ।ਇਸ ਮੌਕੇ ਬੁਲਾਰੀਆਂ ਵੱਲੋਂ ਸੱਦਾ ਦਿੱਤਾ ਗਿਆ ਕਿ ਚਾਹੇ ਕੋਈ ਵੀ ਪਾਰਟੀ ਕਿਸੇ ਵੀ ਕੰਬੋਜ ਆਗੂ ਨੂੰ ਐੱਮ ਪੀ ਦੀ ਟਿਕਟ ਦਿੰਦੀ ਹੈ ਤਾਂ ਸਾਰੇ ਇੱਕਜੁੱਟ ਹੋ ਕੇ ਉਸ ਨੂੰ ਜੇਤੂ ਬਣਾਉਣਗੇ।ਇਕੱਠ ਵਿੱਚ ਵਿਧਾਇਕ ਜਗਦੀਪ ਸਿੰਘ ਗੋਲਡੀ ਕੰਬੋਜ, ਸਾਬਕਾ ਐਮਐਲਏ ਹਰਦਿਆਲ ਸਿੰਘ ਕੰਬੋਜ, ਮਦਨ ਲਾਲ ਜਲਾਲਪੁਰ, ਐਕਸ ਸੈਸ਼ਨ ਜੱਜ ਪੀ ਪੀ ਸਿੰਘ ਹਾਂਡਾ, ਜਸਪਾਲ ਹਾਂਡਾ, ਬਲਦੇਵ ਸਿੰਘ ਮਾਹਮੁਜੋਈਆ, ਮਲਕੀਤ ਥਿੰਦ ਜਿਲ੍ਹਾ ਪ੍ਰਧਾਨ, ਦਰਸ਼ਨ ਸਿੰਘ ਸ਼ੇਰ ਖਾਂ, ਹਰਦਿਆਲ ਸਿੰਘ ਕੰਬੋਜ ਸਾਬਕਾ ਵਿਧਾਇਕ, ਹੰਸ ਰਾਜ ਜੋਸਨ ਸਾਬਕਾ ਕੈਬਨਿਟ ਮੰਤਰੀ,ਇਕਬਾਲ ਸਿੰਘ ਪਾਲਾ ਬੱਟੀ, ਐਡਵੋਕੇਟ ਸਤਨਾਮ ਪਾਲ ਕੰਬੋਜ, ਬਲਦੇਵ ਸਿੰਘ ਮਾਹਮੁਜੋਈਆ ਤੋਂ ਇਲਾਵਾ ਹੋਰ ਵੀ ਸੀਨੀਅਰ ਆਗੂਆਂ ਨੇ ਸੰਬੋਧਨ ਕੀਤਾ । ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੇ ਕਿਹਾ ਕਿ ਪੰਜਾਬ ਦੇ ਤਿੰਨ ਲੋਕ ਸਭਾ ਹਲਕੇ ਅਨੰਦਪੁਰ ਸਾਹਿਬ ਪਟਿਆਲਾ ਅਤੇ ਫਿਰੋਜ਼ਪੁਰ ਵਿੱਚ ਕੰਬੋਜ ਭਾਈਚਾਰੇ ਦੀ ਵੱਡੀ ਗਿਣਤੀ ਵਸੋਂ ਹੈ। ਉਹਨਾਂ ਕਿਹਾ ਕਿ ਸਾਨੂੰ ਅਜਿਹਾ ਪਲੇਟਫਾਰਮ ਬਣਾਉਣਾ ਚਾਹੀਦਾ ਹੈ ਕਿ ਅਸੀਂ ਆਗੂਆਂ ਨੂੰ ਜਿਤਾਉਣ ਦੇ ਨਾਲ-ਨਾਲ ਕਿਸੇ ਵੀ ਆਗੂ ਨੂੰ ਹਰਾਉਣ ਦੀ ਤਾਕਤ ਪੈਦਾ ਕਰ ਸਕੀਏ। ਉਹਨਾਂ ਕਿਹਾ ਕਿ ਹੱਕ ਜੋਰ ਨਾਲ ਲਏ ਜਾਂਦੇ ਹਨ ਮੰਗਿਆ ਨਹੀਂ ਮਿਲਦੇ ।ਗੁਰਜਿੰਦਰ ਪਾਲ ਸਿੰਘ ਸ਼ਿਵ ਤਰਪਾਲ ਕੇ ਨੇ ਕਿਹਾ ਕਿ ਇਕੱਲੇ ਫਿਰੋਜ਼ਪੁਰ ਲੋਕ ਸਭਾ ਹਲਕੇ ਅੰਦਰ ਕੰਬੋਜ ਭਾਈਚਾਰੇ ਦੀ ਸਵਾ ਤਿੰਨ ਲੱਖ ਵੋਟ ਹੈ, ਇਸ ਤੋਂ ਇਲਾਵਾ ਦੇਸ਼ ਭਰ ਵਿੱਚ ਲੱਖਾਂ ਦੀ ਗਿਣਤੀ ਵਿੱਚ ਕੰਬੋਜ ਵਸੇ ਹੋਏ ਹਨ। ਅਗਰ ਸਰਕਾਰ ਦੇਸ਼ ਭਰ ਵਿੱਚ ਇਸ ਸੁਲਝੇ ਸਮਾਜ ਦਾ ਸਮਰਥਨ ਲੈਣਾ ਚਾਹੁੰਦੀ ਹੈ ਤਾਂ ਉਸ ਨੂੰ ਇਹਨਾਂ ਦੇ ਆਗੂਆਂ ਨੂੰ ਬਣਦਾ ਮਾਣ ਸਤਿਕਾਰ ਦੇਣਾ ਚਾਹੀਦਾ ਹੈ।ਪੱਛੜੀਆਂ ਸ਼੍ਰੇਣੀਆਂ ਬੀ ਸੀ ਵਿੰਗ ਦੇ ਪ੍ਰਧਾਨ ਹਰਜਿੰਦਰ ਹਾਂਡਾ ਨੇ ਕਿਹਾ ਕਿ ਅਗਰ ਸਰਕਾਰਾਂ ਸਾਡੀ ਰਿਜਰਵੇਸ਼ਨ ਦੀ ਮੰਗ ਨਹੀਂ ਮੰਨਦੀਆਂ ਤਾਂ ਅਸੀਂ ਇੱਕ ਸੰਘਰਸ਼ ਛੇੜਨ ਲਈ ਮਜਬੂਰ ਹੋਵਾਂਗੇ।ਵਿਧਾਇਕ ਜਗਦੀਪ ਸਿੰਘ ਗੋਲਡੀ ਕੰਬੋਜ ਨੇ ਕਿਹਾ ਕਿ ਕੰਬੋਜ ਬਿਰਾਦਰੀ ਦੀਆਂ ਕੁੱਲ ਮੰਗਾਂ ਨੂੰ ਅਮਲੀ ਰੂਪ ਦਿਵਾਉਣ ਲਈ ਉਹ ਪੰਜਾਬ ਸਰਕਾਰ ਤੱਕ ਆਪਣੀ ਪੂਰੀ ਪਹੁੰਚ ਬਣਾਉਣਗੇ। ਉਹਨਾਂ ਦੱਸਿਆ ਕਿ ਸ਼ਹੀਦ ਊਧਮ ਸਿੰਘ ਨੂੰ ਕੌਮੀ ਸ਼ਹੀਦ ਦਾ ਰੁਤਬਾ ਦਵਾਉਣ ਲਈ ਉਹਨਾਂ ਕਾਰਵਾਈ ਸ਼ੁਰੂ ਕੀਤੀ ਹੋਈ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪਾਰਲੀਮੈਂਟ ਹਾਊਸ ਵਿੱਚ ਸ਼ਹੀਦ ਊਧਮ ਸਿੰਘ ਦਾ ਆਦਮ ਕੱਦ ਬੁੱਤ ਲੱਗੇਗਾ ਅਤੇ ਯੂਨੀਵਰਸਿਟੀਆਂ ਵਿੱਚ ਸ਼ਹੀਦ ਊਧਮ ਸਿੰਘ ਦਾ ਸਿਲੇਬਸ ਪੜਾਇਆ ਜਾਵੇਗਾ।ਇਸ ਸੰਮੇਲਨ ਵਿੱਚ ਚੇਅਰਮੈਨ ਸ਼ਮਿੰਦਰ ਸਿੰਘ ਖਿੰਡਾ ਵੀ ਵੱਡੇ ਇਕੱਠ ਨਾਲ ਪੁੱਜੇ।ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਕਿਹਾ ਕਿ ਫਿਰੋਜ਼ਪੁਰ ਹਲਕੇ ਤੋਂ ਅਗਰ ਕੋਈ ਵੀ ਪਾਰਟੀ ਕਿਸੇ ਕੰਬੋਜ ਨੂੰ ਲੋਕ ਸਭਾ ਵਾਸਤੇ ਟਿਕਟ ਨਹੀਂ ਦਿੰਦੀ ਤਾਂ ਸਾਰੇ ਕੰਬੋਜ ਰਲ ਕੇ ਆਜ਼ਾਦ ਉਮੀਦਵਾਰ ਖੜਾ ਕਰੋ ਅਤੇ ਜਿਤਾ ਕੇ ਪਾਰਲੀਮੈਂਟ ਵਿੱਚ ਭੇਜੋ। ਇਸ ਮੌਕੇ ਭਗਵਾਨ ਸਿੰਘ ਨੰਬਰਦਾਰ, ਪੰਮਾ ਹਰਮੀਤ, ਐਡਵੋਕੇਟ ਬਿਲਾਵਲ ਹਾਂਡਾ, ਐਡਵੋਕੇਟ ਅਸ਼ੋਕ ਸਾਮਾ, ਐਡਵੋਕੇਟ ਗੁਰਜੀਤ ਸਿੰਘ ਕੌੜਾ, ਕੁਲਦੀਪ ਦੀਪ ਕੰਬੋਜ, ਪਰਮਿੰਦਰ ਸਿੰਘ ਥਿੰਦ, ਸੁਖਵਿੰਦਰ ਸਿੰਘ ਕਾਕਾ ਕੰਬੋਜ, ਜਸਵੰਤ ਕੰਬੋਜ, ਕੇਵਲ ਕੰਬੋਜ, ਦੌਲਤ ਰਾਮ ਕੰਬੋਜ, ਦੇਸ ਰਾਜ ਕੰਬੋਜ, ਨੰਬਰਦਾਰ ਜਗਦੀਸ਼ ਥਿੰਦ, ਸੱਤਪਾਲ ਥਿੰਦ, ਬਲਕਾਰ ਕੰਬੋਜ, ਗੁਰਭੇਜ ਸਿੰਘ ਟਿੱਬੀ, ਪਲਵਿੰਦਰ ਸਿੰਘ ਜੰਮੂ, ਬਲਦੇਵ ਰਾਜ ਸਾਬਕਾ ਚੇਅਰਮੈਨ ਤੋਂ ਹੋਰ ਵੀ ਸੀਨੀਅਰ ਆਗੂ ਮੌਜੂਦ ਸਨ।

## ਮਾਤਾ ਸਰਬਜੀਤ ਕੌਰ ਨੂੰ ਭਾਵਭਿਨੀਆਂ ਸ਼ਰਧਾਂਜਲੀਆਂ ਭੇਟ, ਸੁਖਬੀਰ ਬਾਦਲ ਨੇ ਪ੍ਰਗਟਾਇਆ ਦੁੱਖ



**ਗੁਰੂਹਰਸਹਾਏ (ਦੀਪਕ ਵਧਾਵਨ)**-ਲੋਕ ਸਭਾ ਹਲਕਾ ਫ਼ਿਰੋਜ਼ਪੁਰ ਦੇ ਸਾਬਕਾ ਮਰਹੂਮ ਮੈਂਬਰ ਪਾਰਲੀਮੈਂਟ ਜੋਰਾ ਸਿੰਘ ਦੀ ਪਤਨੀ, ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇਚਾਰਜ ਵਰਦੇਵ ਸਿੰਘ ਨੋਨੀ ਮਾਨ, ਨਰਦੇਵ ਸਿੰਘ ਬੌਬੀ ਮਾਨ ਦੇ ਮਾਤਾ ਸਰਬਜੀਤ ਕੌਰ ਨਮਿਤ ਪਾਠ ਦਾ ਭੋਗ ਉਨ੍ਹਾਂ ਦੇ ਜੱਦੀ ਪਿੰਡ ਚੱਕ ਸੁਹੇਲੇ ਵਾਲਾ ਦੇ ਮਾਤਾ ਗੁਜਰੀ ਪਬਲਿਕ ਸਕੂਲ ਵਿਖੇ ਪਾਇਆ ਗਿਆ।ਅੰਤਮ ਅਰਦਾਸ ਵਿੱਚ ਪਾਰਲੀਮਾਨੀ ਹਲਕੇ ਸਮੇਤ ਵੱਡੀ ਗਿਣਤੀ ਵਿਚ ਰਾਜਨੀਤਕ ਆਗੂਆਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਤੇ ਰਾਗੀ ਕੀਰਤਨੀਏ ਭਾਈ ਕੁਲਬੀਰ ਸਿੰਘ ਦੇ ਜਥੇ ਵਲੋਂ ਵੈਰਾਗਮਈ ਕੀਰਤਨ ਕੀਤਾ ਗਿਆ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਤੌਰ 'ਤੇ ਪੁੱਜੇ।ਅੰਤਿਮ ਅਰਦਾਸ ਉਪਰੰਤ ਸੁਖਬੀਰ ਸਿੰਘ ਬਾਦਲ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕੇ ਮਾਂ ਦਾ ਚਲੇ ਜਾਣਾ ਪਰਵਾਰ ਦੇ ਬਾਕੀ ਬੱਚਿਆਂ ਲਈ ਡੂੰਘਾ ਸਦਮਾ ਹੁੰਦਾ ਹੈ, ਕਿਉਂਕਿ ਮਾਵਾਂ ਬੱਚਿਆਂ ਲਈ ਸਦਾ ਹੀ ਠੰਡੀਆਂ ਛਾਵਾਂ ਹੁੰਦੀਆਂ ਹਨ।

ਉਨ੍ਹਾਂ ਕਿ ਸਵ: ਜੋਰਾ ਸਿੰਘ ਮਾਨ ਦੇ ਪਰਿਵਾਰ ਨਾਲ਼ ਗੂੜ੍ਹਾ ਰਿਸ਼ਤਾ ਹੈ ਤੇ ਸਵਰਗੀ ਮਾਤਾ ਸਰਬਜੀਤ ਕੌਰ ਦੇ ਬੇਟੇ ਵਰਦੇਵ ਸਿੰਘ ਮਾਨ, ਨਰਦੇਵ ਸਿੰਘ ਬੌਬੀ ਮਾਨ ਮੇਰੇ ਭਰਾ ਹਨ ਅਤੇ ਉਨ੍ਹਾਂ ਦੀ ਮਾਤਾ ਦੇ ਚਲੇ ਜਾਣ ਦਾ ਮੈਨੂੰ ਵੀ ਦੁਖ ਹੈ।

ਉਨ੍ਹਾਂ ਪੂਰੇ ਮਾਨ ਪਰਵਾਰ ਨਾਲ਼ ਦੁੱਖ ਸਾਂਝਾ ਕੀਤਾ।ਇਸ ਮੌਕੇ ਗਿਆਨੀ ਗੁਰਬਚਨ ਸਿੰਘ, ਗੁਰਮੀਤ ਸਿੰਘ ਖੁੱਡੀਆਂ ਕੈਬਨਿਟ ਮੰਤਰੀ ਪੰਜਾਬ, ਬਾਬਾ ਰੇਸ਼ਮ ਸਿੰਘ ਚੱਕ ਪੱਖੀ, ਅਬੋਹਰ ਦੇ ਵਿਧਾਇਕ ਸੰਦੀਪ ਜਾਖੜ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਮੁਕਤਸਰ ਸਾਹਿਬ ਦੇ 'ਆਪ' ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਗੁਰੂ ਹਰਸਹਾਏ ਦੇ ਆਪ ਵਿਧਾਇਕ ਫੌਜਾ ਸਿੰਘ ਸਰਾਰੀ, ਪਰਮਬੰਸ ਸਿੰਘ ਰੋਮਾਣਾ ਫਰੀਦਕੋਟ, ਜੋਗਿੰਦਰ ਸਿੰਘ ਜਿੰਦੂ ਸਾਬਕਾ ਵਿਧਾਇਕ ਫਿਰੋਜ਼ਪੁਰ, ਹਰਦੀਪ ਸਿੰਘ ਡਿੰਪੀ ਢਿੱਲੋਂ ਗਿਦੜਬਾਹਾ, ਚਮਕੌਰ ਸਿੰਘ ਟਿੱਬੀ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ ਫ਼ਿਰੋਜ਼ਪੁਰ, ਅਵਤਾਰ ਸਿੰਘ ਮਿੰਨਾ, ਅਵਤਾਰ ਸਿੰਘ ਵਣਵਾਲਾ, ਪ੍ਰੀਤਇੰਦਰ ਸਿੰਘ ਜ਼ਿਲ੍ਹਾ ਅਕਾਲੀ ਦਲ ਪ੍ਰਧਾਨ ਮੁਕਤਸਰ ਸਾਹਿਬ, ਮਿੰਤ ਸਿੰਘ ਬਰਾੜ, ਸਰੂਪ ਸਿੰਘ ਨੰਦਗੜ੍ਹ, ਰਾਜ ਬਲਵਿੰਦਰ ਸਿੰਘ ਮਰਾੜ ਸਤਿੰਦਰਜੀਤ ਸਿੰਘ ਮੰਟਾ,ਹਨੀ ਬਰਾੜ, ਮਾਂਟੂ ਵੋਹਰਾ ਗੁਰੂਹਰਸਹਾਏ ਲਖਵੀਰ ਸਿੰਘ ਤੇ ਹੋਰ ਆਗੂ ਹਾਜ਼ਰ ਸਨ।

## ...ਸ਼ਫ਼ਾ 1 ਦੇ ਬਾਕੀ

### 20 ਤੋਂ 22 ਤੱਕ ਪੰਜਾਬ...

ਮੁੱਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਸਥਿਤੀ, ਕਿਸਾਨਾਂ ਤੇ ਖੇਤੀ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਮੁਆਫ਼ ਕਰਨ, ਕਿਸਾਨਾਂ ਤੇ ਮਜ਼ਦੂਰਾਂ ਨੂੰ ਸਮਾਜਿਕ ਸੁਰੱਖਿਆ ਵਜੋਂ 10000 ਰੁਪਏ ਪ੍ਰਤੀ ਮਹੀਨਾ, ਸਰਕਾਰੀ ਖ਼ਰਚੇ 'ਤੇ ਫ਼ਸਲੀ ਬੀਮਾ ਯੋਜਨਾ, ਕਿਸਾਨਾਂ ਖ਼ਿਲਾਫ਼ ਦਰਜ ਸਾਰੇ ਕੇਸ ਵਾਪਸ ਲੈਣ ਅਤੇ ਲਖੀਮਪੁਰ ਖੀਰੀ ਦੇ ਕਿਸਾਨਾਂ ਨੂੰ ਇਨਸਾਫ ਦੇਣ ਆਦਿ ਹੋਣਗੇ। ਮੀਟਿੰਗ ਵਿਚ ਬਲਬੀਰ ਸਿੰਘ ਰਾਜੇਵਾਲ, ਨਿਰਭੈਰ ਸਿੰਘ ਢੁੱਡੀਕੇ, ਕੁਲਵੰਤ ਸਿੰਘ ਸੰਧੂ, ਹਰਮੀਤ ਸਿੰਘ ਕਾਦੀਆਂ, ਡਾ: ਦਰਸ਼ਨ ਪਾਲ, ਬੂਟਾ ਸਿੰਘ ਬੁਰਜਗਿੱਲ, ਪ੍ਰੇਮ ਸਿੰਘ ਭੰਗੂ, ਰੁਲਦੂ ਸਿੰਘ ਮਾਨਸਾ, ਬਲਕਰਨ ਸਿੰਘ ਬਰਾੜ, ਬਲਜੀਤ ਸਿੰਘ ਗਰੇਵਾਲ, ਹਰਜਿੰਦਰ ਸਿੰਘ ਟਾਂਡਾ, ਕੰਵਲਪ੍ਰੀਤ ਸਿੰਘ ਪੰਨੂ, ਬੋਘ ਸਿੰਘ ਮਾਨਸਾ, ਸੁਖ ਗਿੱਲ ਮੋਗਾ, ਰਮਿੰਦਰ ਸਿੰਘ ਪਟਿਆਲਾ, ਹਰਜੀਤ ਸਿੰਘ ਰਵੀ, ਨਿਰਵੈਲ ਸਿੰਘ, ਸ਼ਿੰਦਾ ਸਿੰਘ ਗੋਲੇਵਾਲ, ਹਰਦੇਵ ਸਿੰਘ ਸੰਧੂ, ਸਤਨਾਮ ਸਿੰਘ ਅਜਨਾਲਾ, ਬਲਵਿੰਦਰ ਸਿੰਘ ਮੱਲੀਨੰਗਲ, ਪਲਵਿੰਦਰ ਸਿੰਘ ਪਾਲਮਾਜਰਾ, ਮਨਜੀਤ ਸਿੰਘ ਧਨੇਰ, ਕਿਰਨਜੀਤ ਸਿੰਘ ਸੇਖੋਂ, ਜੰਗਵੀਰ ਸਿੰਘ ਚੌਹਾਨ, ਰਾਜਵਿੰਦਰ ਕੌਰ, ਬਲਵਿੰਦਰ ਸਿੰਘ ਰਾਜੂ, ਸਤਨਾਮ ਸਿੰਘ ਸੰਧੂ ਅਤੇ ਕੁਲਦੀਪ ਸਿੰਘ ਵਜੀਦਪੁਰ ਆਦਿ ਹਾਜ਼ਰ ਸਨ।ਬੀ ਕੇ ਯੂ (ਉਗਰਾਹਾਂ) ਦੇ ਜੋਗਿੰਦਰ ਸਿੰਘ ਉਗਰਾਹਾਂ ਅਤੇ ਝੰਡਾ ਸਿੰਘ ਜੇਠੂਕੇ ਵੀ ਮੀਟਿੰਗ 'ਚ ਹਾਜ਼ਰ ਸਨ।

### ਭਾਜਪਾ ਸਿਆਸੀ ਚਕਲਾ...

ਨਾਲ 200 ਤੋਂ ਵੱਧ ਸੀਟਾਂ ਦੀ ਉਮੀਦ ਨਹੀਂ, ਇਸ ਕਰਕੇ ਉਹ ਦੇਸ਼-ਭਰ ਦੇ ਕੁਰੱਪਟ ਚਿਹਰੇ ਇਕੱਠੇ ਕਰ ਰਹੀ ਹੈ। ਰਾਊਤ ਨੇ ਲੋਕ ਸਭਾ ਚੋਣਾਂ ਬਾਰੇ ਇਕ ਸਰਵੇ ਦਾ ਹਵਾਲਾ ਦਿੰਦਿਆਂ ਕਿਹਾ—ਆਰ ਐੱਸ ਐੱਸ ਦੇ ਅੰਦਰਲੇ ਬੰਦਿਆਂ ਦਾ ਕਹਿਣਾ ਹੈ ਕਿ ਭਾਜਪਾ ਨੂੰ ਸਿਰਫ 190 ਸੀਟਾਂ ਹੀ ਮਿਲਣੀਆਂ ਹਨ। ਇਸ ਦਾ ਮਤਲਬ 2024 ਦੀਆਂ ਲੋਕ ਸਭਾ ਚੋਣਾਂ ਵਿਚ ਜ਼ਬਰਦਸਤ ਸਿਆਸੀ ਉਥਲ-ਪੁਥਲ ਹੋਣ ਜਾ ਰਹੀ ਹੈ।

### ਜਾਲ੍ਹੀ ਆਈ ਟੀ ਸੀ...

ਪਾਸ ਕਰਦਿਆਂ ਕੀਤਾ ਗਿਆ ਅਤੇ ਦੀਪਕ ਸ਼ਰਮਾ ਨੂੰ 4.45 ਕਰੋੜ ਰੁਪਏ ਵਿਆਜ ਅਤੇ 3.65 ਕਰੋੜ ਰੁਪਏ ਜੁਰਮਾਨੇ ਸਮੇਤ 11.75 ਕਰੋੜ ਰੁਪਏ ਦਾ ਭੁਗਤਾਨ ਕਰਨ ਲਈ ਕਿਹਾ ਗਿਆ।ਵਿੱਤ ਮੰਤਰੀ ਨੇ ਦੱਸਿਆ ਕਿ ਟੈਕਸ ਇੰਟੈਲੀਜੈਂਸ ਯੂਨਿਟ ਅਤੇ ਸੇਲਜ਼ ਟੈਕਸ ਅਧਿਕਾਰੀਆਂ ਵੱਲੋਂ ਜਾਂਚ ਕਰਨ 'ਤੇ ਪਾਇਆ ਕਿ ਦੀਪਕ ਸ਼ਰਮਾ ਨੇ ਇੱਕ ਬੈਂਕ ਨੂੰ ਇੱਕ ਜਾਲ੍ਹੀ ਜੀ ਐੱਸ ਟੀ ਰਜਿਸਟ੍ਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਵਾਇਆ ਹੈ। ਉਨ੍ਹਾ ਦੱਸਿਆ ਕਿ ਸੇਲ ਟੈਕਸ ਅਫਸਰ ਫਤਿਹਗੜ੍ਹ ਸਾਹਿਬ ਦੀ ਬੇਨਤੀ 'ਤੇ ਬੈਂਕ ਵੱਲੋਂ ਇਹ ਬੈਂਕ ਖਾਤਾ ਫ੍ਰੀਜ਼ ਕਰ ਦਿੱਤਾ ਗਿਆ ਹੈ ਅਤੇ ਖਾਤੇ ਵਿੱਚ ਮੌਜੂਦ 26 ਲੱਖ ਰੁਪਏ ਦੀ ਰਿਕਵਰੀ ਲਈ ਉਕਤ ਬੈਂਕ ਨੂੰ ਨੋਟਿਸ ਭੇਜ ਦਿੱਤਾ ਗਿਆ ਹੈ। ਉਨ੍ਹਾ ਕਿਹਾ ਕਿ ਐੱਸ ਜੀ ਐੱਸ ਟੀ ਵਿਭਾਗ ਵੱਲੋਂ ਗਠਿਤ ਇੱਕ ਵਿਸ਼ੇਸ਼ ਟਾਸਕ ਫੋਰਸ ਨੇ ਪਿਛਲੇ ਕਈ ਹਫ਼ਤਿਆਂ ਦੌਰਾਨ ਪ੍ਰਾਪਤ ਸੂਚਨਾ 'ਤੇ ਕਾਰਵਾਈ ਕਰਦਿਆਂ ਫਤਿਹਗੜ੍ਹ ਸਾਹਿਬ ਪੁਲਸ ਦੇ ਸਹਿਯੋਗ ਨਾਲ ਮੁਲਜ਼ਮਾਂ ਨਾਲ ਜੁੜੇ ਕਈ ਟਿਕਾਣਿਆਂ 'ਤੇ ਇੱਕੋ ਸਮੇਂ ਛਾਪੇਮਾਰੀ ਕੀਤੀ। ਉਨ੍ਹਾ ਕਿਹਾ ਕਿ ਅਧਿਕਾਰੀ ਇਸ ਧੋਖਾਧੜੀ ਵਿੱਚ ਸ਼ਾਮਲ ਹੋਰਨਾਂ ਵਿਅਕਤੀਆਂ ਦੀ ਪਛਾਣ ਕਰਨ ਦੀ ਪ੍ਰਕਿਰਿਆ ਵਿੱਚ ਹਨ। ਉਨ੍ਹਾ ਕਿਹਾ ਕਿ ਇਸ ਮਾਮਲੇ ਵਿੱਚ ਐੱਫ ਆਈ ਆਰ ਦਰਜ ਕੀਤੀ ਗਈ ਹੈ ਅਤੇ ਇਸ ਧੋਖਾਧੜੀ ਦੀ ਕੁੱਲ ਰਕਮ ਦਾ ਪਤਾ ਲਗਾਉਣ ਅਤੇ ਚੋਰੀ ਕੀਤੇ ਟੈਕਸਾਂ ਦੀ ਵਸੂਲੀ ਲਈ ਜਾਂਚ ਜਾਰੀ ਹੈ।

### ਚੀਫ ਖਾਲਸਾ ਦੀਵਾਨ...

221 ਵੋਟਾਂ ਮਿਲੀਆਂ ਤੇ ਪਾਲ ਧੜੇ ਦੇ ਡਾ. ਰਮਨੀਕ ਸਿੰਘ ਨੂੰ 217 ਵੋਟਾਂ ਮਿਲੀਆਂ, ਜਦ ਕਿ ਬਾਕੀ ਦੋ ਉਮੀਦਵਾਰਾਂ ਅਜੀਤ ਸਿੰਘ ਬਸਰਾ ਨੂੰ 154 ਤੇ ਡਾ. ਜਸਵਿੰਦਰ ਸਿੰਘ ਢਿੱਲੋਂ ਨੂੰ 186 ਵੋਟਾਂ ਮਿਲੀਆਂ। ਪ੍ਰਧਾਨਗੀ ਦੇ ਅਹੁਦੇ 'ਤੇ ਜੇਤੂ ਰਹੇ ਡਾ. ਨਿੱਜਰ 2019 ਵਿੱਚ ਉੱਪ ਚੋਣ ਦੌਰਾਨ ਪ੍ਰਧਾਨ ਬਣੇ ਸਨ ਤੇ ਇਸ ਵਾਰੀ ਉਹਨਾ ਨੂੰ ਅਗਲੇ ਪੰਜ ਸਾਲਾਂ ਲਈ ਪ੍ਰਧਾਨ ਚੁਣ ਲਿਆ ਗਿਆ ਹੈ। ਡਾ. ਨਿੱਜਰ ਅੰਮ੍ਰਿਤਸਰ ਵਿਧਾਨ ਸਭਾ ਹਲਕਾ ਦੱਖਣੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਵੀ ਹਨ। ਕੁਝ ਸਮਾਂ ਸਥਾਨਕ ਸਰਕਾਰਾਂ ਦੇ ਮੰਤਰੀ ਵੀ ਰਹੇ। ਡਾ. ਨਿੱਜਰ ਸਾਊ ਸੁਭਾਅ ਵਾਲੇ ਵਿਅਕਤੀ ਹਨ, ਪਰ ਦੀਵਾਨ ਵਿੱਚ ਇਸ ਕਦਰ ਸਖਤੀ ਵਰਤ ਰਹੇ ਹਨ ਕਿ ਜਿਹੜਾ ਵੀ ਮੈਂਬਰ ਉਹਨਾ ਖਿਲਾਫ ਕੋਈ ਟਿੱਪਣੀ ਕਰਦਾ ਹੈ, ਉਸ ਨੂੰ ਦੀਵਾਨ ਤੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਜਾਂਦਾ ਹੈ। ਸਿਆਸੀ ਤੌਰ 'ਤੇ ਡਾ. ਨਿੱਜਰ ਆਮ ਆਦਮੀ ਪਾਰਟੀ ਨਾਲ ਤੇ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਕਾਂਗਰਸ ਨਾਲ ਸੰਬੰਧਤ ਹਨ।

## ਭਾਰਤ ਵੱਲੋਂ ਸਲਾਮਤੀ ਕੌਂਸਲ 'ਚ ਵਿਆਪਕ ਸੁਧਾਰਾਂ 'ਤੇ ਜ਼ੋਰ

**ਸੰਯੁਕਤ ਰਾਸ਼ਟਰ** : ਭਾਰਤ ਨੇ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ 'ਚ ਵਿਆਪਕ ਸੁਧਾਰ ਦੀ ਲੋੜ 'ਤੇ ਜ਼ੋਰ ਦਿੰਦਿਆਂ ਸਵਾਲ ਕੀਤਾ ਕਿ ਇਸ ਸ਼ਕਤੀਸ਼ਾਲੀ ਸੰਸਥਾ ਦੇ ਪੱਕੇ ਪੰਜ ਮੈਂਬਰ ਦੇਸ਼ ਆਖਰ ਕਦੋਂ ਤੱਕ ਵਿਸ਼ਵ ਸੰਸਥਾ ਦੇ 188 ਦੇਸ਼ਾਂ ਦੀ ਸਮੂਹਕ ਆਵਾਜ਼ ਨੂੰ ਦਬਾ ਕੇ ਰੱਖ ਸਕਦੇ ਹਨ। ਸੰਯੁਕਤ ਰਾਸ਼ਟਰ 'ਚ ਭਾਰਤ ਦੀ ਸਥਾਈ ਪ੍ਰਤੀਨਿਧੀ ਰੁਚਿਕਾ ਕੰਬੋਜ ਨੇ ਸ਼ੁੱਕਰਵਾਰ 'ਸਲਾਮਤੀ ਕੌਂਸਲ ਸੁਧਾਰ 'ਤੇ ਅੰਤਰ-ਸਰਕਾਰੀ ਵਾਰਤਾ' ਨੂੰ ਸੰਬੋਧਨ ਕਰਦਿਆਂ ਜ਼ੋਰ ਦਿੱਤਾ ਕਿ 15 ਮੈਂਬਰੀ ਯੂ ਐੱਨ ਸੰਸਥਾ ਦੇ ਸੁਧਾਰ ਲਈ ਆਲਮੀ ਕੋਸ਼ਿਸ਼ਾਂ ਦਾ ਆਧਾਰ ਬਰਾਬਰੀ ਹੋਣੀ ਚਾਹੀਦੀ ਹੈ। ਉਨ੍ਹਾ ਕਿਹਾ—ਬਰਾਬਰੀ ਤਾਂ ਹੀ ਯਕੀਨੀ ਬਣਾਈ ਜਾ ਸਕਦੀ ਹੈ, ਜੇ ਹਰੇਕ ਦੇਸ਼ ਨੂੰ, ਚਾਹੇ ਉਸ ਦਾ ਆਕਾਰ ਜਾਂ ਤਾਕਤ ਕੁਝ ਵੀ ਹੋਵੇ, ਆਲਮੀ ਫੈਸਲੇ ਲੈਣ ਦੀ ਪ੍ਰਕਿਰਿਆ ਨੂੰ ਆਕਾਰ ਦੇਣ ਦਾ ਬਰਾਬਰ ਮੌਕਾ ਦਿੱਤਾ ਜਾਵੇ। ਇਸ ਲਈ ਸਾਡਾ ਸਵਾਲ ਇਹ ਹੈ ਕਿ ਪੰਜ ਮੈਂਬਰਾਂ ਦੀ ਇੱਛਾ 188 ਮੈਂਬਰ ਦੇਸ਼ਾਂ ਦੀ ਸਮੂਹਕ ਆਵਾਜ਼ 'ਤੇ ਕਦੋਂ ਤੱਕ ਥੋਪੀ ਜਾਂਦੀ ਰਹੇਗੀ। ਚੀਨ, ਫਰਾਂਸ, ਰੂਸ, ਬਰਤਾਨੀਆ ਅਤੇ ਅਮਰੀਕਾ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਦੇ ਪੰਜ ਪੱਕੇ ਮੈਂਬਰ ਹਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

# ਭਿੱਖੀਵਿੰਡ 'ਚ ਟ੍ਰੈਫਿਕ ਸਮੱਸਿਆ ਤੋਂ ਸ਼ਹਿਰ ਵਾਸੀ ਡਾਢੇ ਪ੍ਰੇਸ਼ਾਨ

## ਚੌਂਕ 'ਚ ਲਗਾਏ ਬੈਰੀਕੇਡਾਂ ਕਾਰਨ ਸਮੱਸਿਆ ਹੋਰ ਵੀ ਬਣੀ ਗੁੰਝਲਦਾਰ



ਫੋਟੋ : ਗਿੱਲ ਗੋਲਣ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**

ਭਿੱਖੀਵਿੰਡ ਸ਼ਹਿਰ 'ਚ ਟ੍ਰੈਫਿਕ ਸਮੱਸਿਆ ਤੋਂ ਸ਼ਹਿਰ ਵਾਸੀ ਡਾਢੇ ਪ੍ਰੇਸ਼ਾਨ ਹਨ। ਹਰ ਰੋਜ਼ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਜਾਮ 'ਚ ਫਸੀਆਂ ਨਜ਼ਰ ਆਉਂਦੀਆਂ ਹਨ, ਪ੍ਰੰਤੂ ਭਿੱਖੀਵਿੰਡ ਪੁਲਸ ਟ੍ਰੈਫਿਕ ਨੂੰ ਨਿਯੰਤਰਿਤ ਕਰਨ 'ਚ ਅਸਫਲ ਸਾਬਤ ਹੋ ਰਹੀ ਹੈ। ਇੱਥੇ ਇਹ ਦੱਸਣਾ ਬੇਹੱਦ ਜ਼ਰੂਰੀ ਹੈ ਕਿ ਪੁਲਸ ਵੱਲੋਂ ਚੌਂਕ ਵਿੱਚ ਲਗਾਏ ਗਏ ਬੈਰੀਕੇਡ ਸਮੱਸਿਆ ਨੂੰ ਹੋਰ ਗੁੰਝਲਦਾਰ ਬਣਾ ਰਹੇ ਹਨ।ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਤਿਕਾਰ ਕਮੇਟੀ ਪੰਜਾਬ ਦੇ ਆਗੂ ਭਾਈ ਰਣਜੀਤ ਸਿੰਘ ਉਧੋਕੇ ਨੇ ਕਿਹਾ ਕਿ ਭਿੱਖੀਵਿੰਡ 'ਚ ਟ੍ਰੈਫਿਕ ਸਮੱਸਿਆ ਦਾ ਮੁੱਖ ਕਾਰਨ ਰੇੜ੍ਹੀਆਂ ਤੇ ਦੁਕਾਨਦਾਰਾਂ ਵੱਲੋਂ ਸੜਕ ਤੇ ਕੀਤੇ ਹੋਏ ਨਾਜਾਇਜ਼ ਕਬਜ਼ੇ ਹਨ। ਇਸ ਤੋਂ ਇਲਾਵਾ ਜਦੋਂ ਆਸ-ਪਾਸ ਦੇ ਪਿੰਡਾਂ ਦੇ ਲੋਕ ਸ਼ਹਿਰ ਵਿੱਚ ਖ਼ਰੀਦੋ ਫਰੋਖ਼ਤ ਲਈ ਆਉਂਦੇ ਹਨ ਤਾਂ ਉਹ ਆਪਣੀਆਂ ਕਾਰਾਂ ਸੜਕ 'ਤੇ ਪਾਰਕ ਕਰ ਦਿੰਦੇ ਹਨ, ਜਿਸ ਕਾਰਨ ਬਜ਼ਾਰ ਵਿੱਚ ਜਾਮ ਲੱਗ ਜਾਂਦਾ ਹੈ। ਇਸਦੇ ਨਾਲ ਹੀ ਉਧੋਕੇ ਨੇ ਕਿਹਾ ਕਿ ਭਿੱਖੀਵਿੰਡ ਪੁਲਸ ਵੱਲੋਂ ਚੌਂਕ ਵਿੱਚ ਖੜ੍ਹੇ ਕੀਤੇ ਗਏ ਬੈਰੀਕੇਡ ਸਮੱਸਿਆ ਨੂੰ ਘਟਾਉਣ ਦੀ ਬਜਾਏ ਹੋਰ ਗੁੰਝਲਦਾਰ ਬਣਾ ਰਹੇ ਹਨ।ਉਧੋਕੇ ਨੇ ਕਿਹਾ ਕਿ ਜੇਕਰ ਟ੍ਰੈਫਿਕ ਪੁਲਸ ਮੁਲਾਜ਼ਮ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਰੈਗੂਲੇਟ ਕਰਨ ਤਾਂ ਸ਼ਹਿਰ 'ਚ ਟ੍ਰੈਫਿਕ ਜਾਮ ਲੱਗ ਹੀ ਨਹੀਂ ਸਕਦਾ। ਇਸ ਮੌਕੇ ਉਨ੍ਹਾਂ ਡਿਪਟੀ ਕਮਿਸ਼ਨਰ ਤਰਨ ਤਾਰਨ ਨੂੰ ਅਪੀਲ ਕੀਤੀ ਕਿ ਭਿੱਖੀਵਿੰਡ ਚ ਕਾਰ ਪਾਰਕਿੰਗ ਬਣਾਈ ਜਾਵੇ ਤੇ ਰੇੜ੍ਹੀਆਂ ਤੇ ਦੁਕਾਨਦਾਰਾਂ ਨੂੰ ਸੜਕਾਂ ਤੇ ਕਬਜ਼ੇ ਕਰਨ ਤੋਂ ਰੋਕਿਆ ਜਾਵੇ। ਇਸ ਮਾਮਲੇ ਸੰਬੰਧੀ ਜਦੋਂ ਨਗਰ ਪੰਚਾਇਤ ਭਿੱਖੀਵਿੰਡ ਦੇ ਈਓ ਕਮਲਜੀਤ ਸਿੰਘ ਨਾਲ ਫੋਨ ਤੇ ਰਾਬਤਾ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਫੋਨ ਚੁੱਕਣਾ ਮੁਨਾਸਿਬ ਨਹੀਂ ਸਮਝਿਆ। ਉੱਧਰ ਜਦੋਂ ਇਸ ਸੰਬੰਧੀ ਐੱਸਐੱਚਓ ਭਿੱਖੀਵਿੰਡ ਮੋਹਿਤ ਕੁਮਾਰ ਨਾਲ ਰਾਬਤਾ ਕਾਇਮ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਚੌਂਹਾਂ ਸੜਕਾਂ ਤੇ ਦੁਕਾਨਦਾਰਾਂ ਤੇ ਰੇੜ੍ਹੀਆਂ ਵਾਲਿਆਂ ਵੱਲੋਂ ਕੀਤੇ ਕਬਜ਼ਿਆਂ ਸਬੰਧੀ ਨਗਰ ਪੰਚਾਇਤ ਭਿੱਖੀਵਿੰਡ ਦੇ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਗਿਆ ਹੈ।ਥਾਣਾ ਮੁਖੀ ਦਾ ਕਹਿਣਾ ਸੀ ਕਿ ਨਗਰ ਪੰਚਾਇਤ ਦੇ ਅਧਿਕਾਰੀਆਂ ਪਾਸੋਂ ਮਿਲਣ ਵਾਲੇ ਜਵਾਬ ਦੇ ਆਧਾਰ ਤੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਸੰਬੰਧੀ ਜਦੋਂ ਹਲਕਾ ਖੇਮਕਰਨ ਤੋਂ ਵਿਧਾਇਕ ਸਰਵਨ ਸਿੰਘ ਧੁੰਨ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਸ਼ਹਿਰ ਦੀ ਟ੍ਰੈਫਿਕ ਸਮੱਸਿਆ ਦਾ ਕੋਈ ਸਾਰਥਕ ਹੱਲ ਕੱਢਣਗੇ।

# ਕਿੱਲੋ ਹੈਰੋਇਨ ਸਮੇਤ ਕਾਰ ਸਵਾਰ ਕਾਬੂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਥਾਣਾ ਸਦਰ ਗੁਰਦਾਸਪੁਰ ਦੀ ਪੁਲਸ ਨੇ ਨਾਕੇ ਦੌਰਾਨ ਇਕ ਬਰੀਜਾ ਕਾਰ ਵਿੱਚੋਂ ਬਰਾਮਦ ਇਕ ਕਿੱਲੋ ਹੈਰੋਇਨ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਥਾਣਾ ਸਦਰ ਗੁਰਦਾਸਪੁਰ ਦੇ ਐੱਸਐੱਚਓ ਸਬ ਇੰਸਪੈਕਟਰ ਅਮਨਦੀਪ ਸਿੰਘ ਸਮੇਤ ਪੁਲਸ ਪਾਰਟੀ ਬੱਬਰੀ ਬਾਈਪਾਸ ਚੌਂਕ ਵਿਖੇ ਨਾਕਾਬੰਦੀ ਕਰਕੇ ਆਉਣ ਜਾਣ ਵਾਲੇ ਵਹੀਕਲਾਂ ਦੀ ਚੈਕਿੰਗ ਕਰ ਰਹੇ ਸੀ, ਤਾਂ ਚੈਕਿੰਗ ਦੌਰਾਨ ਅੰਮ੍ਰਿਤਸਰ ਸਾਈਡ ਵਲੋਂ ਆਈ ਇੱਕ ਚਿੱਟੇ ਰੰਗ ਦੀ ਬਰੀਜਾ ਗੱਡੀ ਨੰਬਰੀ ਡੀ ਐੱਲ 8 ਸੀ ਏ ਪੀ 8469 ਨੂੰ ਸ਼ੱਕ ਦੀ ਬਿਨਾਹ 'ਤੇ ਰੋਕ ਕੇ ਕਾਰ ਦੀ ਤਲਾਸ਼ੀ ਲਈ ਤਾਂ ਡਰਾਈਵਰ ਸੀਟ ਥੱਲੇ ਲੁਕਾ ਕੇ ਰੱਖਿਆ ਇੱਕ ਮੋਮੀ ਲਿਫਾਫਾ ਬਾਰਮਦ ਹੋਇਆ ਜਿਸ ਨੂੰ ਖੋਲ੍ਹ ਕੇ ਚੈੱਕ ਕੀਤਾ ਤਾਂ ਵਿੱਚੋਂ ਇਕ ਕਿਲੋ ਹੈਰੋਇਨ ਬਰਾਮਦ ਹੋਈ। ਪੁਲਸ ਨੇ ਮੋਹਨ ਸਿੰਘ ਪੀਪੀਐੱਸ ਉਪ ਪੁਲਸ ਕਪਤਾਨ ਸਿਟੀ ਗੁਰਦਾਸਪੁਰ ਦੀ ਮੌਜੂਦਗੀ ਵਿੱਚ ਕਾਰ ਦੇ ਡਰਾਈਵਰ ਸੁਦਾਮ ਹੁਸੈਨ ਪੁੱਤਰ ਮੁਹੰਮਦ ਫੇਸਾ ਵਾਸੀ ਖਾਨਪੁਰ ਭਵਨ ਚੌਕੀ ਪੁਣੀਚੱਕ, ਥਾਣਾ ਮੁੱਠੀ ਦਮਾਨਾ ਜ਼ਿਲ੍ਹਾ ਜੰਮੂ (ਸਟੇਟ ਜੰਮੂ-ਕਸ਼ਮੀਰ) ਨੂੰ ਕਾਰ ਅਤੇ ਇਕ ਕਿਲੋ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਸ ਵਿਰੁੱਧ ਐੱਨਡੀਪੀਐੱਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

# ਕਿਸਾਨ ਸੋਨੇ ਵਰਗੀ ਧਰਤੀ ਨੂੰ ਕਾਰਪੋਰੇਟਾਂ ਤੋਂ ਬਚਾਉਣ ਲਈ ਫਿਰ ਮੈਦਾਨ 'ਚ ਨਿੱਤਰੇ : ਮਾੜੀਮੇਘਾ

**ਭਿੱਖੀਵਿੰਡ (ਨ ਜ਼ ਸ)**

ਕਾਮਰੇਡ ਸਿੰਘਾਰ ਵੇਲੂ ਦੇ ਜਨਮ ਦਿਹਾੜੇ 'ਤੇ ਸੀ ਪੀ ਆਈ ਬਲਾਕ ਭਿੱਖੀਵਿੰਡ ਦੀ ਮੀਟਿੰਗ ਸੁਖਦੇਵ ਸਿੰਘ ਕਾਲਾ ਦੀ ਪ੍ਰਧਾਨਗੀ ਹੇਠ ਹੋਈ। ਪਿਛਲੇ ਕੀਤੇ ਕੰਮਾਂ ਦਾ ਵੇਰਵਾ ਸੀਪੀਆਈ ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ ਦਿੱਤਾ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਸੋਨੇ ਵਰਗੀ ਧਰਤੀ ਨੂੰ ਮੋਦੀ ਸਰਕਾਰ ਤੇ ਕਾਰਪੋਰੇਟ ਘਰਾਣਿਆਂ ਦੀ ਕਿਸਾਨ ਵਿਰੋਧੀ ਨੀਤੀ ਤੋਂ ਬਚਾਉਣ ਵਾਸਤੇ ਫਿਰ ਮੈਦਾਨ ਵਿੱਚ ਨਿੱਤਰੇ ਹਨ। ਸਾਨੂੰ ਸਾਰਿਆਂ ਨੂੰ ਭਾਵੇਂ ਅਸੀਂ ਕਿਸਾਨ, ਮਜ਼ਦੂਰ, ਦੁਕਾਨਦਾਰ ਜਾਂ ਮੁਲਾਜ਼ਮ ਹੋਈਏ, ਕਿਸਾਨ ਸੰਘਰਸ਼ ਦੀ ਪੂਰਨ ਹਮਾਇਤ ਕਰਨੀ ਚਾਹੀਦੀ ਹੈ। ਮਾੜੀਮੇਘਾ ਨੇ ਕਿਹਾ ਕਿ ਕਮਿਊਨਿਸਟ ਪਾਰਟੀ ਦਾ ਪ੍ਰੋਗਰਾਮ ਹੀ ਸਮੂਹਿਕ ਲੋਕਾਂ ਨੂੰ ਖੁਸ਼ਹਾਲੀ ਭਰਿਆ ਰਾਜ ਪ੍ਰਬੰਧ ਦੇ ਸਕਦਾ ਹੈ। ਇਸ ਪਾਰਟੀ ਦਾ ਪ੍ਰੋਗਰਾਮ ਹੈ ਕਿ ਜਦੋਂ ਸਾਡੀ ਸਰਕਾਰ ਬਣੀ ਤਾਂ ਸਭ ਤੋਂ ਪਹਿਲਾਂ ਹਰੇਕ ਵਿਅਕਤੀ ਨੂੰ ਰੁਜ਼ਗਾਰ ਭਾਵ ਸਰਕਾਰੀ ਨੌਕਰੀ ਦਿੱਤੀ ਜਾਵੇਗੀ ਭਾਵੇਂ ਉਹ ਪੜ੍ਹਿਆ ਜਾਂ ਅਨਪੜ੍ਹ ਹੋਵੇ। ਰੁਜ਼ਗਾਰ ਯੋਗਤਾ ਦੇ ਆਧਾਰ 'ਤੇ ਹੋਵੇਗਾ। ਹਰੇਕ ਵਿਅਕਤੀ ਨੂੰ ਰੁਜ਼ਗਾਰ ਮਿਲਣ ਨਾਲ ਹਰੇਕ ਘਰ ਵਿੱਚ ਖੁਸ਼ਹਾਲੀ ਪਰਤੇਗੀ। ਮਾੜੀਮੇਘਾ ਨੇ ਕਿਹਾ ਕਿ ਪਾਰਟੀ ਕਾਡਰ ਤੇ ਹਮਦਰਦਾਂ ਨੂੰ ਸੂਝਵਾਨ ਬਣਾਉਣ ਵਾਸਤੇ ਪਿੰਡਾਂ ਵਿੱਚ ਟ੍ਰੇਨਿੰਗ ਕੈਂਪ ਲਾਏ ਜਾਣਗੇ। ਸੀਪੀਆਈ ਦੇ ਕਾਰਜਕਾਰਨੀ ਦੇ ਮੈਂਬਰ ਪੂਰਨ ਸਿੰਘ ਮਾੜੀਮੇਘਾ ਨੇ ਕਿਹਾ ਕਿ ਪਾਰਟੀ ਦੀ ਤਾਕਤ ਵਧਾਉਣ ਵਾਸਤੇ ਪਾਰਟੀ ਮੈਂਬਰਸ਼ਿਪ ਮੁਹਿੰਮ ਚਲਾਈ ਜਾਵੇਗੀ। ਮੀਟਿੰਗ ਨੂੰ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਆਗੂ ਸੁਖਦੇਵ ਸਿੰਘ ਕਾਲਾ, ਨਰੇਗਾ ਯੂਨੀਅਨ ਦਾ ਆਗੂ ਟਹਿਲ ਸਿੰਘ ਲੱਧੂ, ਪੰਜਾਬ ਇਸਤਰੀ ਸਭਾ ਦੀ ਆਗੂ ਸਰੋਜ ਮਲਹੋਤਰਾ, ਏਟਕ ਆਗੂ ਬਲਦੇਵ ਰਾਜ, ਵੀਰੋ ਸਾਂਡਪੁਰਾ, ਜਸਪਾਲ ਸਿੰਘ ਭਿੱਖੀਵਿੰਡ, ਡਾਕਟਰ ਰਸਾਲ ਸਿੰਘ ਪਹੂਵਿੰਡ ਤੇ ਬਲਬੀਰ ਸਿੰਘ ਬੱਲੂ ਨੇ ਵੀ ਸੰਬੋਧਨ ਕੀਤਾ।



# ਮੰਗਾਂ ਨੂੰ ਲੈ ਕੇ ਜਲ ਸਪਲਾਈ ਕੰਟਰੈਕਟ ਵਰਕਰਜ਼ 21 ਨੂੰ ਦੇਣਗੇ ਰੋਸ ਧਰਨਾ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਜਲ ਸਪਲਾਈ ਕੰਟਰੈਕਟ ਵਰਕਰਜ਼ ਜੂਨੀਅਰ ਰਜਿਸਟਰ ਨੰਬਰ 31 ਬ੍ਰਾਂਚ ਦੀਨਾਨਗਰ ਦੇ ਬ੍ਰਾਂਚ ਪ੍ਰਧਾਨ ਹਰਦੀਪ ਸਿੰਘ ਹਯਾਤਨਗਰ ਦੀ ਅਗਵਾਈ ਵਿੱਚ ਐੱਸੀ/ਐਕਸੀਅਨ ਦਫਤਰ ਜੀਵਨਵਲ ਬਬਰੀ ਵਿੱਚ ਮੀਟਿੰਗ ਕੀਤੀ ਗਈ।ਇਸ ਮੀਟਿੰਗ 'ਚ ਗੱਲਬਾਤ ਕਰਦਿਆਂ ਬ੍ਰਾਂਚ ਪ੍ਰਧਾਨ ਨੇ ਕਿਹਾ ਕਿ 23 ਜਨਵਰੀ 2024 ਨੂੰ ਐਕਸ਼ਨ ਦਫਤਰ ਧਰਨਾ ਦਿੱਤਾ ਗਿਆ ਸੀ ਜਿਸ ਵਿੱਚ ਐਸੀ ਸਾਹਿਬ ਵੱਲੋਂ ਆਗੂਆਂ ਨਾਲ ਮੀਟਿੰਗ ਕੀਤੀ ਗਈ ਸੀ ਅਤੇ ਮੰਗਾਂ ਦਾ ਹੱਲ ਛੇਤੀ ਕਰਨ ਦੀ ਸਹਿਮਤੀ ਜਤਾਈ ਸੀ ਅਤੇ ਕਿਰਤ ਕਮਿਸ਼ਨ ਅਨੁਸਾਰ ਤਨਖਾਹ ਵਿੱਚ ਵਾਧਾ ਕੀਤਾ ਜਾਵੇਗਾ।ਪਰ ਇਸ ਦੇ ਉਲਟ ਕੋਈ ਵੀ ਮੰਗਾਂ ਮਸਲੇ ਦਾ ਹੱਲ ਨਹੀਂ ਕੀਤਾ ਗਿਆ ਜਿਸ ਕਾਰਨ ਡੇਢ ਦੋ ਮਹੀਨੇ ਤੋਂ ਵਰਕਰਾਂ ਦੇ ਘਰ ਦੇ ਚੁੱਲ੍ਹੇ ਠੰਡੇ ਪਏ ਹਨ।ਉਨ੍ਹਾਂ ਕਿਹਾ ਕਿ ਪਰਿਵਾਰ ਅਤੇ ਬੱਚਿਆਂ ਸਮੇਤ ਐੱਸੀ ਦਫਤਰ ਜੀਵਨਵਲ ਬਬਰੀ ਵਿੱਚ 21 ਫਰਵਰੀ 2024 ਨੂੰ ਧਰਨਾ ਦਿੱਤਾ ਜਾਵੇਗਾ।ਜੇਕਰ ਮੰਗਾਂ ਦਾ ਹੱਲ ਨਹੀਂ ਕੀਤਾ ਗਿਆ ਤਾਂ ਨੈਸ਼ਲੇ ਹਾਈਵੇ ਵੀ ਬੰਦ ਕਰਾਗ ਜਿਸ ਦੀ ਜ਼ਿੰਮੇਵਾਰੀ ਐਕਸੀਅਨ ਅਤੇ ਐੱਸੀ ਸਾਹਿਬ ਦੀ ਹੋਵੇਗੀ।ਇਸ ਮੌਕੇ ਸਵਰਨ ਸਿੰਘ, ਜੋਗਾ ਸਿੰਘ, ਬਲਵਿੰਦਰ ਕੁਮਾਰ, ਦੀਪਕ ਕੁਮਾਰ, ਬੋਧਰਾਜ, ਸੰਜੀਵ ਕੁਮਾਰ, ਸਤਵੰਤ ਸਿੰਘ, ਗੁਰਮੀਤ ਸਿੰਘ, ਲਾਡੀ ਅਤੇ ਹੋਰ ਵਰਕਰ ਹਾਜ਼ਰ ਸਨ।



# ਚੀਫ ਖਾਲਸਾ ਦੀਵਾਨ ਚੋਣਾਂ ਬਾਬਤ ਦੋਵਾਂ ਧਿਰਾਂ ਨੇ ਚੋਣ ਕਮੇਟੀ ਨਾਲ ਮੀਟਿੰਗ ਕਰਕੇ ਜਤਾਈ ਪੂਰਨ ਸਹਿਮਤੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਚੀਫ ਖਾਲਸਾ ਦੀਵਾਨ ਦੀਆਂ ਜਨਰਲ ਕਮੇਟੀ ਲਈ ਵੋਟਾਂ ਪੈਣ ਤੋਂ ਪਹਿਲਾਂ ਚੋਣ ਕਮੇਟੀ ਦੇ ਮੈਂਬਰਾਂ ਜਸਪਾਲ ਸਿੰਘ, ਪ੍ਰੋ. ਸੁੱਖਬੀਰ ਸਿੰਘ, ਐਡਵੋਕੇਟ ਇੰਦਰਜੀਤ ਸਿੰਘ ਅੜੀ ਅਤੇ ਪ੍ਰਧਾਨਗੀ ਅਧਿਕਾਰੀ ਸਰਦਾਰ ਮਹਿੰਦਰ ਸਿੰਘ ਦੇ ਨਾਲ ਡਾਕਟਰ ਇੰਦਰਬੀਰ ਸਿੰਘ ਨਿੱਜਰ ਦੇ ਟੀਮ ਮੈਂਬਰਾਂ ਅਤੇ ਸੁਰਿੰਦਰਜੀਤ ਸਿੰਘ ਪਾਲ ਦੀ ਅਗਵਾਈ ਵਾਲੀ ਧਿਰ ਦੀ ਬਹੁਤ ਹੀ ਸੁਖਾਵੇਂ ਅਤੇ ਸ਼ਾਂਤਪੂਰਨ ਮਾਹੌਲ ਵਿੱਚ ਮੀਟਿੰਗ ਹੋਈ ਜਿਸ ਵਿੱਚ ਦੋਹਾਂ ਧਿਰਾਂ ਵੱਲੋਂ ਵੋਟਿੰਗ ਦੇ ਸੁਚਾਰੂ ਪ੍ਰਬੰਧਨ ਹਿਤ ਆਪੋ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਨ੍ਹਾਂ ਵਿਚਾਰਾਂ 'ਤੇ ਦੋਵਾਂ ਧਿਰਾਂ ਵੱਲੋਂ ਬਗੈਰ ਕਿਸੇ ਨੁਕਤਾ ਚੀਨੀ ਕੀਤੇ ਸਹਿਮਤੀ ਪ੍ਰਗਟਾਈ ਗਈ ਮੀਟਿੰਗ ਦੌਰਾਨ ਰਿਟਰਨਿੰਗ ਅਫਸਰਾਂ ਵੱਲੋਂ ਦੋਹਾਂ ਧਿਰਾਂ ਨੂੰ ਵੋਟਿੰਗ ਲਈ ਨਿਰਧਾਰਿਤ ਸਾਰੇ ਨਿਯਮਾਂ ਅਤੇ ਸ਼ਰਤਾਂ ਤੋਂ ਜਾਣੂ ਕਰਵਾਇਆ ਗਿਆ। ਮੀਟਿੰਗ ਦੇ ਅੰਤ ਵਿੱਚ ਆਸ ਕੀਤੀ ਗਈ ਕਿ ਚੋਣਾਂ ਬਹੁਤ ਹੀ ਸ਼ਾਂਤਪੂਰਨ, ਨਿਰਵਿਘਨ ਅਤੇ ਸਫਲਤਾਪੂਰਵਕ ਨੇਪਰੇ ਚੜ੍ਹਨਗੀਆਂ। ਇਸ ਮੌਕੇ ਡਾਕਟਰ ਇੰਦਰਬੀਰ ਸਿੰਘ ਨਿੱਜਰ ਦੀ ਟੀਮ ਤੋਂ ਮੈਦਾਨ ਵਿੱਚ ਉਤਰੇ ਉਮੀਦਵਾਰਾਂ ਵਿੱਚ ਡਾਕਟਰ ਇੰਦਰਬੀ ਬੀਰ ਸਿੰਘ ਨਿੱਜਰ, ਜਗਜੀਤ ਸਿੰਘ, ਸੰਤੋਖ ਸਿੰਘ ਸੇਠੀ, ਕੁਲਜੀਤ ਸਿੰਘ ਸਾਹਨੀ, ਸਵਿੰਦਰ ਸਿੰਘ ਕੱਥੂ ਨੰਗਲ, ਅਜੀਤ ਸਿੰਘ ਬਸਰਾ ਅਤੇ ਟੀਮ ਦੇ ਪੋਲਿੰਗ ਏਜੰਟ ਭਗਵੰਤ ਪਾਲ ਸਿੰਘ ਸੱਚਰ, ਹਰਮਨਜੀਤ ਸਿੰਘ, ਗੁਰਬਖਸ਼ ਸਿੰਘ ਬੇਦੀ, ਸੁਖਜਿੰਦਰ ਸਿੰਘ ਪ੍ਰਿੰਸ, ਗੁਰਪ੍ਰੀਤ ਸਿੰਘ ਸੇਠੀ ਹਾਜ਼ਰ ਸਨ। ਇਸ ਦੇ ਨਾਲ ਹੀ ਦੂਜੀ ਧਿਰ ਦੇ ਉਮੀਦਵਾਰਾਂ ਵਿੱਚ ਸੁਰਿੰਦਰਜੀਤ ਸਿੰਘ ਪਾਲ, ਸਰਬਜੀਤ ਸਿੰਘ, ਜਸਵਿੰਦਰ ਸਿੰਘ ਢਿੱਲੋਂ, ਰਮਨੀਕ ਸਿੰਘ, ਅਮਰਜੀਤ ਸਿੰਘ ਵਿਕਰਾਂਤ ਅਤੇ ਧਿਰ ਦੇ ਪੋਲਿੰਗ ਏਜੰਟ ਇੰਦਰਪ੍ਰੀਤ ਸਿੰਘ ਆਨੰਦ, ਬਲਵਿੰਦਰ ਸਿੰਘ ਬਵੇਜਾ ਅਤੇ ਹੋਰ ਚੀਫ ਖਾਲਸਾ ਦੀਵਾਨ ਦੇ ਮੈਂਬਰ ਹਾਜ਼ਰ ਸਨ।

# ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਅਹਿਮ ਇਕੱਤਰਤਾ

**ਮਜੀਠਾ (ਸੋਇਮ ਆਨੰਦ)**

ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਵਲੋਂ ਰਣਜੀਤ ਸਿੰਘ ਜੇਠੂਵਾਲ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ।ਇਸ ਮੀਟਿੰਗ ਨੂੰ ਬਲਜੀਤ ਸਿੰਘ ਜੇਠੂਵਾਲ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਮਨਰੇਗਾ ਕਾਨੂੰਨ ਤਹਿਤ ਜਿਹੜੇ ਮਜ਼ਦੂਰਾਂ ਨੇ 2022 ਅਤੇ 2023 ਦੇ ਸਾਲਾਂ ਵਿੱਚ ਕੰਮ ਕੀਤਾ ਹੈ ਅਤੇ ਉਨ੍ਹਾਂ ਮਜ਼ਦੂਰਾਂ ਨੂੰ ਮਿਹਨਤਾਨਾ ਨਹੀਂ ਦਿੱਤਾ ਗਿਆ ਜਿਹੜੇ ਵੀ ਅਫਸਰ ਜਾਂ ਮੁਲਾਜ਼ਮ ਇਸ ਵਾਸਤੇ ਜ਼ਿੰਮੇਵਾਰ ਹਨ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਮਜ਼ਦੂਰਾਂ ਨੂੰ ਕਨੂੰਨ ਅਨੁਸਾਰ ਡੇਢ ਗੁਣਾ ਦੇ ਵਾਧੇ ਨਾਲ ਉਨ੍ਹਾਂ ਦਾ ਮਿਹਨਤਾਨਾ ਦਿੱਤਾ ਜਾਵੇ।ਇਸ ਮੀਟਿੰਗ ਨੂੰ ਜ਼ਿਲ੍ਹਾ ਅਮ੍ਰਿਤਸਰ ਦੇ ਆਗੂ ਬਲਕਾਰ ਸਿੰਘ ਨੇ ਵੀ ਸੰਬੋਧਨ ਕੀਤਾ।ਬਲਕਾਰ ਸਿੰਘ ਦੁਧਾਲਾ ਨੇ ਕਿਹਾ ਕਿ ਜਿਹੜੇ ਨਰੇਗਾ ਮਜ਼ਦੂਰਾਂ ਕੋਲ ਜੌਬ ਕਾਰਡ ਨਹੀਂ ਹਨ ਉਨ੍ਹਾਂ ਨੂੰ ਜੌਬ ਕਾਰਡ ਨਵੇਂ ਬਣਾ ਕੇ ਦਿੱਤੇ ਜਾਣ ਅਤੇ ਉਨ੍ਹਾਂ ਮਜ਼ਦੂਰਾਂ ਨੂੰ ਬਿਨਾਂ ਜੌਬ ਕਾਰਡ ਦੇ ਕੰਮ ਦੇਣਾ ਯਕੀਨੀ ਬਣਾਇਆ ਜਾਵੇ।ਸਾਥੀ ਦੁਧਾਲਾ ਨੇ ਕਿਹਾ ਕਿ ਮਜ਼ਦੂਰਾਂ ਨੂੰ 200 ਦਿਨ ਇੱਕ ਸਾਲ ਵਿੱਚ ਕੰਮ ਕੀਤਾ ਜਾਵੇ ਅਤੇ ਘੱਟੋ-ਘੱਟ ਇੱਕ ਹਜ਼ਾਰ ਰੁਪਏ ਦਿਹਾੜੀ ਕੀਤੀ ਜਾਵੇ। ਉਨ੍ਹਾਂ ਨੇ ਅੱਗੇ ਕਿਹਾ ਕਿ ਕੰਮ ਦੀ ਦਿਹਾੜੀ ਸਮਾਂ 2007 ਵਾਲੇ ਸਮੇਂ ਮੁਤਾਬਿਕ ਛੇ ਘੰਟੇ ਕੀਤਾ ਜਾਵੇ ਅਤੇ ਜੇ ਨਰੇਗਾ ਤਹਿਤ ਕੀਤੇ ਗਏ ਕੰਮ ਦੇ ਪੈਸੇ ਸਰਕਾਰ ਪੰਦਰਾਂ ਦਿਨਾਂ ਵਿੱਚ ਮਜ਼ਦੂਰਾਂ ਨੂੰ ਦੇਣ ਵਿੱਚ ਨਕਾਮ ਰਹਿੰਦੀ ਹੈ ਤਾਂ ਉਸ ਤੋਂ ਬਾਅਦ ਕਾਨੂੰਨ ਮੁਤਾਬਕ ਡੇਢ ਗੁਣਾ ਦਿਹਾੜੀ ਦੇ ਪੈਸੇ ਦਿੱਤੇ ਜਾਣ।ਇਸੇ ਤਰ੍ਹਾਂ ਜਿਹੜੇ ਨਰੇਗਾ ਮਜ਼ਦੂਰ ਕੰਮ ਦੀ ਮੰਗ ਕਰਦੇ ਹਨ ਜੇ ਉਨ੍ਹਾਂ ਨੂੰ ਕੰਮ ਨਹੀਂ ਦਿੱਤਾ ਜਾਂਦਾ ਤਾਂ ਰੁਜ਼ਗਾਰ ਭੱਤਾ ਦੇਣਾ ਯਕੀਨੀ ਬਣਾਇਆ ਜਾਵੇ।ਇਸ ਮੀਟਿੰਗ ਨੂੰ ਚਰਨ ਸਿੰਘ ਜਸਬੀਰ ਸਿੰਘ ਤੇ ਰਾਜਬੀਰ ਕੌਰ ਨੇ ਵੀ ਸੰਬੋਧਨ ਕੀਤਾ। ਇਸ ਮੀਟਿੰਗ ਵਿੱਚ ਮੂਧਲ ਪਿੰਡ ਵਿੱਚੋਂ ਵੀ ਮਜ਼ਦੂਰਾਂ ਨੇ ਹਿੱਸਾ ਲਿਆ।ਅਖੀਰ ਵਿੱਚ ਰਣਜੀਤ ਸਿੰਘ ਜੇਠੂਵਾਲ ਨੇ ਨਰੇਗਾ ਮਜ਼ਦੂਰਾਂ ਦਾ ਧੰਨਵਾਦ ਕੀਤਾ।

# ਹਰਿਆਣਾ ਸਰਕਾਰ ਵੱਲੋਂ ਕਿਸਾਨਾਂ 'ਤੇ ਕੀਤੇ ਤਸ਼ੱਦਦ ਦੀ ਜਨਵਾਦੀ ਇਸਤਰੀ ਸਭਾ ਵੱਲੋਂ ਸਖ਼ਤ ਸ਼ਬਦਾਂ 'ਚ ਨਿੰਦਾ

**ਝਬਾਲ (ਹਰਜਿੰਦਰ ਸਿੰਘ ਸੋਨੀ)**

ਦੇਸ਼ ਦੀਆਂ ਵੱਡੀਆਂ ਟ੍ਰੇਡ ਯੂਨੀਅਨਾਂ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਜਥੇਬੰਦੀ ਜਨਵਾਦੀ ਇਸਤਰੀ ਸਭਾ ਪੰਜਾਬ (ਐਡਵਾ) ਅਤੇ ਆਂਗਨਵਾੜੀ ਮੁਲਾਜ਼ਮ ਯੂਨੀਅਨ ਸੀਟੂ ਪੰਜਾਬ ਅਤੇ ਕਿਸਾਨ ਸਭਾਵਾਂ ਵੱਲੋਂ ਅੱਡਾ ਝਬਾਲ ਮੁਕੰਮਲ ਬੰਦ ਕੀਤਾ ਗਿਆ। ਜਥੇਬੰਦੀ ਦੀ ਅਗਵਾਈ (ਐਡਵਾ) ਦੀ ਸਟੇਟ ਸੈਕਟਰੀ ਕਾਮਰੇਡ ਹਰਪ੍ਰੀਤ ਕੌਰ ਝਬਾਲ ਅਤੇ ਆਂਗਨਵਾੜੀ ਦੀ ਬਲਾਕ ਪ੍ਰਧਾਨ ਨਰਿੰਦਰ ਕੌਰ ਐਮਾਂ ਆਲ ਇੰਡੀਆ ਸਭਾ ਦੇ ਸਟੇਟ ਆਗੂ ਨਰਿੰਦਰ ਸਿੰਘ ਬਘਿਆੜੀ ਨੇ ਕੀਤੀ। ਆਗੂਆਂ ਵੱਲੋਂ ਮੋਦੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ ਪ੍ਰਦਰਸ਼ਨ ਕੀਤਾ ਗਿਆ। ਸੰਯੁਕਤ ਕਿਸਾਨ ਮੋਰਚਾ ਅਤੇ ਟ੍ਰੇਡ ਯੂਨੀਅਨਾਂ ਵੱਲੋਂ ਭਾਰਤ ਬੰਦ ਸਮਰਥ ਕਰਦੇ ਹੋਏ ਕੇਂਦਰ ਦੀ ਮੋਦੀ ਸਰਕਾਰ ਦੀਆਂ ਕਿਸਾਨ, ਮਜ਼ਦੂਰ, ਮੁਲਾਜ਼ਮ ਅਤੇ ਲੋਕ ਵਿਰੋਧੀ ਨੀਤੀਆਂ ਖਿਲਾਫ ਅਤੇ ਕੀਤੇ ਵਾਅਦਿਆਂ ਤੋਂ ਮੁੱਕਰ ਖਿਲਾਫ ਜਮ ਕੇ ਨਾਅਰੇਬਾਜ਼ੀ ਕੀਤੀ। ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਉੱਤੇ ਕੀਤੇ ਤਸ਼ੱਦਦ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਦਿੱਲੀ ਜਾਂਦੇ ਕਿਸਾਨਾਂ ਦੀ ਡਟ ਕੇ ਹਮਾਇਤ ਕੀਤੀ। ਆਗੂਆਂ ਨੇ ਕਿਹਾ ਕਿ ਅੱਜ ਵਰਗ ਦਾ ਜਿਊਣਾ ਦੁੱਬਰ ਹੋ ਗਿਆ ਹੈ ਪਰ ਮੌਜੂਦਾ ਸਰਕਾਰ ਲੋਕਾਂ ਵੱਲ ਧਿਆਨ ਦੇਣ ਦੀ ਬਜਾਏ ਕਾਰਪੋਰੇਟ ਘਰਾਣਿਆਂ ਦੀ ਪੂਜਾ ਕਰ ਰਹੀ ਹੈ। ਇਸ ਮਾਰਚ ਵਿੱਚ ਹੋਰਨਾਂ ਤੋਂ ਇਲਾਵਾ ਦਵਿੰਦਰ ਕੁਮਾਰ ਸੋਹਲ, ਸੀਮਾ ਸੋਹਲ, ਕੈਪਟਨ ਸਿੰਘ ਬਘਿਆੜੀ, ਕਾਮਰੇਡ ਕੁਲਦੀਪ ਸਿੰਘ ਝਬਾਲ, ਕਾਮਰੇਡ ਕੁਲਵੰਤ ਸਿੰਘ ਛਾਪਾ, ਮਲੂਕ ਸਿੰਘ ਝਬਾਲ, ਕਾਮਰੇਡ ਜਸਪਾਲ ਐਡਵਾ, ਚਰਨਜੀਤ ਐਮਾਂ, ਸਰਬਜੀਤ ਪੰਜਵੜ, ਬਲਜੀਤ ਕੌਰ ਬਘਿਆੜੀ, ਜਤਿੰਦਰ ਕੌਰ ਗੰਡੀਵਿੰਡ, ਲਖਵੀਰ ਸਿੰਘ ਖੈਰਦੀ, ਰਮਨ ਭੁੱਚਰ ਆਦਿ ਹਾਜ਼ਰ ਸਨ।



# ਵੱਟੇ ਖਾਤੇ ਪਈਆਂ ਮੰਗਾਂ ਮਨਵਾਉਣ ਲਈ ਕਿਸਾਨਾਂ ਵੱਲੋਂ ਧਰਨੇ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਸੰਯੁਕਤ ਕਿਸਾਨ ਮੋਰਚਾ, ਟਰੇਡ ਯੂਨੀਅਨ ਤੇ ਭਰਾਤਰੀ ਜਨਤਕ ਜਥੇਬੰਦੀਆਂ ਵੱਲੋਂ ਭਾਰਤ ਬੰਦ ਦੇ ਸੱਦੇ 'ਤੇ ਅਜਨਾਲਾ ਸ਼ਹਿਰ ਪੂਰਨ ਤੌਰ ਤੇ ਬੰਦ ਰਿਹਾ , ਸਾਰੇ ਸਰਕਾਰੀ ਤੇ ਗੈਰ ਸਰਕਾਰੀ ਬੈਂਕ ਤੇ ਹੋਰ ਵਪਾਰਿਕ ਅਦਾਰੇ ਸਮੁੱਚੇ ਤੌਰ ਤੇ ਬੰਦ ਰਹੇ, ਪੇਂਡੂ ਖੇਤਰ ਵਿਚ ਕੋਈ ਵੀ ਖੇਤੀ ਦਾ ਕਾਰੋਬਾਰ ਨਹੀਂ ਹੋਇਆ। ਇਸ ਤਰ੍ਹਾਂ ਅਜਨਾਲਾ ਤਹਿਸੀਲ ਦੇ ਕਸਬੇ ਚਮਿਆਰੀ, ਗੱਗੋਮਾਹਿਲ, ਭਲਾ ਪਿੰਡ ਵੀ ਸਮੁੱਚੇ ਤੌਰ ਤੇ ਬੰਦ ਰਹੇ! ਪਿੰਡਾਂ ਵਿੱਚੋਂ ਸੈਂਕੜਿਆਂ ਦੀ ਗਿਣਤੀ ਚੋ ਕਿਸਾਨ, ਖੇਤ ਮਜ਼ਦੂਰ, ਮੁਲਾਜ਼ਮ, ਨੌਜਵਾਨ, ਔਰਤਾਂ ਤੇ ਹੋਰ ਛੋਟੇ ਕਾਰੋਬਾਰੀ ਆਪਣੇ ਹੱਥਾਂ 'ਚ ਝੰਡੇ ਮਾਟੋ ਲੈ ਕੇ ਕੇਂਦਰ ਅਤੇ ਪੰਜਾਬ ਸਰਕਾਰ ਵਿਰੁੱਧ ਨਾਹਰੇ ਮਾਰਦੇ ਮੇਨ ਚੌਂਕ ਵਿੱਚ ਲਗਾਏ ਧਰਨੇ ਵਿਚ ਸ਼ਾਮਿਲ ਹੋਏ। ਇਸ ਰੋਹ ਭਰੇ ਠਾਠਾਂ ਮਾਰਦੇ ਧਰਨੇ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚਾ ਦੇ ਪ੍ਰਮੁੱਖ ਆਗੂ ਤੇ ਸੂਬਾ ਪ੍ਰਧਾਨ ਜਮੂਹਰੀ ਕਿਸਾਨ ਸਭਾ ਪੰਜਾਬ ਡਾ: ਸਤਨਾਮ ਸਿੰਘ ਅਜਨਾਲਾ , ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ ਸੱਚਾ ਸਿੰਘ ਤੇੜਾ ਤੇ ਵਿਜੇ ਸ਼ਾਹ ਧਾਰੀਵਾਲ, ਕਿਰਤੀ ਕਿਸਾਨ ਯੂਨੀਅਨ ਦੇ ਵੈਟਰਨ ਆਗੂ ਅਵਤਾਰ ਸਿੰਘ ਜੱਸੜ ਤੇ ਸੀਨੀਅਰ ਆਗੂ ਸੁਖਦੇਵ ਸਿੰਘ ਸੈਂਸਰਾਂ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾਈ ਵਿਤ ਸਕੱਤਰ ਗੁਰਦੀਪ ਸਿੰਘ ਬਾਜਵਾ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਮੱਲੂਨੰਗਲ ਤੇ ਆਗੂ ਜੱਗਾ ਸਿੰਘ ਡੱਲਾ, ਅਜਨਾਲਾ ਦੇ ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਜ਼ੋਰਾਵਰ ਸਿੰਘ ਤੇ ਦੀਪਕ ਅਰੋੜਾ, ਬਲਜਿੰਦਰ ਸਿੰਘ ਮਾਹਲ, ਪੰਜਾਬ ਕਿਸਾਨ ਯੂਨੀਅਨ ਦੇ ਆਗੂ ਮੰਗਲ ਸਿੰਘ ਧਰਮਕੋਟ, ਸੰਯੁਕਤ ਕਿਸਾਨ ਭਲਾਈ ਸੰਸਥਾ ਦੇ ਮਨਜੀਤ ਸਿੰਘ ਬਾਠ ਅਤੇ ਕਾਬਲ ਸਿੰਘ ਸਾਹਪੁਰ ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਸੁਰਜੀਤ ਸਿੰਘ ਦੁਧਰਾਏ, ਪੇਂਡੂ ਮਜ਼ਦੂਰ ਯੂਨੀਅਨ ਦੇ ਸੈਮੂਏਲ ਮਸੀਹ, ਟੀ. ਐੱਸ. ਯੂ. ਦੇ ਸਰਕਲ ਸਕੱਤਰ ਨਵਦੀਪ ਸਿੰਘ, ਔਰਤ ਮੁਕਤੀ ਮੋਰਚਾ ਦੇ ਪ੍ਰਧਾਨ ਅਜੀਤ ਕੌਰ ਕੋਟ ਰਜਾਦਾ ਅਤੇ ਮੁਕਤੀ ਮੋਰਚਾ ਦੀ ਆਗੂ ਬਲਜੀਤ ਕੌਰ ਚੈਨਪੁਰ, ਨਾਨ ਗਜ਼ਟਿਡ ਫਾਰੈਸਟ ਯੂਨੀਅਨ ਸੁਖਦੀਪ ਸਿੰਘ ਤੇ ਰਾਜਬੀਰ ਸਿੰਘ, ਟੈਂਪੂ ਯੂਨੀਅਨ ਦੇ ਸਾਹਿਬ ਸਿੰਘ ਮੱਲੂਨੰਗਲ ਤੇ ਹਰਪਾਲ ਸਿੰਘ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਨਰਿੰਦਰ ਚਮਿਆਰੀ ਤੇ ਕਾਰਜ ਸਿੰਘ ਬੁੱਟਰ ਅਤੇ ਜਮੂਹਰੀ ਕਿਸਾਨ ਸਭਾ ਦੇ ਪ੍ਰਧਾਨ ਸੀਤਲ ਸਿੰਘ ਤਲਵੰਡੀ ਥੇ, ਗੁਰਨਾਮ ਸਿੰਘ ਉਮਰਪੁਰਾ ਆਦਿ ਆਗੂਆਂ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਕਿਸਾਨਾਂ ਮਜ਼ਦੂਰਾਂ ਸਿਰ ਚੜ੍ਹਿਆ ਸਮੁੱਚਾ ਕਰਜ਼ਾ ਰੱਦ ਕੀਤਾ ਜਾਵੇ। ਖੇਤੀ ਕਿੱਤੇ ਤੇ ਲੋਕਾਂ ਦੀ ਰੋਟੀ ਨੂੰ ਬਚਾਉਣ ਲਈ ਸਮੂਹ ਫਸਲਾਂ ਦੀ ਐੱਮਐੱਸਪੀ ਦੀ ਖਰੀਦ ਗਰੰਟੀ ਕੀਤੀ ਜਾਵੇ ਜਿਸ ਨਾਲ ਦੁਕਾਨਦਾਰਾ ਤੇ ਹੋਰ ਛੋਟੇ ਕਾਰੋਬਾਰੀਆਂ ਦਾ ਬਜ਼ਾਰ ਗਰਮ ਹੋਵੇਗਾ! ਉਨ੍ਹਾਂ ਅੱਗੇ ਕਿਹਾ ਕਿ ਮਜ਼ਦੂਰ ਵਿਰੋਧੀ ਤੇ ਕਾਰਪੋਰੇਟ ਪੱਖੀ ਜਿਹੜੇ ਚਾਰ ਕੋਡ ਤੁਰੰਤ ਰੱਦ ਕੀਤੇ ਜਾਣ ਅਤੇ ਮਜ਼ਦੂਰ ਦੀ ਘੱਟੋ-ਘੱਟ ਤਨਖ਼ਾਹ ਛੱਬੀ ਹਜਾਰ ਰੁਪਏ ਮਹੀਨਾ ਕੀਤੀ ਜਾਵੇ, ਮਨਰੇਗਾ ਦੇ ਕਾਮਿਆਂ ਨੂੰ ਦੋ ਸੋ ਦਿਨ ਕੰਮ ਦਿੱਤਾ ਜਾਵੇ ਤੇ ਦਿਹਾੜੀ ਸੱਤ ਸੋ ਰੁਪਏ ਦਿੱਤੀ ਜਾਵੇ ਤੇ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ, ਪੇਂਡੂ ਤੇ ਬਾਰਡਰ ਏਰੀਆ ਭੱਤਾ ਬਹਾਲ ਕੀਤਾ ਜਾਵੇ! ਸਮੂਹ ਆਗੂਆਂ ਨੇ ਪੁਰਜ਼ੋਰ ਮੰਗ ਕੀਤੀ ਕਿ ਅਸਿਧਾ ਟੈਕਸ ਜੀਐੱਸਟੀ ਦੀ ਬਜਾਏ ਸਿੱਧੀ ਟੈਕਸ ਪ੍ਰਣਾਲੀ ਲਾਗੂ ਕੀਤੀ ਜਾਵੇ ਅਜਿਹਾ ਕਰਦਿਆਂ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆ ਤੇ ਟੈਕਸ 22 ਫੀਸਦੀ ਦੀ ਬਜਾਏ 33 ਫੀਸਦੀ ਕੀਤਾ ਜਾਵੇ ਅਤੇ ਮੋਦੀ ਸਰਕਾਰ ਵੱਲੋਂ ਇਹਨਾਂ ਘਰਾਣਿਆਂ ਨੂੰ ਵੈਲਥ ਟੈਕਸ ਤੋਂ ਦਿੱਤੀ ਛੋਟ ਬਹਾਲ ਕੀਤਾ ਜਾਵੇ ! ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ ਸੋਮਨਾਥ ਮਰਵਾਹਾ, ਪ੍ਰਦੀਪ ਸਿੰਘ ਜਲ ਸਪਲਾਈ, ਸੁਮਨ ਰਾਣੀ, ਰਮੇਸ਼ ਚੰਦਰ, ਬਲਕਾਰ ਸਿੰਘ ਬਾਜਵਾ, ਪ੍ਰਭਜਿੰਦਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।



# ਆਂਗਣਵਾੜੀ ਵਰਕਰਾਂ ਨੇ ਵੀ ਕਿਸਾਨ ਭਰਾਵਾਂ ਨੂੰ ਦਿੱਤਾ ਸਮਰਥਨ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਮੰਗਾਂ ਨੂੰ ਲੈ ਕੇ ਅੱਜ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ ਵੱਲੋਂ ਕੀਤੇ ਜਾ ਰਹੇ ਭਾਰਤ ਬੰਦ ਦੇ ਸਮਰਥਨ ਵਿੱਚ ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਨੇ ਪੂਰੀ ਤਾਕਤ ਨਾਲ ਹਿੱਸਾ ਲਿਆ ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਦੀ ਪੰਜਾਬ ਪ੍ਰਧਾਨ ਬਰਿੰਦਰਜੀਤ ਕੌਰ ਛੀਨਾ ਨੇ ਦੱਸਿਆ ਕਿ ਅੱਜ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਇਕ ਦਿਨ ਦੀ ਸਮੂਹਿਕ ਛੁੱਟੀ ਭਰਕੇ ਹੜਤਾਲ ਵਿੱਚ ਸ਼ਾਮਲ ਹੋਈਆਂ ।ਪੂਰੇ ਪੰਜਾਬ ਦੇ ਵੱਖ ਵੱਖ ਜ਼ਿਲਾ ਬਲਾਕਾ ਵਿੱਚ ਕਿਸਾਨ ਭਰਾਵਾਂ ਦੇ ਹੱਕ ਵਿੱਚ ਡੱਟ ਕੇ ਭਾਰਤ ਸਰਕਾਰ ਦੇ ਖਿਲਾਫ਼ ਰੋਸ ਪ੍ਰਦਰਸ਼ਨ ਕੀਤਾ ।ਉਨ੍ਹਾਂ ਕਿਹਾ ਕਿ ਆਈ ਸੀ ਡੀ ਐਸ ਨੂੰ ਬਚਾਉਣ ਅਤੇ ਆਂਗਣਵਾੜੀ ਵਰਕਰਾਂ ਨੂੰ ਘੱਟੋ ਘੱਟ ਉਜਰਤ ਵਿੱਚ ਲਿਆਉਣ ਲਈ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ, ਪ੍ਰੰਤੂ ਅਜੇ ਤੱਕ ਸਰਕਾਰ ਸਭ ਕੁਝ ਅਣਦੇਖਿਆ ਕਰਦੀ ਆਈ ਹੈ।ਮੋਦੀ ਸਰਕਾਰ ਨੇ ਹਰ ਵਰਗ ਨੂੰ ਦਬਾਇਆ ਹੈ।ਉਨ੍ਹਾਂ ਕਿਹਾ ਕਿ ਮੰਗਾਂ ਨੂੰ ਲੈ ਕਿ ਦਿੱਲੀ ਜਾ ਰਹੇ ਕਿਸਾਨਾਂ ਨੂੰ ਸ਼ੰਭੂ ਬਰਾਡਰ ਉਤੇ ਰੋਕ ਕੇ ਪੁਲਸ ਵੱਲੋਂ ਕੀਤਾ ਜਾ ਰਿਹਾ ਅੱਤਿਆਚਾਰ ਨਿੰਦਣਯੋਗ ਹੈ ਉਨ੍ਹਾਂ ਕਿਹਾ ਕਿ ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਕਿਸਾਨਾਂ ਨਾਲ ਡੱਟ ਕੇ ਖੜ੍ਹੀ ਹੈ ਅਤੇ ਉਨ੍ਹਾਂ ਦੇ ਸੰਘਰਸ਼ ਦਾ ਸਮਰਥਨ ਕਰਦੀ ਹੈ।



# ਨਿੱਕੇ ਘੁੰਮਣਾਂ ਦੇ ਗੁਰਦੁਆਰਾ ਸਾਹਿਬ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਕਰਵਾਏ

**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**

ਧੰਨ ਧੰਨ ਸੰਤ ਬਾਬਾ ਹਜ਼ਾਰਾ ਸਿੰਘ ਜੀ ਨਿੱਕੇ ਘੁੰਮਣਾਂ ਵਾਲਿਆਂ ਦੀ ਤਪੋ ਭੂਮੀ ਗੁਰਦੁਆਰ ਤਪ ਅਸਥਾਨ ਸੰਤ ਬਾਬਾ ਹਜ਼ਾਰਾ ਸਿੰਘ ਜੀ ਨਿੱਕੇ ਘੁੰਮਣਾਂ ਵਿਖੇ ਬਾਬਾ ਅਮਰੀਕ ਸਿੰਘ ਜੀ ਕਾਰ ਸੇਵਾ ਵਾਲੇ ਸਮੂਹ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹਰ ਐਤਵਾਰ ਹਫਤਾਵਾਰੀ ਗੁਰਮਤਿ ਸਮਾਗਮ ਕਰਵਾਉਂਦੇ ਹਨ ।ਇਸ ਐਤਵਾਰ ਵੀ ਇਹ ਗੁਰਮਤਿ ਸਮਾਗਮ ਸਵੇਰੇ ਅੰਮ੍ਰਿਤ ਵੇਲੇ ਤੋਂ ਸ਼ੁਰੂ ਹੋ ਗਏ ਅਤੇ ਖੁੱਲ੍ਹੇ ਪੰਡਾਲਾਂ ਵਿੱਚ ਦੀਵਾਨ ਸਜਾਏ ਗਏ। ਜਿਸ ਵਿੱਚ ਰਾਗੀ ਭਾਈ ਗਗਨਦੀਪ ਸਿੰਘ ਬਟਾਲਾ, ਭਾਈ ਰਜਵੰਤ ਸਿੰਘ ਕਥਾਵਾਚਕ, ਭਾਈ ਬਲਬੀਰ ਸਿੰਘ ਰਮਦਾਸ, ਭਾਈ ਕਮਲਜੀਤ ਸਿੰਘ ਘੁੰਮਣ, ਭਾਈ ਜਸਵੰਤ ਸਿੰਘ ਦਿਆਲਗੜ੍ਹ, ਭਾਈ ਪਰਮਿੰਦਰ ਸਿੰਘ ਤਲਵੰਡੀ ਵਿਰਕ, ਭਾਈ ਅਮਰਜੀਤ ਸਿੰਘ ਅਨਮੋਲ ਅਤੇ ਬਾਬਾ ਤਰਨਜੀਤ ਸਿੰਘ ਖਾਲਸਾ ਨੇ ਹਾਜ਼ਰੀ ਭਰੀ।ਇਨ੍ਹਾਂ ਗੁਰਮਤਿ ਸਮਾਗਮਾਂ ਵਿੱਚ ਬਾਬਾ ਤਰਨਜੀਤ ਸਿੰਘ ਖਾਲਸਾ ਨੇ ਸੰਗਤਾਂ ਨੂੰ ਆਪਣੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਰਸ ਨਾਲ ਜੋੜਿਆ ਅਤੇ ਦੱਸਿਆ ਕਿ ਹਰ ਸਿੱਖ ਨੂੰ ਆਪਣੇ ਗੁਰੂ ਤੇ ਭਰੋਸਾ ਰੱਖਣਾ ਚਾਹੀਦਾ ਹੈ ਅਤੇ ਉਸਦੇ ਭਾਣੇ ਅੰਦਰ ਰਹਿਣਾ ਚਾਹੀਦਾ ਹੈ। ਬਾਬਾ ਤਰਨਜੀਤ ਸਿੰਘ ਨੇ ਦੱਸਿਆ ਕਿਸੇ ਦੇ ਬਾਹਰ ਦੇ ਭੇਖ ਨੂੰ ਵੇਖ ਕੇ ਰੱਬ ਨਹੀਂ ਮੰਨਣਾ ਚਾਹੀਦਾ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਹੋਰ ਅੱਗੇ ਨਹੀਂ ਮੱਥੇ ਟੇਕਣੇ ਚਾਹੀਦੇ।ਉਨ੍ਹਾਂ ਨੌਜਵਾਨਾਂ ਨੂੰ ਗੁਰਬਾਣੀ ਨਾਲ ਜੁੜਨ ਅਤੇ ਅੰਮ੍ਰਿਤਧਾਰੀ ਹੋਣ ਲਈ ਪ੍ਰੇਰਿਆ।



# ਨਗਰ ਨਿਗਮ ਦੇ ਟਿਊਬਵੈਲ ਉਪਰੇਟਰਾਂ ਦੇ ਆਗੂਆਂ ਦੀ ਚੋਣ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- 14 ਫਰਵਰੀ ਨੂੰ ਨਗਰ ਨਿਗਮ ਹੁਸ਼ਿਆਰਪੁਰ ਵਿੱਚ ਟਿਊਬਵੈਲ ਉਪਰੇਟਰਾਂ ਦੁਆਰਾ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਉਪਰੇਟਰਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਅਤੇ ਔਕੜਾਂ ਸਬੰਧੀ ਮੁੱਦਿਆਂ ਉਪਰ ਚਰਚਾ ਕੀਤੀ ਗਈ ਅਤੇ ਇਨ੍ਹਾਂ ਸਾਰਿਆਂ ਮੁੱਦਿਆਂ ਨੂੰ ਹੱਲ ਕਰਨ ਲਈ ਨਵਾਂ ਸੰਗਠਨ ਬਣਾਇਆ ਗਿਆ। ਜਿਸ ਵਿੱਚ ਸਾਰੇ ਟਿਊਬਵੈਲ ਉਪਰੇਟਰਾਂ ਦੀ ਸਹਿਮਤੀ ਨਾਲ ਸੋਮਨਾਥ ਹੰਸ ਨੂੰ ਚੇਅਰਮੈਨ ਅਤੇ ਦਲੀਪ ਕੁਮਾਰ ਫਰਵਾਹਾ ਨੂੰ ਪ੍ਰਧਾਨ ਚੁਣਿਆ ਗਿਆ।ਇਸ ਮੌਕੇ ਚੇਅਰਮੈਨ ਅਤੇ ਪ੍ਰਧਾਨ ਨੇ ਯਕੀਨ ਦਿਵਾਇਆ ਕਿ ਟਿਊਬਵੈਲ ਉਪਰੇਟਰਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਜਲਦੀ ਹੀ ਕੀਤਾ ਜਾਵੇਗਾ। ਬਾਕੀ ਦੇ ਅਹੁਦੇਦਾਰ ਇਸ ਪ੍ਰਕਾਰ ਹਨ- ਚੰਦਰ ਸ਼ੇਖਰ ਜਨਰਲ ਸਕੱਤਰ, ਜਤਿਨ ਭਾਟੀਆ ਸਕੱਤਰ, ਅਰੁਨ ਸੰਧੂ ਮੀਡੀਆ ਪ੍ਰਭਾਰੀ, ਪਾਰਸ ਕੁਮਾਰ ਉਪ ਮੀਡੀਆ ਪ੍ਰਭਾਰੀ, ਰੋਹਿਤ ਰਾਜਪੂਤ ਪ੍ਰੋਪੇਗੰਡਾ ਸਕੱਤਰ, ਸੁਖਦੇਵ ਸਿੰਘ ਸੈਣੀ ਹੈੱਡ ਕੈਸ਼ੀਅਰ, ਵਿਜੇ ਮੱਲ ਕੈਸ਼ੀਅਰ, ਮੋਹਿਤ ਸੈਣੀ ਮੁੱਖ ਸਲਾਹਕਾਰ, ਸ਼ਿਵ ਕੁਮਾਰ ਸਲਾਹਕਾਰ, ਅਨਿਲ ਅਤੇ ਪੰਕਜ ਸੀਨੀਅਰ ਮੈਂਬਰ।

# ਸ਼ੈਰੀ ਕਲਸੀ ਦੇ ਯਤਨਾਂ ਸਦਕਾ ਪੰਜਾਬ ਟੈਕਨੀਕਲ ਯੂਨੀਵਰਸਿਟੀ ਕੈਂਪਸ ਬਟਾਲਾ ਦੇ ਭਾਗ ਖੁੱਲ੍ਹੇ

**ਬਟਾਲਾ, (ਤਰਲੋਕ ਬੱਗਾ)**

ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਇੱਕ ਹੋਰ ਸ਼ਾਨਦਾਰ ਉਪਰਾਲਾ ਕੀਤਾ ਗਿਆ ਹੈ। ਪਿਛਲੇ ਕਈ ਸਾਲਾਂ ਤੋਂ ਬੰਦ ਪਏ ਪੰਜਾਬ ਟੈਕਨੀਕਲ ਯੂਨੀਵਰਸਿਟੀ ਕੈਂਪਸ, ਬਟਾਲਾ ਦੇ ਭਾਗ ਖੁੱਲ੍ਹੇ ਹਨ ਅਤੇ ਕੈਂਪਸ ਵਿੱਚ ਦੁਬਾਰਾ ਰੌਣਕਾਂ ਪਰਤੀਆਂ ਹਨ। ਵਿਧਾਇਕ ਸ਼ੈਰੀ ਕਲਸੀ ਵਲੋਂ ਕੀਤੇ ਲਗਾਤਾਰ ਯਤਨਾਂ ਸਦਕਾ ਪੰਜਾਬ ਟੈਕਨੀਕਲ ਯੂਨੀਵਰਸਿਟੀ ਕੈਂਪਸ, ਬਟਾਲਾ ਵਿਖੇ ਮੁੜ ਕੋਰਸਾਂ ਦੀ ਸ਼ੁਰੂਆਤ ਹੋਈ ਹੈ। ਇਸ ਮੌਕੇ ਗੱਲਬਾਤ ਦੌਰਾਨ ਵਿਧਾਇਕ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ, ਉਨ੍ਹਾਂ ਵਲੋਂ ਬੰਦ ਪਏ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਬਟਾਲਾ ਕੈਂਪਸ, ਕਾਹਨੂੰਵਾਨ ਰੋਡ ਬਟਾਲਾ ਵਿਖੇ ਨਵੇਂ ਕੋਰਸ ਚਾਲੂ ਕਰਨ ਸਬੰਧੀ, ਉਨ੍ਹਾਂ ਵਲੋਂ 2 ਪੱਤਰ ਲਿਖੇ ਗਏ ਸਨ ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਮੇਰੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ, ਨਵੇਂ ਸ਼ੈਸਨ 2024-2025 ਵਿੱਚ 2 ਕੋਰਸ ਚਾਲੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਲਈ ਮੈਂ ਮੁੱਖ ਮੰਤਰੀ ਦਾ ਧੰਨਵਾਦ ਕਰਦਾ ਹਾਂ ਅਤੇ ਉਮੀਦ ਕਰਦਾਂ ਹਾਂ ਕਿ ਭਵਿੱਖ ਵਿੱਚ ਹੋਰ ਨਵੇਂ ਕੋਰਸ ਦੇ ਕੇ ਬੱਚਿਆਂ ਦੇ ਉਜਵਲ ਭਵਿੱਖ ਲਈ ਪੂਰਨ ਸਹਿਯੋਗ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਬਹੁਤ ਖੁਸ਼ੀ ਹੋਈ ਜਦ ਪੀਟੀਯੂ ਜਲੰਧਰ ਵਲੋਂ ਸਾਲ 2024-2025 ਦਾਖਲਾ ਸ਼ੈਸਨ ਵਿੱਚ ਪੰਜਾਬ ਟੈਕਨੀਕਲ ਯੂਨੀਵਰਸਿਟੀ, ਕੈਂਪਸ ਬਟਾਲਾ ਨੂੰ ਮੁੜ ਸ਼ੁਰੂ ਕੀਤਾ ।ਦੋ ਕੋਰਸ, ਬੈਚੂਲਰ ਆਫ ਕੰਪਿਊਟਰ ਐਪਲੀਕੇਸ਼ਨ ਅਤੇ ਬੈਚੂਲਰ ਆਫ ਬਿਜ਼ਨਸ ਐਡਮਨਿਸਟ੍ਰੇਸ਼ਨ ਲਈ 60/60 ਕੁਲ 120 ਸੀਟਾਂ ਵਿੱਚ ਵਿਦਿਆਰਥੀ ਐਡਮਿਸ਼ਨ ਲੈ ਸਕਣਗੇ।ਉਨ੍ਹਾਂ ਕਿਹਾ ਕਿ ਪੰਜਾਬ ਟੈਕਨੀਕਲ ਯੂਨੀਵਰਸਿਟੀ ਕੈਂਪਸ ਬਟਾਲਾ ਵਿਖੇ ਮੁੜ ਕੋਰਸ ਸ਼ੁਰੂ ਹੋਣ ਨਾਲ ਸਰਹੱਦੀ ਖੇਤਰ ਦੇ ਵਿਦਿਆਰਥੀਆਂ ਨੂੰ ਵੱਡੀ ਸਹੂਲਤ ਮਿਲੀ ਹੈ।ਉਨ੍ਹਾਂ ਕਿਹਾ ਕਿ ਉਹ ਇਸੇ ਤਰ੍ਹਾਂ ਹਲਕੇ ਦੇ ਲੋਕਾਂ ਦੀ ਸੇਵਾ ਵਿੱਚ 24 ਘੰਟੇ ਹਾਜ਼ਰ ਹਨ ਅਤੇ ਹਲਕੇ ਦੇ ਸਰਬਪੱਖੀ ਵਿਕਾਸ ਲਈ ਦ੍ਰਿੜ ਸੰਕਲਪ ਹਨ।



# ਤਰਕਸ਼ੀਲ ਸੁਸਾਇਟੀ ਵੱਲੋਂ ਲੋਕਾਂ ਨੂੰ ਅੰਮ੍ਰਿਤਸਰ ਪੁਸਤਕ ਮੇਲੇ 'ਚ ਸ਼ਾਮਲ ਹੋਣ ਦੀ ਅਪੀਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਤਰਕਸ਼ੀਲ ਸੁਸਾਇਟੀ ਪੰਜਾਬ ਨੇ ਅੰਮ੍ਰਿਤਸਰ ਅਤੇ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਦੇ ਸਰਕਾਰੀ ਅਤੇ ਨਿੱਜੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ, ਅਧਿਆਪਕਾਂ, ਔਰਤਾਂ, ਨੌਜਵਾਨਾਂ, ਬੱਚਿਆਂ, ਕਿਸਾਨਾਂ, ਮਜ਼ਦੂਰਾਂ ਮੁਲਾਜ਼ਮਾਂ ਸਮੇਤ ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ 21 ਤੋਂ 25 ਫਰਵਰੀ ਦੇ ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲੇ ਵਿੱਚ ਪਰਿਵਾਰਾਂ ਸਮੇਤ ਸ਼ਾਮਿਲ ਹੋ ਕੇ ਮਾਂ ਬੋਲੀ ਪੰਜਾਬੀ ਅਤੇ ਮਿਆਰੀ ਸਾਹਿਤ ਨਾਲ ਜੁੜਨ ਦੀ ਜ਼ੋਰਦਾਰ ਅਪੀਲ ਕੀਤੀ ਹੈ ਤਾਂ ਕਿ ਵਿਗਿਆਨਕ ਚੇਤਨਾ ਅਤੇ ਮਾਤ ਭਾਸ਼ਾ ਆਮ ਲੋਕਾਂ ਦੀ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਬਣ ਸਕਣ।ਇਸ ਸੰਬੰਧੀ ਮਾਝਾ ਜ਼ੋਨ ਦੇ ਤਰਕਸ਼ੀਲ ਆਗੂਆਂ ਰਾਜਵੰਤ ਬਾਗੜੀਆਂ, ਸੁਮੀਤ ਅੰਮ੍ਰਿਤਸਰ, ਸੰਦੀਪ ਧਾਰੀਵਾਲ ਭੋਜਾ, ਮੁਖਤਿਆਰ ਗੋਪਾਲਪੁਰ ਅਤੇ ਰਣਜੀਤ ਗੱਗੋਮਾਹਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਇਸ ਪੁਸਤਕ ਮੇਲੇ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਤੋਂ ਇਲਾਵਾ 100 ਤੋਂ ਵੱਧ ਪ੍ਰਕਾਸ਼ਕਾਂ ਵਲੋਂ ਵਿਗਿਆਨ, ਤਰਕ, ਇਤਿਹਾਸ, ਮਨੋਵਿਗਿਆਨ, ਆਜ਼ਾਦੀ ਸੰਘਰਸ਼ ਦੀਆਂ ਲਹਿਰਾਂ, ਇਨਕਲਾਬੀ ਦੇਸ਼ ਭਗਤਾਂ, ਜਮਹੂਰੀ ਹੱਕਾਂ, ਸਿਹਤ, ਸਿੱਖਿਆ ਸਮੇਤ ਹੋਰ ਵੱਖ ਵੱਖ ਅਹਿਮ ਵਿਸ਼ਿਆਂ ਨਾਲ ਸਬੰਧਿਤ ਸਾਹਿਤਕ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ।ਉਨ੍ਹਾਂ ਕਿਹਾ ਕਿ ਪੰਜ ਦਿਨ ਚਲਣ ਵਾਲੇ ਇਸ ਪੁਸਤਕ ਮੇਲੇ ਵਿਚ ਵੱਖ-ਵੱਖ ਦਿਨਾਂ ਮੌਕੇ ਸਭਿਆਚਾਰਕ ਗੀਤ-ਸੰਗੀਤ ਦੀ ਪੇਸ਼ਕਾਰੀ, ਕਲਾ ਪ੍ਰਦਰਸ਼ਨੀਆਂ ਤੋਂ ਇਲਾਵਾ ਮਾਂ ਬੋਲੀ ਪੰਜਾਬੀ, ਉਚੇਰੀ ਸਿੱਖਿਆ, ਸਾਹਿਤ ਤੇ ਪੰਜਾਬੀ ਸਭਿਆਚਾਰ ਦੇ ਵਿਕਾਸ ਅਤੇ ਹੋਰਨਾਂ ਅਹਿਮ ਲੋਕ ਪੱਖੀ ਮੁੱਦਿਆਂ ਉਤੇ ਵਿਦਵਾਨ ਸਾਹਿਤਕਾਰਾਂ ਅਤੇ ਚਿੰਤਕਾਂ ਵਲੋਂ ਵਿਚਾਰ ਵਟਾਂਦਰਾ ਕੀਤਾ ਜਾਵੇਗਾ ।ਤਰਕਸ਼ੀਲ ਆਗੂਆਂ ਨੇ ਮੌਜੂਦਾ ਸਮਿਆਂ ਵਿੱਚ ਪੁਸਤਕ ਮੇਲਿਆਂ ਅਤੇ ਵਿਗਿਆਨਕ ਚੇਤਨਾ ਸੰਬੰਧੀ ਸਾਹਿਤ ਦੀ ਲੋੜ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਵਿਗਿਆਨਕ ਅਤੇ ਮਿਆਰੀ ਸਾਹਿਤ ਦਾ ਮਨੁੱਖੀ ਜ਼ਿੰਦਗੀ ਦੇ ਵਿਕਾਸ ਅਤੇ ਲੋਕ ਪੱਖੀ ਸਮਾਜਕ ਅਤੇ ਸਭਿਆਚਾਰਕ ਤਬਦੀਲੀ ਨਾਲ ਸਿੱਧਾ ਅਤੇ ਗੂੜ੍ਹਾ ਸੰਬੰਧ ਹੈ ਅਤੇ ਕਿਸੇ ਵਿਅਕਤੀ ਦੀ ਜ਼ਿੰਦਗੀ 'ਚੋਂ ਅੰਧ ਵਿਸ਼ਵਾਸ਼, ਵਹਿਮ ਭਰਮ, ਸਮਾਜਿਕ ਬੁਰਾਈਆਂ ਅਤੇ ਨਾਂਹ ਪੱਖੀ ਸੋਚ ਨੂੰ ਖਤਮ ਕਰਨ ਅਤੇ ਉਸਨੂੰ ਆਪਣੇ ਮਨੁੱਖੀ ਅਤੇ ਜਮਹੂਰੀ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਨ ਅਤੇ ਵਿਕਾਸ ਦੇ ਮੌਕੇ ਤਲਾਸ਼ਣ ਲਈ ਵਿਗਿਆਨਕ ਅਤੇ ਇਨਕਲਾਬੀ ਸਾਹਿਤ ਅਹਿਮ ਭੂਮਿਕਾ ਨਿਭਾਉਂਦੇ ਹਨ।ਤਰਕਸ਼ੀਲ ਆਗੂਆਂ ਨੇ ਮਿਆਰੀ ਸਾਹਿਤ ਦੇ ਅਧਿਐਨ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਕੌਮੀ ਕੌਮਾਂਤਰੀ ਪੱਧਰ ਦੇ ਇਨਕਲਾਬੀ ਸਾਹਿਤ ਦਾ ਡੂੰਘਾਈ ਨਾਲ ਅਧਿਐਨ ਕਰਨ ਕਰਕੇ ਹੀ ਇਕ ਇਨਕਲਾਬੀ ਚਿੰਤਕ ਦੇ ਤੌਰ ਤੇ ਬਰਤਾਨਵੀ ਹਕੂਮਤ ਦੇ ਖਿਲਾਫ ਆਪਣੇ ਜੱਥੇਬੰਦਕ ਆਜ਼ਾਦੀ ਸੰਘਰਸ਼ ਨੂੰ ਬੁਲੰਦੀਆਂ ਉਤੇ ਪਹੁੰਚਾਇਆ ਸੀ ਅਤੇ ਆਪਣੀ ਫਾਂਸੀ ਤੋਂ ਕੁਝ ਮਿੰਟ ਪਹਿਲਾਂ ਤਕ ਉਹ ਜੇਲ੍ਹ ਵਿਚ ਇਨਕਲਾਬੀ ਦਾਰਸ਼ਨਿਕ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ ਜਿਸ ਤੋਂ ਸਾਨੂੰ ਵਿਗਿਆਨਕ ਸੇਧ ਲੈਂਦੇ ਹੋਏ ਅਜਿਹੇ ਪੁਸਤਕ ਮੇਲਿਆਂ ਵਿਚ ਸ਼ਮੂਲੀਅਤ ਕਰਨ ਦੀ ਲੋੜ ਹੈ।ਇਸ ਮੌਕੇ ਤਰਕਸ਼ੀਲ ਇਕਾਈਆਂ ਦੇ ਮੁਖੀ ਜਸਪਾਲ ਬਾਸਰਕੇ, ਸੇਵਾ ਸਿੰਘ ਮਜਵਿੰਡ, ਨਰਿੰਦਰ ਸ਼ੇਖ ਚੱਕ, ਡਾ. ਦੀਵਾਨ ਸਿੰਘ, ਤਰਲੋਚਨ ਗੁਰਦਾਸਪੁਰ, ਹਰਪ੍ਰੀਤ ਖਿਲਚੀਆਂ, ਜਸਵਿੰਦਰ ਤਲਵੰਡੀ ਅਤੇ ਮਾਸਟਰ ਅਵਤਾਰ ਸਿੰਘ ਹਾਜ਼ਰ ਸਨ।



# ਓਪਨ ਹਾਰਟ ਸਰਜਰੀ ਤੋਂ ਬਿਨਾਂ ਦਿਲ ਦਾ ਵਾਲਵ ਬਦਲਿਆ : ਡਾ. ਆਹੂਜਾ

**ਰੋਪੜ :** ਸਰਦੀਆਂ ਦੇ ਮੌਸਮ ਵਿੱਚ ਦਿਲ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਵਾਧਾ ਹੋਣਾ ਲਾਜ਼ਮੀ ਹੈ, ਅਜਿਹੀ ਸਥਿਤੀ ਵਿੱਚ ਬਜ਼ੁਰਗਾਂ ਅਤੇ ਬਹੁਤ ਕਮਜ਼ੋਰ ਅਤੇ ਗੰਭੀਰ ਮਰੀਜਾਂ ਦੀ ਬਿਨਾਂ ਕਿਸੇ ਛਾਤੀ ਦੀ ਚੀਰਫਾੜ ਦੇ ਕਮਰ ਰਾਹੀਂ ਨਵਾਂ ਐਓਰਟਿਕ ਵਾਲਵ ਆਸਾਨੀ ਨਾਲ ਬਦਲਿਆ ਜਾ ਰਿਹਾ ਹੈ। ਇਹ ਗੱਲ ਉੱਘੇ ਦਿਲ ਦੇ ਰੋਗਾਂ ਦੇ ਮਾਹਰ ਡਾਕਟਰ ਅੰਕੁਰ ਆਹੂਜਾ ਨੇ ਅੱਜ ਰੋਪੜ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਹੀ, ਜੋ ਕਿ ਬਜ਼ੁਰਗ ਮਰੀਜ਼ਾਂ ਨੂੰ ਦਿਲ ਦੇ ਵਾਲਵ ਦੀ ਸਮੱਸਿਆ ਅਤੇ ਓਪਨ ਹਾਰਟ ਸਰਜਰੀ ਤੋਂ ਬਿਨਾਂ ਦਿਲ ਦੇ ਵਾਲਵ ਬਦਲਣ ਦੇ ਇਲਾਜ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਸ਼ਹਿਰ ਵਿੱਚ ਪਹੁੰਚੇ ਸਨ। ਫੋਰਟਿਸ ਹਸਪਤਾਲ ਦੇ ਕਾਰਡੀਓਲੋਜੀ ਵਿਭਾਗ ਦੇ ਸੀਨੀਅਰ ਕੰਸਲਟੈਂਟ ਡਾ. ਅੰਕੁਰ ਆਹੂਜਾ ਨੇ ਦੱਸਿਆ ਕਿ ਦਿਲ ਦੇ ਵਾਲਵ ਦੀ ਸਮੱਸਿਆ ਜਾਂ ਬਿਮਾਰੀ ਹੋਣ ਦੀ ਸੂਰਤ ਵਿੱਚ ਵਾਲਵ ਨੂੰ ਬਦਲਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਹਾਲ ਹੀ 'ਚ ਉਨ੍ਹਾਂ ਦੀ ਅਗਵਾਈ ਵਾਲੀ ਟੀਮ ਨੇ ਟਰਾਂਸਕੇਥੀਟਰ ਐਓਰਟਿਕ ਵਾਲਵ ਰਿਪਲੇਸਮੈਂਟ (ਟੀ ਏ ਵੀ ਆਰ) ਦੀ ਅਤਿ ਆਧੁਨਿਕ ਤਕਨੀਕ ਰਾਹੀਂ ਸਿਰਫ਼ 43 ਕਿਲੋ ਵਜ਼ਨ ਵਾਲੀ 73 ਸਾਲਾ ਔਰਤ ਨੂੰ ਨਵਾਂ ਜੀਵਨ ਦਿੱਤਾ ਹੈ।

# ਬਾਵਾ ਲਾਲ ਦਿਆਲ ਜੀ ਦਾ ਪਵਿੱਤਰ ਜਨਮ ਦਿਹਾੜਾ ਮਨਾਇਆ



**ਗੁਰਦਾਸਪੁਰ, (ਦਿਨੇਸ਼ ਕੁਮਾਰ)**

ਸਰਕਾਰੀ ਕਾਲਜ ਰੋਡ 'ਤੇ ਸਥਿਤ ਖੋਖਾ ਮਾਰਕੀਟ ਵਿੱਚ ਸ਼੍ਰੀ ਬਾਬਾ ਲਾਲ ਦਿਆਲ ਜੀ ਮਹਾਰਾਜ ਜੀ ਦਾ ਜਨਮ ਦਿਹਾੜਾ ਧੂਮ ਧਾਮ ਨਾਲ ਮਨਾਇਆ ਗਿਆ।ਇਸ ਮੌਕੇ ਪੁਲਸ ਸਟੇਸ਼ਨ ਤੋ ਅਫਸਰ ਸਹਿਬਾਨ, ਟਰੈਫਿਕ ਸੈਲ ਇੰਚਾਰਜ ਗੁਰਦਾਸਪੁਰ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਹੋਏ ਅਤੇ ਬਾਵਾ ਲਾਲ ਦਿਆਲ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ੍ਰੀ ਬਾਵਾ ਲਾਲ ਦਿਆਲ ਜੀ ਕਲੱਬ ਤ੍ਰਿਮੋ ਰੋਡ ਦੇ ਅਹੁਦੇਦਾਰ ਮੁਕੇਸ਼ ਸ਼ਰਮਾ ਵੱਲੋਂ ਦੱਸਿਆ ਗਿਆ ਕਿ ਖੋਖਾ ਮਾਰਕੀਟ ਵੱਲੋਂ ਹਰ ਸਾਲ ਬਾਵਾ ਲਾਲ ਦਿਆਲ ਜੀ ਮਹਾਰਾਜ ਦਾ ਜਨਮ ਦਿਹਾੜਾ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਅੱਜ ਵੀ ਪੂਜਾ ਅਰਚਨਾ ਕਰਨ ਤੋਂ ਬਾਅਦ ਸੰਗਤ ਲਈ ਅਟੁੱਟ ਲੰਗਰ ਲਗਾਏ ਗਏ। ਸਾਰੇ ਸਹਿਯੋਗੀ ਸਜਣਾਂ ਦਾ ਧੰਨਵਾਦ ਵੀ ਕੀਤਾ ਗਿਆ।ਇਸ ਮੌਕੇ ਚਮਨ ਲਾਲ ਗਨੀ, ਮੁਕੇਸ਼ ਸ਼ਰਮਾ, ਸੰਜੂ, ਸਾਜਨ, ਮਨੀ, ਸੰਨੀ, ਰਵਿੰਦਰ, ਰਕੇਸ਼ ਪਿੰਟਾ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਸੋਮਵਾਰ, 19 ਫਰਵਰੀ 2024

# ਭਾਜਪਾ ਦਾ ਚਿੱਕੜ ਤੇ ਕਾਂਗਰਸ ਦਾ ਕਚਰਾ

ਪਿਛਲੇ ਮੰਗਲਵਾਰ ਦੇ ਸੰਪਾਦਕੀ ਵਿੱਚ ਅਸੀਂ ਲਿਖਿਆ ਸੀ ਕਿ ਇਸ ਸਮੇਂ ਮੁੱਖ ਲੜਾਈ ਤਾਨਾਸ਼ਾਹੀ ਤੇ ਲੋਕਤੰਤਰੀ ਵਿਚਾਰਧਾਰਾ ਵਿਚਕਾਰ ਹੈ। ਰਾਹੁਲ ਗਾਂਧੀ ਵੀ ਆਪਣੀ ਯਾਤਰਾ ਦੌਰਾਨ ਵਾਰ-ਵਾਰ ਇਹੋ ਕਹਿ ਰਹੇ ਹਨ। ਅਸੀਂ ਇਹ ਵੀ ਲਿਖਿਆ ਸੀ ਕਿ ਜਿਓਂ-ਜਿਓਂ ਇਹ ਲੜਾਈ ਤੇਜ਼ ਹੋਵੇਗੀ, ਕਾਂਗਰਸ ਵਿਚਲੇ ਮੌਕਾਪ੍ਰਸਤ ਲੋਕ ਇਸ ਵਿੱਚੋਂ ਬਾਹਰ ਚਲੇ ਜਾਣਗੇ। ਅਸੀਂ ਕੋਈ ਜੋਤਸ਼ੀ ਨਹੀਂ, ਇਹ ਗੱਲ ਅਸੀਂ ਤਾਂ ਕਹੀ ਸੀ, ਕਿਉਂਕਿ ਕਾਂਗਰਸ ਦਾ ਮੌਜੂਦਾ ਜਥੇਬੰਦਕ ਸਰੂਪ ਇਹ ਲੜਾਈ ਲੜਨ ਦੇ ਯੋਗ ਨਹੀਂ ਹੈ।

ਲੰਮੇ ਸਮੇਂ ਸੱਤਾ ਵਿੱਚ ਰਹੀ ਹੋਣ ਕਾਰਨ ਕਾਂਗਰਸ ਹੌਲੀ-ਹੌਲੀ ਜਨ ਪਾਰਟੀ ਦੀ ਥਾਂ ਦਰਬਾਰੀ ਆਗੂਆਂ ਦੀ ਪਾਰਟੀ ਬਣ ਚੁੱਕੀ ਹੈ। ਇਨ੍ਹਾਂ ਆਗੂਆਂ ਨੂੰ ਹਰ ਹਾਲ ਸਰਕਾਰੀ ਕੁਰਸੀ ਚਾਹੀਦੀ ਹੈ। ਸੱਤਾ ਇਨ੍ਹਾਂ ਲਈ ਦੁਕਾਨਦਾਰੀ ਹੈ। ਇੱਕ ਸਮਾਂ ਸੀ, ਜਦੋਂ ਕਾਂਗਰਸ ਵਿੱਚ ਹੇਠਲੇ ਪੱਧਰ 'ਤੇ ਕਾਂਗਰਸ ਸੇਵਾ ਦਲ ਹੁੰਦਾ ਸੀ, ਜਿਹੜਾ ਲੋਕਾਂ ਨਾਲ ਜੁੜਿਆ ਰਹਿੰਦਾ ਸੀ। ਦਰਬਾਰੀ ਆਗੂਆਂ ਦੀ ਪੈਦਾ ਹੋਈ ਜਮਾਤ ਨੇ ਕਾਂਗਰਸ ਸੇਵਾ ਦਲ ਦੀ ਥਾਂ ਹੇਠਲੇ ਪੱਧਰ 'ਤੇ ਆਪਣੇ ਦਲਾਲਾਂ ਦੀ ਫੌਜ ਭਰਤੀ ਕਰ ਲਈ। ਇਨ੍ਹਾਂ ਆਗੂਆਂ ਦੀ ਇੱਕੋ ਸਮਝ ਸੀ, ਅੰਨ੍ਹੇਵਾਹ ਪੈਸਾ ਖਰਚ ਕੇ ਕੁਰਸੀ ਹਥਿਆਓ ਤੇ ਮੁੜ ਭ੍ਰਿਸ਼ਟਾਚਾਰ ਦੀ ਦਲਦਲ ਵਿੱਚ ਖੁੱਭ ਕੇ ਤਿਜੌਰੀਆਂ ਭਰੋ ਤੇ ਕੁਝ ਬੁਰਕੀ ਆਪਣੇ ਚਮਚੇ-ਚਾਟੜਿਆਂ ਮੂਹਰੇ ਸੁੱਟ ਦਿਓ।

ਇਹੋ ਆਗੂ ਸਨ, ਜਿਨ੍ਹਾਂ ਆਪਣੇ ਪੁੱਤ-ਪੋਤਰਿਆਂ ਨੂੰ ਕੁਰਸੀਆਂ 'ਤੇ ਪੁਚਾਉਣ ਲਈ ਕਾਂਗਰਸ ਵਿੱਚ ਆਉਣਾ ਚਾਹੁੰਦੇ ਨੌਜਵਾਨ ਪੀੜ੍ਹੀ ਦੇ ਲੋਕਾਂ ਲਈ ਦਰਵਾਜ਼ੇ ਬੰਦ ਕਰ ਦਿੱਤੇ ਸਨ। ਅੱਜ ਜੋ ਕਾਂਗਰਸ ਦੀ ਹਾਲਤ ਹੈ, ਉਸ ਲਈ ਇਹੋ ਘਾਗ ਕਹੇ ਜਾਂਦੇ ਆਗੂ ਜ਼ਿੰਮੇਵਾਰ ਹਨ।

2014 ਦੀਆਂ ਲੋਕ ਸਭਾ ਚੋਣਾਂ ਵਿੱਚ ਬੁਰੀ ਤਰ੍ਹਾਂ ਹਾਰ ਜਾਣ ਬਾਅਦ ਜਦੋਂ ਰਾਹੁਲ ਗਾਂਧੀ ਕਾਂਗਰਸ ਪ੍ਰਧਾਨ ਬਣੇ ਤਾਂ ਉਹ ਸਮਝ ਗਏ ਸਨ ਕਿ ਕਾਂਗਰਸ ਅੰਦਰ ਨੌਜਵਾਨਾਂ ਨੂੰ ਲਿਆਂਦੇ ਬਿਨਾਂ ਇਸ ਨੂੰ ਬਚਾਇਆ ਨਹੀਂ ਜਾ ਸਕਦਾ। ਕਾਂਗਰਸ ਵਿੱਚ ਪੈਦਾ ਹੋ ਚੁੱਕੀ ਇਨ੍ਹਾਂ ਆਗੂਆਂ ਦੀ ਜਮਾਤ ਨੇ ਉਸ ਦੇ ਪੈਰ ਨਾ ਲੱਗਣ ਦਿੱਤੇ। ਅਖੀਰ ਰਾਹੁਲ ਗਾਂਧੀ ਨੂੰ ਪ੍ਰਧਾਨਗੀ ਛੱਡਣੀ ਪਈ। ਰਾਹੁਲ ਗਾਂਧੀ ਨੇ ਜਦੋਂ ਦੁਬਾਰਾ ਸਰਗਰਮੀ ਫੜੀ ਤਾਂ ਇਨ੍ਹਾਂ ਦਰਬਾਰੀ ਆਗੂਆਂ ਨੇ ਜੀ-23 ਗੁੱਟ ਬਣਾ ਕੇ ਕਾਂਗਰਸ ਨੂੰ ਦੋਫਾੜ ਕੀਤੇ ਜਾਣ ਦੀ ਹਾਲਤ ਪੈਦਾ ਕਰ ਦਿੱਤੀ।

ਪਿਛਲੇ ਸਾਲ ਜਦੋਂ ਰਾਹੁਲ ਨੇ 'ਭਾਰਤ ਜੋੜੋ ਯਾਤਰਾ' ਸ਼ੁਰੂ ਕੀਤੀ ਤਾਂ ਉਸ ਨੂੰ ਸਮਝ ਆਈ ਕਿ ਅਸਲ ਲੜਾਈ ਵੱਡੇ ਕਾਰਪੋਰੇਟਾਂ ਦੇ ਵਿਰੁੱਧ ਹੈ, ਜੋ ਆਮ ਜਨਤਾ ਨੂੰ ਨਾਲ ਲੈ ਕੇ ਹੀ ਲੜੀ ਜਾ ਸਕਦੀ ਹੈ। ਇਹੋ ਵਿਚਾਰਧਾਰਕ ਲੜਾਈ ਹੈ, ਜਿਸ ਕਾਰਨ ਭ੍ਰਿਸ਼ਟ ਤੇ ਕਾਰਪੋਰੇਟ ਪੱਖੀ ਆਗੂ ਕਾਂਗਰਸ ਨੂੰ ਛੱਡ ਰਹੇ ਹਨ। ਅਸਲ ਵਿੱਚ ਇਹ ਸਾਰੇ ਰਾਜਨੀਤੀ ਦਾ ਕਚਰਾ ਹਨ, ਜਿਨ੍ਹਾਂ ਦੀ ਅਸਲ ਥਾਂ ਚਿੱਕੜ ਹੈ, ਉੱਥੇ ਉਹ ਜਾ ਰਹੇ ਹਨ। ਰਾਹੁਲ ਗਾਂਧੀ ਦੀ ਹਾਲੀਆ 'ਭਾਰਤ ਜੋੜੋ ਨਿਆਏ ਯਾਤਰਾ' ਨੇ ਹਰ ਥਾਂ ਹਜ਼ਾਰਾਂ ਨੌਜਵਾਨਾਂ ਅੰਦਰ ਕਾਂਗਰਸ ਨਾਲ ਜੁੜਨ ਦੀ ਉਮੀਦ ਜਗਾਈ ਹੈ। ਪੁਰਾਣੇ ਜਿੰਨੇ ਆਗੂ ਕਾਂਗਰਸ ਤੋਂ ਦੂਰ ਹੋਣਗੇ, ਓਨੇ ਦਰਵਾਜ਼ੇ ਨਵਿਆਂ ਲਈ ਖੁੱਲ੍ਹਣਗੇ।

ਪਿਛਲੇ ਦਿਨੀਂ ਰਾਹੁਲ ਗਾਂਧੀ ਦੀ ਯਾਤਰਾ ਓਡੀਸ਼ਾ ਵਿੱਚ ਗਈ ਸੀ। ਓਡੀਸ਼ਾ ਦੀਆਂ ਵਿਧਾਨ ਸਭਾ ਚੋਣਾਂ ਵੀ ਲੋਕ ਸਭਾ ਨਾਲ ਹੋਣੀਆਂ ਹਨ। ਇਸ ਯਾਤਰਾ ਨੇ ਓਡੀਸ਼ਾ ਦਾ ਸਿਆਸੀ ਨਕਸ਼ਾ ਹੀ ਬਦਲ ਦਿੱਤਾ ਹੈ। ਕਾਂਗਰਸ ਪਾਰਟੀ ਵੱਲੋਂ ਆਪਣੇ ਸਾਫਟਵੇਅਰ 'ਪ੍ਰਗਮਨ' ਰਾਹੀਂ ਵਿਧਾਨ ਸਭਾ ਤੇ ਲੋਕ ਸਭਾ ਚੋਣ ਲੜਨ ਦੀ ਇੱਛਾ ਰੱਖਣ ਵਾਲਿਆਂ ਤੋਂ ਦਰਖਾਸਤਾਂ ਮੰਗੀਆਂ ਗਈਆਂ ਸਨ। ਇਸ ਲਈ 4 ਤੋਂ 11 ਫਰਵਰੀ ਦਾ ਸਮਾਂ ਦਿੱਤਾ ਗਿਆ ਸੀ। ਦਰਖਾਸਤ ਦੇਣ ਵਾਲਿਆਂ ਇੱਛਕਾਂ ਨੇ ਪਿਛਲੇ ਸਭ ਰਿਕਾਰਡ ਤੋੜ ਦਿੱਤੇ ਸਨ। ਪਿਛਲੀਆਂ 2019 ਦੀਆਂ ਚੋਣਾਂ ਵਿੱਚ 147 ਵਿਧਾਨ ਸਭਾ ਸੀਟਾਂ ਲਈ 435 ਲੋਕਾਂ ਨੇ ਦਰਖਾਸਤਾਂ ਦਿੱਤੀਆਂ ਸਨ ਤੇ ਲੋਕ ਸਭਾ ਦੀਆਂ 21 ਸੀਟਾਂ ਲਈ ਸਿਰਫ਼ 70 ਉਮੀਦਵਾਰ ਹੀ ਸਾਹਮਣੇ ਆਏ ਸਨ। ਇਸ ਵਾਰ ਵਿਧਾਨ ਸਭਾ ਦੀਆਂ ਟਿਕਟਾਂ ਮੰਗਣ ਵਾਲਿਆਂ ਦੀ ਗਿਣਤੀ 2500 ਤੇ ਲੋਕ ਸਭਾ ਦੀਆਂ ਟਿਕਟਾਂ ਮੰਗਣ ਵਾਲਿਆਂ ਦੀ ਗਿਣਤੀ 670 ਤੱਕ ਪੁੱਜ ਚੁੱਕੀ ਹੈ। ਓਡੀਸ਼ਾ ਵਿੱਚ ਕਾਂਗਰਸ ਸਾਲ 2000 ਤੋਂ ਰਾਜ ਦੀ ਸੱਤਾ 'ਚੋਂ ਬਾਹਰ ਹੈ। ਉਸ ਦੇ ਸਿਰਫ਼ 9 ਵਿਧਾਇਕ ਤੇ ਇੱਕ ਸਾਂਸਦ ਹਨ। ਪਿਛਲੀਆਂ ਚੋਣਾਂ ਵਿੱਚ ਭਾਜਪਾ ਨੇ ਉਸ ਨੂੰ ਸੂਬੇ ਵਿੱਚ ਤੀਜੀ ਥਾਂ ਉੱਤੇ ਧੱਕ ਦਿੱਤਾ ਸੀ। ਇਸ ਵਾਰ ਜਾਪਦਾ ਹੈ ਕਿ ਕਾਂਗਰਸ ਤੇਲੰਗਾਨਾ ਵਾਂਗ ਓਡੀਸ਼ਾ ਵਿੱਚ ਵੀ ਬਾਜ਼ੀ ਮਾਰ ਜਾਵੇਗੀ।

ਕਮਲ ਨੂੰ ਚਿੱਕੜ 'ਚ ਖਿੜਨ ਦੇਣਾ ਚਾਹੀਦਾ ਹੈ। ਭਾਜਪਾ ਨੇ ਘਟੀਆ ਤੋਂ ਘਟੀਆ ਲੋਕਾਂ ਤੇ ਭ੍ਰਿਸ਼ਟਾਚਾਰ ਦੇ ਗੰਦੇ ਨਾਲੇ ਵਿੱਚ ਗੋਤੇ ਲਾਉਣ ਵਾਲਿਆਂ ਨੂੰ ਬੁੱਕਲ 'ਚ ਲੈ ਕੇ ਪਾਰਟੀ ਨੂੰ ਚਿੱਕੜ ਦਾ ਮਹਾਂਕੁੰਭ ਬਣਾ ਦਿੱਤਾ ਹੈ। ਇਸੇ ਚਿੱਕੜ ਵਿੱਚ ਇੱਕ ਦਿਨ ਜਨਤਾ ਤਾਨਾਸ਼ਾਹੀ ਨੂੰ ਦਫ਼ਨ ਕਰ ਦੇਵੇਗੀ।

-ਚੰਦ ਫਤਿਹਪੁਰੀ

## ਬਣਦੇ ਟੁੱਟਦੇ ਗੱਠ-ਜੋੜ

ਜਦੋਂ ਸੱਤਾ ਦੀ ਆਸ ਕੁਝ ਹੋਣ ਲੱਗਦੀ,
ਪੱਕੇ ਦੁਸ਼ਮਣ ਨੂੰ ਪਲਾਂ 'ਚ ਭੁੱਲ ਜਾਂਦੇ।
ਆਪੋ ਵਿੱਚੀਂ ਜੋ ਤੋਹਮਤਾਂ ਰੋਜ਼ ਲਾਉਂਦੇ,
'ਚੋਣਾਂ ਦੇਖ' ਇੱਕ-ਦੂਜੇ 'ਤੇ ਡੁੱਲ੍ਹ ਜਾਂਦੇ।
ਪਹਿਲਾ ਛੱਡ ਕੇ 'ਦੂਸਰੇ' ਨਾਲ ਰਲਦੇ,
ਪਹਿਲਾਂ ਵਾਲੇ ਦੇ ਦੀਵੇ ਹੋ ਗੁੱਲ ਜਾਂਦੇ।
ਬੀਤੇ ਸਮੇਂ ਨੂੰ ਉਦੋਂ ਪਛਤਾਉਣ ਲੱਗਦੇ,
ਝੱਖੜ ਜਦੋਂ ਨੁਕਸਾਨ ਕਰ ਝੁੱਲ ਜਾਂਦੇ।
ਗੈਰਤ, ਅਣਖ ਨੂੰ ਛਿੱਕੇ 'ਤੇ ਟੰਗ ਕੇ ਜੀ,
ਬਣ ਤਕੜੇ ਦੀ 'ਪਤਨੀ' ਵੀ ਫੁੱਲ ਜਾਂਦੇ।
'ਗੱਠ-ਜੋੜ' ਨੂੰ 'ਗੱਠਾਂ' ਤਾਂ ਰੋਜ਼ ਦਿੰਦੇ,
ਜੋੜ ਬੱਝਣ ਤੋਂ ਪਹਿਲਾਂ ਪਰ ਖੁੱਲ੍ਹ ਜਾਂਦੇ।

ਤਰਲੋਚਨ ਸਿੰਘ ਦੁਪਾਲਪੁਰ, 78146-92724

# ਪੂੰਜੀਵਾਦੀ ਹਵਸ ਕਾਰਨ ਧਰਤੀ ਦੀ ਤਬਾਹੀ


ਗੁਰਚਰਨ ਸਿੰਘ ਨੂਰਪੁਰ

ਸਾਨੂੰ ਸਭ ਦੱਸਿਆ ਜਾ ਰਿਹਾ ਹੈ ਕਿ ਦੁਨੀਆ ਵਿਕਾਸ ਕਰ ਰਹੀ ਹੈ। ਧਰਤੀ ਦੀ ਤਬਾਹੀ ਨਾਲ ਹੋ ਰਹੇ ਵਿਨਾਸ਼ ਨੂੰ ਵਿਕਾਸ ਸਮਝਣਾ ਸਾਡਾ ਬਹੁਤ ਵੱਡਾ ਭਰਮ ਹੈ। ਹਕੀਕਤ ਵਿੱਚ ਇਹ ਵਿਕਾਸ ਪੂੰਜੀਵਾਦ ਦੀ ਹਵਸ ਲਈ ਵਿਕਾਸ ਹੈ।

ਇਸ ਅਖੌਤੀ ਵਿਕਾਸ ਵਿੱਚ ਬਹੁਤ ਕੁਝ ਤਬਾਹ ਹੋ ਰਿਹਾ ਹੈ। ਇਸ ਤਬਾਹੀ ਵਿੱਚੋਂ ਮਨੁੱਖ ਆਪਣੇ ਸੁਨਹਿਰੀ ਭਵਿੱਖ ਦੇ ਸੁਪਨੇ ਵੇਖ ਰਿਹਾ ਹੈ, ਜਦਕਿ ਇਹ ਉਹਦੀ ਵੱਡੀ ਭੁੱਲ ਹੈ। ਅਸੀਂ ਕਿਹੋ ਜਿਹੀ ਦੁਨੀਆਂ ਦੀ ਸਿਰਜਣਾ ਵੱਲ ਵਧ ਰਹੇ ਹਾਂ, ਇਸ ਲਈ ਵੱਡੇ ਚਿੰਤਨ ਦੀ ਲੋੜ ਹੈ, ਪਰ ਇਸ ਦੀ ਚਿੰਤਾ ਬਹੁਤ ਘੱਟ ਹੋ ਰਹੀ ਹੈ। ਜਿਸ ਸੰਸਾਰ ਦੀ ਅਸੀਂ ਸਿਰਜਣਾ ਕਰਨ ਜਾ ਰਹੇ ਹਾਂ, ਉਸ ਵਿੱਚ ਧਰਤੀ ਦੇ ਜੰਗਲਾਂ ਦੀ ਤਬਾਹੀ ਹੈ, ਪਾਣੀਆਂ ਦੀ ਬਰਬਾਦੀ ਹੈ, ਪਹਾੜਾਂ ਦਾ ਸਫਾਇਆ, ਖਾਣਾਂ ਪੁੱਟ-ਪੁੱਟ ਕੇ ਧਰਤੀ ਦੇ ਬਹੁਮੁੱਲੇ ਖਣਿਜਾਂ ਦੀ ਖੋਹਾ-ਖੋਹੀ ਹੈ, ਤੇਲ ਦੇ ਭੰਡਾਰਾਂ ਤੇ ਕਬਜ਼ੇ, ਪ੍ਰਮਾਣੂ, ਹਾਈਡ੍ਰੋਜਨ ਹਥਿਆਰਾਂ ਦੇ ਜ਼ਖੀਰੇ, ਨਸ਼ਿਆਂ ਦਾ ਪੂਰੀ ਦੁਨੀਆਂ ਤੱਕ ਫੈਲਿਆ ਵਿਸ਼ਾਲ ਕਾਰੋਬਾਰ, ਧਰਤੀ ਦੇ ਜੈਵ ਚੱਕਰ ਨੂੰ ਤਬਾਹ ਕਰਨ ਲਈ ਜ਼ਹਿਰਾਂ ਸਪਰੇਹਾਂ, ਕੁਦਰਤ ਦੇ ਤਿੰਨ ਅੰਗ; ਧਰਤੀ,ਹਵਾ ਤੇ ਪਾਣੀ ਦਾ ਪ੍ਰਦੂਸ਼ਣ, ਸਮੁੰਦਰ ਵਿੱਚ ਪਲਾਸਟਿਕ ਦੇ ਕਚਰੇ ਦੇ ਵੱਡੇ ਢੇਰ ਇਸ ਸਭ ਕੁਝ ਨੇ ਮਿਲ ਕੇ ਧਰਤੀ ਦੇ ਸੁਹੱਪਣ ਨੂੰ ਦਾਗਦਾਰ ਕਰ ਦਿੱਤਾ ਹੈ। ਇਸ ਨਾਲ ਜੀਵਨ ਲਈ ਵੱਡੇ ਖਤਰੇ ਪੈਦਾ ਹੋ ਗਏ ਹਨ। ਇੱਥੇ ਸਵਾਲ ਪੈਦਾ ਹੁੰਦਾ ਹੈ ਇਹ ਸਭ ਕੁਝ ਕਿਸ ਨੇ ਪੈਦਾ ਕੀਤਾ? ਇਹਦਾ ਜਵਾਬ ਹੈ ਮਨੁੱਖੀ ਹਵਸ ਨੇ। ਅਸੀਂ ਇਸ ਭਰਮ ਵਿੱਚ ਹਾਂ ਕਿ ਸੰਸਾਰ ਭਰ ਦੀਆਂ ਸਰਕਾਰਾਂ ਨੂੰ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਚਲਾਉਂਦੇ ਹਨ ਅਤੇ ਸਰਕਾਰਾਂ ਇਸ ਸੰਸਾਰ ਨੂੰ ਚਲਾਉਂਦੀਆਂ ਹਨ, ਪਰ ਹਕੀਕਤ ਇਹ ਹੈ ਇਸ ਦੁਨੀਆ ਨੂੰ ਕਾਰਪੋਰੇਟ ਜਗਤ ਚਲਾ ਰਿਹਾ ਹੈ। ਕੁਝ ਕੁ ਮੁੱਠੀਭਰ ਪੂੰਜੀਪਤੀ ਜਮਾਤਾਂ ਚਲਾ ਰਹੀਆਂ ਹਨ, ਜੋ ਪੂਰੀ ਦੁਨੀਆ ਲਈ ਨੀਤੀਆਂ ਘੜਦੀਆਂ ਹਨ।

ਪੂੰਜੀਵਾਦੀ ਕਾਰਪੋਰੇਸ਼ਨਾਂ ਦੇ ਉਜਾੜੇ ਨਾਲ ਦੁਨੀਆ ਵਿੱਚ ਅਜਿਹੀਆਂ ਅਲਾਮਤਾਂ ਪੈਦਾ ਹੋ ਰਹੀਆਂ ਹਨ, ਜੋ ਧਰਤੀ ਦੀ ਤਬਾਹੀ ਦਾ ਕਾਰਨ ਬਣ ਰਹੀਆਂ ਹਨ। ਇਹਨਾਂ ਨੀਤੀਆਂ ਨੇ ਜਿੱਥੇ ਦੁਨੀਆ ਭਰ ਵਿੱਚ ਜਨਤਕ ਅਦਾਰਿਆਂ ਦਾ ਖਾਤਮਾ ਕਰ ਦਿੱਤਾ ਹੈ, ਉੱਥੇ ਅਜਿਹੇ ਕਰੂਰ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਇੱਕੀਵੀਂ ਸਦੀ ਵਿੱਚ ਵੀ ਧਰਤੀ ਦੇ ਕਰੋੜਾਂ ਲੋਕ ਭੁੱਖ ਨਾਲ ਮਰ ਰਹੇ। ਕਰੋੜਾਂ ਲੋਕ ਹਨ, ਜਿਹਨਾਂ ਕੋਲ ਪੀਣ ਵਾਲਾ ਪਾਣੀ ਨਹੀਂ, ਇਹ ਲੋਕ ਗੰਦੇ ਨਾਲਿਆਂ, ਟੋਬਿਆਂ ਦਾ ਪਾਣੀ ਪੀਣ ਲਈ ਮਜਬੂਰ ਹਨ। ਧਰਤੀ ਦੇ ਲੱਖਾਂ ਲੋਕ ਬਿਮਾਰੀਆਂ, ਦੁਸ਼ਵਾਰੀਆਂ ਨਾਲ ਘੁਲਦੇ ਨਰਕ ਭਰਿਆ ਜੀਵਨ ਬਤੀਤ ਕਰਨ ਲਈ ਮਜਬੂਰ ਹਨ। ਇਹਨਾਂ ਵਿੱਚ ਕਾਰਪੋਰੇਟ ਹਸਪਤਾਲਾਂ ਵਿੱਚ ਜਾ ਕੇ ਆਪਣਾ ਇਲਾਜ ਕਰਾਉਣ ਦੀ ਆਰਥਕ ਸੱਤਿਆ ਨਹੀਂ ਰਹੀ।

ਪੂਰੀ ਦੁਨੀਆ ਵਿੱਚ ਜੇਕਰ ਅੱਜ ਵਾਤਾਵਰਣ ਦੀ ਤਬਾਹੀ ਦੀ ਹਾਲ ਪਾਹਰਿਆ ਹੋ ਰਹੀ ਹੈ ਤਾਂ ਇਸ ਲਈ ਜ਼ਿੰਮੇਵਾਰ ਪੂੰਜੀਵਾਦੀ ਨੀਤੀਆਂ ਹਨ, ਜਿਹਨਾਂ 'ਤੇ ਚਲਦਿਆਂ ਜੰਗਲ ਤਬਾਹ ਕੀਤੇ ਜਾ ਰਹੇ ਹਨ। ਧਰਤੀ 'ਤੇ ਕੂੜੇ ਦੇ ਢੇਰ ਹਰ ਦਿਨ ਵਧ ਰਹੇ ਹਨ। ਕੂੜੇ ਨੂੰ ਸਮੇਟਣ ਦੀ ਸਮੱਸਿਆ ਪੂਰੀ ਦੁਨੀਆ ਵਿੱਚ ਹੈ। ਇਸੇ ਹੀ ਤਰ੍ਹਾਂ ਸਮੁੰਦਰ ਦੇ ਪਾਣੀਆਂ ਵਿੱਚ ਪਲਾਸਟਿਕ ਦੇ ਕਚਰੇ ਦੇ ਟਾਪੂ ਬਣ ਰਹੇ ਹਨ। ਇਹ ਹਰ ਦਿਨ ਵਧ ਰਹੇ ਹਨ। ਜੇਕਰ ਸਮੁੰਦਰੀ ਕਚਰਾ ਇਸੇ ਮਿਕਦਾਰ ਨਾਲ ਸਮੁੰਦਰ ਵਿੱਚ ਸੁੱਟਿਆ ਜਾਂਦਾ ਰਿਹਾ ਤਾਂ ਆਉਣ ਵਾਲੇ ਸਮੇਂ ਦੌਰਾਨ ਸਮੁੰਦਰ ਜੀਵਾਂ ਤੋਂ ਸਮੁੰਦਰੀ ਕਚਰੇ ਦੀ ਮਾਤਰਾ ਵੱਧ ਹੋ ਜਾਵੇਗੀ। ਇਹ ਕਚਰਾ ਜਿੱਥੇ ਸਮੁੰਦਰੀ ਜੀਵਾਂ ਦੀ ਜਾਨ ਦਾ ਖੌਅ ਬਣ ਰਿਹਾ ਹੈ, ਉੱਥੇ ਇਸ ਨਾਲ ਸਮੁੰਦਰੀ ਜੀਵਾਂ 'ਤੇ ਪਲਣ ਵਾਲੇ ਲੱਖਾਂ ਲੋਕਾਂ ਦੀ ਸਿਹਤ ਲਈ ਵੱਡੀਆਂ ਸਮੱਸਿਆਵਾਂ ਖੜੀਆਂ ਕਰ ਰਿਹਾ ਹੈ। ਕਿਸੇ ਸਰਕਾਰ ਕੋਲ ਏਨੀ ਸੱਤਿਆ ਨਹੀਂ ਕਿ ਇਸ ਕਾਰਪੋਰੇਟ ਵਿਕਾਸ ਮਾਡਲ 'ਤੇ ਉਂਗਲ ਚੁੱਕ ਸਕੇ।

ਭਵਿੱਖ ਵਿੱਚ ਦੁਨੀਆ ਵਿੱਚ ਤੇਲ ਦੀ ਆਰਥਕ ਸਰਦਾਰੀ ਖੁਸਣ ਜਾ ਰਹੀ ਹੈ, ਜਿਸ ਨਾਲ ਦੁਨੀਆ ਵਿੱਚ ਬਹੁਤ ਵੱਡੀਆਂ ਤਬਦੀਲੀਆਂ ਵਾਪਰਨ ਵਾਲੀਆਂ ਹਨ। ਤੇਲ 'ਤੇ ਨਿਰਭਰਤਾ ਖਤਮ ਹੋਣ ਨਾਲ ਦੁਨੀਆ ਇੱਕ ਨਵੇਂ ਦੌਰ ਵਿੱਚ ਪ੍ਰਵੇਸ਼ ਕਰਨ ਜਾ ਰਹੀ ਹੈ, ਜਿਸ ਲਈ ਕਾਰਪੋਰੇਟ ਲਾਬੀ ਹੁਣ ਤੋਂ ਸਰਗਰਮ ਹੋ ਰਹੀ ਹੈ। ਭਵਿੱਖ ਵਿੱਚ ਮੋਬਾਇਲ ਨੈੱਟਵਰਕ, ਸੰਚਾਰ ਸਾਧਨ, ਇੰਟਰਨੈੱਟ ਦੀ ਦੁਨੀਆ, ਸਾਡਾ ਖਾਣ-ਪੀਣ, ਦਫਤਰੀ ਕੰਮਕਾਜ ਆਦਿ ਇਹ ਸਭ ਕੁਝ ਵੀ ਬੜੀ ਤੇਜ਼ੀ ਨਾਲ ਤਬਦੀਲ ਹੋਣ ਜਾ ਰਿਹਾ ਹੈ। ਇਸ ਸਭ ਕੁਝ ਨੂੰ ਪੂੰਜੀਪਤੀ ਕੰਪਨੀਆਂ ਨੇ ਬਹੁਤ ਚੰਗੀ ਤਰ੍ਹਾਂ ਭਾਂਪ ਲਿਆ ਹੈ। ਅਸੀਂ ਕਹਿ ਸਕਦੇ ਹਾਂ ਇਸ ਸਮੇਂ ਦੁਨੀਆਂ ਇੱਕ ਵੱਡੀ ਤਬਦੀਲੀ ਦੇ ਮੋੜ 'ਤੇ ਖੜੀ ਹੈ। ਇੰਟਰਨੈੱਟ, ਦੂਰਸੰਚਾਰ, ਆਟੋਮੋਬਾਈਲ ਅਤੇ ਤੇਲ ਦੇ ਕਾਰੋਬਾਰ ਆਦਿ ਜਿਹੜੇ ਖੇਤਰਾਂ ਤੋਂ ਮੋਟੀਆਂ ਕਮਾਈਆਂ ਹੁੰਦੀਆਂ ਸਨ, ਉਹ ਜਾਣ ਗਈਆਂ ਹਨ ਕਿ ਭਵਿੱਖ ਵਿੱਚ ਸਪੇਸਐਕਸ, ਸਟਾਰਲਿੰਕ ਅਤੇ ਟੈਸਲਾ ਮੋਟਰ ਜਿਹੀਆਂ ਕੰਪਨੀਆਂ ਦੀ ਸਰਦਾਰੀ ਕਰਕੇ ਉਹਨਾਂ ਦੇ ਕਾਰੋਬਾਰ ਖੁਸਣ ਜਾ ਰਹੇ ਹਨ।

ਇਸ ਲਈ ਇਹਨਾਂ ਖੇਤਰਾਂ ਵਿੱਚ ਕੰਮ ਕਰਦੀਆਂ ਕੰਪਨੀਆਂ ਦਾ ਸਾਰਾ ਜ਼ੋਰ ਵੱਧ ਤੋਂ ਵੱਧ ਜ਼ਮੀਨਾਂ ਹਥਿਆਉਣ, ਬੀਜਾਂ, ਦਵਾਈਆਂ, ਅਨਾਜ ਅਤੇ ਮੰਡੀਆਂ, ਰੇਲਾਂ, ਅਨਾਜ ਦੀ ਢੋਆ-ਢੋਆਈ ਲਈ ਸੜਕਾਂ ਦਾ ਜਾਲ ਅਤੇ ਇਹਨਾਂ 'ਤੇ ਗਲਬਾ ਪਾਉਣ ਦੀ ਤਾਕ ਵਿੱਚ ਵਿੱਚ ਹਨ। ਦੁਨੀਆ ਦੇ ਵੱਖ-ਵੱਖ ਖੇਤਰਾਂ ਵਿੱਚ ਕਾਰਪੋਰੇਟ ਕਿਸੇ ਵੀ ਢੰਗ ਨਾਲ ਜ਼ਮੀਨਾਂ 'ਤੇ ਕਾਬਜ਼ ਹੋਣ ਲਈ ਯਤਨਸ਼ੀਲ ਹੈ।

ਸਾਨੂੰ ਇਹ ਸਮਝਣਾ ਪਵੇਗਾ ਕਿ ਕਾਰਪੋਰੇਟਾਂ ਪੂੰਜੀਪਤੀਆਂ ਦੀ ਵੀ ਆਪਸੀ ਮੁਕਾਬਲੇਬਾਜ਼ੀ ਚਲਦੀ ਰਹਿੰਦੀ ਹੈ। ਜਿੱਥੇ ਕੁਝ ਪੂੰਜੀਪਤੀ ਕੰਪਨੀਆਂ ਦੁਨੀਆ ਦੇ ਪੁਲਾੜ ਖੇਤਰ, ਇੰਟਰਨੈੱਟ ਅਤੇ ਆਟੋਮੋਬਾਈਲ ਖੇਤਰ ਵਿੱਚ ਕਾਬਜ਼ ਹੋ ਰਹੀਆਂ ਹਨ, ਉੱਥੇ ਇਹਨਾਂ ਖੇਤਰਾਂ ਤੋਂ ਬਾਹਰ ਹੋ ਰਹੀਆਂ ਕੰਪਨੀਆਂ ਦਾ ਅਗਲਾ ਮਿਸ਼ਨ ਮਨੁੱਖ ਦੀ ਭੁੱਖ ਤੋਂ ਮੋਟੀਆਂ ਕਮਾਈਆਂ ਕਰਨਾ ਹੈ। ਜਿੱਥੇ ਇਸ ਸਬੰਧੀ ਖੋਜਾਂ ਹੋ ਰਹੀਆਂ ਹਨ ਕਿ ਮਨੁੱਖ ਦੇ ਖਾਣੇ ਦੇ ਸਵਾਦ ਨੂੰ ਸਮਝਿਆ ਜਾਵੇ, ਤਾਂ ਕਿ ਉਸ ਤੋਂ ਭਵਿੱਖ ਵਿੱਚ ਮੋਟੀਆਂ ਕਮਾਈਆਂ ਕੀਤੀਆਂ ਜਾ ਸਕਣ। ਪੂਰੀ ਦੁਨੀਆ ਵਿੱਚ ਖਾਣੇ ਦਾ ਰਵਾਇਤੀ ਢੰਗ ਬਦਲ ਰਿਹਾ ਹੈ। ਛੋਟੇ-ਵੱਡੇ ਸ਼ਹਿਰਾਂ ਵਿੱਚ ਮੈਕਡੋਨਲ, ਸਬਵੇਅ, ਬਰਿਸਟਾ, ਕੇ ਐੱਫ ਸੀ ਵਰਗੀਆਂ ਕੰਪਨੀਆਂ ਕਰੋੜਾਂ ਰੁਪਏ ਖਰਚ ਕੇ ਆਪਣੇ ਸੈਂਟਰ ਸਥਾਪਤ ਕਰ ਰਹੀਆਂ ਹਨ। ਆਨਲਾਈਨ ਆਰਡਰ ਕਰਨ ਨਾਲ ਖਾਣਾ ਮੰਗਵਾਉਣ ਅਤੇ ਖਾਣ ਦਾ ਚਲਨ ਵਧ ਜਾਵੇਗਾ। ਦੁਨੀਆ ਭਰ ਵਿੱਚ ਰੋਟੀ ਇੱਕ ਵੱਡੀ ਸਨਅਤ ਬਣ ਰਹੀ ਹੈ। ਸਾਡੀ ਰਸੋਈ ਸਾਡੇ ਵੇਂਹਦਿਆਂ-ਵੇਂਹਦਿਆਂ ਹੀ ਸਾਡੇ ਘਰਾਂ 'ਚੋਂ ਗਾਇਬ ਹੋ ਜਾਵੇਗੀ। ਭਵਿੱਖ ਵਿੱਚ ਅਜਿਹੀ ਵਿਵਸਥਾ ਬਣਾ ਦਿੱਤੀ ਜਾਵੇਗੀ ਕਿ ਸਾਨੂੰ ਇਹ ਲੱਗਣ ਲੱਗੇਗਾ ਕਿ ਘਰ ਖਾਣਾ ਬਣਾਉਣ ਨਾਲੋਂ ਬਾਹਰ ਦਾ ਖਾਣਾ ਸਸਤਾ ਪੈਂਦਾ ਹੈ। ਸਮਾਜ ਦੀ ਬਹੁਗਿਣਤੀ ਪੂਰੀ ਤਰ੍ਹਾਂ ਇਸ 'ਤੇ ਨਿਰਭਰ ਹੋ ਜਾਵੇਗੀ। ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਤਬਦੀਲ ਹੋ ਜਾਣਗੀਆਂ। ਜਿੱਥੇ ਇਸ ਨਾਲ ਸਿਹਤ ਸਮੱਸਿਆਵਾਂ ਗੰਭੀਰ ਹੋਣਗੀਆਂ, ਸਾਡਾ ਤੰਦਰੁਸਤ ਰਹਿਣਾ ਲਗਭਗ ਖਤਮ ਹੋ ਜਾਵੇਗਾ, ਉੱਥੇ ਵਾਤਾਵਰਣ ਸੰਕਟ ਹੋਰ ਭਿਆਨਕ ਬਣੇਗਾ। ਚਾਹੇ ਸਾਡੀਆਂ ਲੋੜਾਂ ਹੋਣ ਜਾਂ ਸਾਡੇ ਸੰਕਟ ਹੋਣ, ਕਾਰਪੋਰੇਟ ਜਗਤ ਇਹਨਾਂ ਦੋਹਾਂ ਹਾਲਤਾਂ ਵਿੱਚ ਹੀ ਲੋਕਾਂ ਤੋਂ ਕਮਾਈ ਕਰਨੀ ਜਾਣਦਾ ਹੈ।

ਉਪਜਾਊ ਅਤੇ ਖਣਿਜ ਪਦਾਰਥ ਪੈਦਾ ਕਰਨ ਵਾਲੀਆਂ ਜ਼ਮੀਨਾਂ 'ਤੇ ਕਬਜ਼ੇ ਕਰਨ ਲਈ ਕਾਰਪੋਰੇਟ ਲਾਬੀ ਪਿਛਲੇ ਅਰਸੇ ਤੋਂ ਸਰਗਰਮੀ ਨਾਲ ਕੰਮ ਕਰ ਰਹੀ ਹੈ। ਦੁਨੀਆ ਦੇ ਵੱਖ-ਵੱਖ ਖਿੱਤਿਆਂ ਵਿੱਚ ਜ਼ਮੀਨਾਂ ਹਥਿਆਉਣ ਲਈ ਵਾਤਾਵਰਣ ਨੂੰ ਤਬਾਹ ਕੀਤਾ ਜਾ ਰਿਹਾ ਹੈ ਜੰਗਲ ਸਾੜੇ ਜਾ ਰਹੇ ਹਨ, ਐਮਾਜੋਨ ਦੇ ਜੰਗਲਾਂ ਵਿੱਚ ਲੱਗੀ ਅੱਗ ਨੂੰ ਜਾਣ ਬੁੱਝ ਕੇ ਨਹੀਂ ਬੁਝਾਇਆ ਜਾਂਦਾ ਤਾਂ ਕਿ ਜੰਗਲਾਂ ਨੂੰ ਸਾਫ ਕਰਕੇ ਹਜਾਰਾਂ ਏਕੜਾਂ 'ਤੇ ਕਬਜ਼ਾ ਕੀਤਾ ਜਾ ਸਕੇ। ਇਸੇ ਤਰ੍ਹਾਂ ਕਬਾਇਲੀ ਇਲਾਕਿਆਂ ਵਿੱਚੋਂ ਹਜ਼ਾਰਾਂ ਸਾਲਾਂ ਤੋਂ ਰਹਿ ਰਹੇ ਲੋਕਾਂ ਨੂੰ ਉਜਾੜਿਆ ਜਾ ਰਿਹਾ ਹੈ। ਇਹਨਾਂ ਦੇ ਘਰਾਂ, ਝੁੱਗੀਆਂ ਨੂੰ ਅੱਗਾਂ ਲਾ ਕੇ ਸਾੜ ਕੇ ਸਵਾਹ ਕੀਤਾ ਜਾਂਦਾ ਹੈ। ਵਿਰੋਧ ਕਰਨ ਵਾਲਿਆਂ ਨੂੰ ਗੋਲੀਆਂ ਨਾਲ ਭੁੰਨਿਆ ਜਾਂਦਾ ਹੈ। ਇਲਜ਼ਾਮ ਇਹ ਲਾਇਆ ਜਾਂਦਾ ਹੈ ਕਿ ਇਹ ਲੋਕ ਵਿਕਾਸ ਵਿੱਚ ਰੋੜਾ ਬਣਦੇ ਹਨ। ਇਹਨਾਂ ਦੇ ਵਿਰੋਧਾਂ ਨੂੰ ਸਟੇਟ ਦੀ ਤਾਕਤ ਨਾਲ ਕੁਚਲ ਦਿੱਤਾ ਜਾਂਦਾ ਹੈ। ਇਹਨਾਂ ਦੀਆਂ ਜ਼ਮੀਨਾਂ ਹਥਿਆ ਲਈਆਂ ਜਾਂਦੀਆਂ ਹਨ, ਤਾਂ ਕਿ ਇਹਨਾਂ ਥਾਵਾਂ 'ਤੇ ਕਬਜ਼ੇ ਕਰਕੇ ਧਰਤੀ ਹੇਠੋਂ ਖਣਿਜ ਕੱਢੇ ਜਾ ਸਕਣ। ਕੋਲੇ, ਲੋਹੇ ਅਤੇ ਸੋਨੇ ਦੀਆਂ ਖਾਣਾਂ 'ਤੇ ਕਾਰਪੋਰੇਟ ਕੰਪਨੀਆਂ ਕਾਬਜ਼ ਹੋ ਗਈਆਂ ਹਨ। ਦੁਨੀਆਂ ਵਿੱਚ ਜਿੱਥੇ-ਜਿੱਥੇ ਸੋਨੇ ਲਈ ਖੋਦਾਈ ਹੁੰਦੀ ਹੈ, ਲੱਖਾਂ ਟਨ ਧਰਤੀ ਨੂੰ ਖੁਰਦ-ਬੁਰਦ ਕੀਤਾ ਜਾਂਦਾ ਹੈ, ਜਿਸ ਨਾਲ ਧਰਤੀ ਦੇ ਤਲ ਵਿੱਚ ਸੈਂਕੜੇ ਮੀਟਰ ਡੂੰਘੇ ਟੋਏ ਪੁੱਟੇ ਜਾਂਦੇ ਹਨ। ਖੁਰਦ-ਬੁਰਦ ਕੀਤੀ ਜਾਂਦੀ ਮਿੱਟੀ 'ਚੋਂ ਉਡਦੀ ਧੂੜ-ਮਿੱਟੀ ਵਾਤਾਵਰਣ ਲਈ ਖਾਸ ਕਰਕੇ ਜਾਨਵਰਾਂ, ਰੁੱਖਾਂ, ਬੂਟਿਆਂ ਅਤੇ ਬਨਸਪਤੀ ਲਈ ਸੰਕਟ ਪੈਦਾ ਕਰਦੀ ਹੈ।

ਸਾਡੀ ਇਹ ਪਿਆਰੀ ਧਰਤੀ, ਜੋ ਯੁਗਾਂ-ਯੁਗਾਂਤਰਾਂ ਤੋਂ ਪਾਲਦੀ ਅਤੇ ਸੰਭਾਲਦੀ ਆਈ ਹੈ। ਇਹ ਧਰਤੀ ਇੱਥੇ ਰਹਿਣ ਵਾਲੇ ਹਰ ਮਨੁੱਖ ਲਈ ਸਾਫ ਪਾਣੀ ਤੇ ਚੰਗੀ ਖੁਰਾਕ ਪੈਦਾ ਕਰਨ ਦੇ ਸਮਰੱਥ ਹੈ। ਉਹ ਕਿਹੜੀਆਂ ਧਿਰਾਂ ਹਨ ਜੋ ਇਸ ਦੀ ਤਬਾਹੀ ਦੇ ਮੰਜ਼ਰ ਦੀ ਸਿਰਜਣਾ ਕਰ ਰਹੀਆਂ ਹਨ, ਉਹਨਾਂ ਨੂੰ ਪਹਿਚਾਨਣ ਦੀ ਲੋੜ ਹੈ।

ਸਾਨੂੰ ਅੱਜ ਇਹ ਵਿਚਾਰਨ ਦੀ ਲੋੜ ਹੈ ਕਿ ਕਾਰਪੋਰੇਟ ਵਿਕਾਸ ਮਾਡਲ ਨਾਲ ਦੁਨੀਆ ਦਾ ਭਲਾ ਨਹੀਂ ਹੋ ਸਕਦਾ। ਇਹ ਉਹ ਵਿਕਾਸ ਮਾਡਲ ਹੈ, ਜੋ ਧਰਤੀ ਦੀ ਤਬਾਹੀ ਦੀ ਇਬਾਰਤ ਲਿਖ ਰਿਹਾ ਹੈ। ਉਹ ਵਿਕਾਸ ਮਾਡਲ, ਜਿਸ ਵਿੱਚ ਦੁਨੀਆ ਦਾ ਪੈਸਾ ਕੁਝ ਹੀ ਹੱਥਾਂ ਤੱਕ ਸੀਮਤ ਹੋ ਰਿਹਾ ਹੈ। ਇਹ ਵਿਕਾਸ ਮਾਡਲ ਏਨਾ ਭਿਆਨਕ ਵਿਕਾਸ ਮਾਡਲ ਹੈ, ਇਹ ਲੋਕਾਂ ਦੇ ਰੋਜ਼ਗਾਰ ਹੀ ਨਹੀਂ, ਬਲਕਿ ਰੋਜ਼ਗਾਰ ਪੈਦਾ ਕਰਨ ਵਾਲੀਆਂ ਸੰਸਥਾਵਾਂ ਨੂੰ ਹੀ ਨਿਗਲ ਰਿਹਾ ਹੈ। ਬੇਰੁਜ਼ਗਾਰਾਂ ਲਈ ਨੌਕਰੀਆਂ ਨਹੀਂ ਹਨ, ਨੌਕਰੀਆਂ ਕਰਨ ਵਾਲਿਆਂ ਨੂੰ ਇਹ ਡਰ ਪੈਦਾ ਹੋ ਗਿਆ ਹੈ ਕਿ ਉਹਨਾਂ ਦੀਆਂ ਨੌਕਰੀਆਂ ਖੁਸ ਸਕਦੀਆਂ ਹਨ।

ਅੱਜ ਸਮਾਂ ਮੰਗ ਕਰਦਾ ਹੈ ਕਿ ਦੁਨੀਆਂ ਭਰ ਦੇ ਲੋਕਾਂ ਨੂੰ ਇਸ ਵਿਸ਼ੇ 'ਤੇ ਲਿਖਣ, ਬੋਲਣ, ਇਹਨਾਂ ਵਰਤਾਰਿਆਂ ਨੂੰ ਸਮਝਣ ਤੇ ਜਾਗਰੂਕ ਹੋਣ ਦੀ ਬਹੁਤ ਵੱਡੀ ਲੋੜ ਹੈ।

# ਸੰਪਰਕ : 98550-51099

# ਬੱਸ ਸਫ਼ਰ ਦੀਆਂ ਖੱਟੀਆਂ-ਮਿੱਠੀਆਂ ਯਾਦਾਂ


ਨਰਿੰਦਰ ਸੋਹਲ

ਲਗਭਗ 26-27 ਸਾਲ ਤੋਂ ਬੱਸ ਦਾ ਸਫਰ ਸ਼ੁਰੂ ਹੋਇਆ ਸੀ, ਜੋ ਜ਼ਿੰਦਗੀ ਦਾ ਅਹਿਮ ਹਿੱਸਾ ਹੀ ਬਣ ਗਿਆ ਹੈ। ਵੈਸੇ ਬੱਸਾਂ ਵਿੱਚ ਸਫਰ ਕਰਦਿਆਂ ਜ਼ਿੰਦਗੀ ਦੇ ਚੰਗੇ ਤਜਰਬੇ ਹੋ ਜਾਂਦੇ ਹਨ। ਅਕਸਰ ਸੋਚਦੀ ਹਾਂ ਕਿ ਜੋ ਲੋਕ ਸਿਰਫ ਗੱਡੀ ਵਿੱਚ ਸਫਰ ਕਰਨਾ ਪਸੰਦ ਕਰਦੇ, ਉਹ ਬੱਸ ਦੇ ਖੱਟੇ-ਮਿੱਠੇ ਸਫਰ ਤੇ ਤਜਰਬਿਆਂ ਤੋਂ ਕੋਰੇ ਰਹਿ ਜਾਂਦੇ ਹਨ। ਇਸ ਸਫਰ ਦਾ ਆਪਣਾ ਹੀ ਨਜ਼ਾਰਾ ਹੁੰਦਾ, ਜੋ ਕਦੇ ਹਸਾਉਣ ਵਾਲਾ ਤੇ ਕਦੇ ਰਵਾਉਣ ਵਾਲਾ ਵੀ ਹੋ ਨਿੱਬੜਦਾ। ਬੱਸਾਂ ਵਿੱਚ ਲਿਖੀਆਂ ਲਾਈਨਾਂ ਤੁਹਾਡਾ ਧਿਆਨ ਮੱਲੋਮੱਲੀ ਖਿੱਚ ਲੈਂਦੀਆਂ। ਉਹ ਚਾਹੇ ਰਿਸ਼ਤਿਆਂ ਦੀ ਬਾਤ ਪਾਉਂਦੀਆਂ ਹੋਣ ਜਾਂ ਡਰਾਈਵਰ ਦੀ ਜ਼ਿੰਦਗੀ ਦੀ। ਪੁੱਤਰਾਂ ਵੱਲੋਂ ਮਾਪਿਆਂ ਦੇ ਕੀਤੇ ਜਾ ਰਹੇ ਨਿਰਾਦਰ ਬਾਰੇ 'ਦੁੱਧ ਨਾਲ ਪੁੱਤ ਪਾਲ ਕੇ, ਪਿਛੋਂ ਪਾਣੀ ਨੂੰ ਤਰਸਦੀਆਂ ਮਾਵਾਂ' ਆਦਿ। ਡਰਾਈਵਰੀ ਕਰਨੀ ਸੌਖੀ ਨਹੀਂ ਹੁੰਦੀ ਅਤੇ ਡਰਾਈਵਰ ਆਪਣੇ ਅੰਦਰਲੇ ਦਰਦ ਨੂੰ ਵੀ ਬਿਆਨ ਕਰਦੇ 'ਇਹ ਮਸਲਾ ਸਾਰਾ ਰੋਟੀ ਦਾ, ਕੋਈ ਰੋਟੀ ਲਿਜਾਣਾ ਭੁੱਲ ਜਾਂਦਾ ਤੇ ਕੋਈ ਖਾਣਾ ਭੁੱਲ ਜਾਂਦਾ, ਆਦਿ-ਆਦਿ। ਇਸੇ ਤਰ੍ਹਾਂ ਇੱਕ ਬੱਸ ਵਿੱਚ ਲਿਖਿਆ ਹੋਇਆ ਸੀ 'ਹੇ ਵਾਹਿਗੁਰੂ ਡਰਾਈਵਰ ਉਤੇ ਮਿਹਰ ਭਰਿਆ ਹੱਥ ਰੱਖੀਂ।' ਸੋਚਿਆ ਇਸ ਨੇ ਸਭ ਲਈ ਮਿਹਰ ਦੀ ਗੱਲ ਕਿਉਂ ਨਹੀਂ ਕੀਤੀ? ਫਿਰ ਆਪਮੁਹਾਰੇ ਚਿਹਰੇ ਉਤੇ ਮੁਸਕਾਨ ਆ ਗਈ ਕਿ ਬੱਸ ਤਾਂ ਡਰਾਈਵਰ ਸਹਾਰੇ ਹੀ ਚੱਲਣੀ ਹੁੰਦੀ ਤਾਂ ਹੀ ਉਸ ਨੇ ਇਹ ਲਿਖਵਾਇਆ।

ਬੱਸਾਂ ਵਿੱਚ 'ਐੱਮ ਐੱਲ ਏ ਲਈ' ਰਾਖਵੀਂ ਸੀਟ ਬਾਰੇ ਪੜ੍ਹਦਿਆਂ, ਲੱਗਦਾ ਇਹ ਸ਼ਬਦ ਹੁਣ ਮੂੰਹ ਚਿੜਾਉਂਦੇ ਨੇ। ਅੱਜ ਕੱਲ੍ਹ ਅਜਿਹੇ ਐੱਮ ਐੱਲ ਏ ਕਿਥੇ ਜੋ ਆਮ ਲੋਕਾਂ ਨਾਲ ਬੱਸ ਵਿੱਚ ਸਫਰ ਕਰ ਸਕਣ। ਇਹ ਤਾਂ ਭਲੇ ਵੇਲਿਆਂ ਦੀ ਗੱਲ ਸੀ, ਜਦੋਂ ਐੱਮ ਐੱਲ ਏ ਆਪਣੇ ਆਪ ਨੂੰ ਰੱਬ ਨਹੀਂ ਸਮਝਦੇ ਸੀ, ਸਗੋਂ ਲੋਕਾਂ ਦੇ ਸੇਵਕ ਸਮਝਦੇ ਸਨ। ਇਸੇ ਤਰ੍ਹਾਂ ਬੱਸਾਂ ਵਿੱਚ ਔਰਤਾਂ ਲਈ ਰਾਖਵੀਆਂ ਸੀਟਾਂ ਲਿਖਣ ਦਾ ਵੀ ਕੋਈ ਮਤਲਬ ਨਹੀਂ ਲੱਗਦਾ। ਮੈਨੂੰ ਦੂਜੇ ਸੂਬਿਆਂ ਵਿੱਚ ਵੀ ਬੱਸ ਸਫਰ ਕਰਨ ਦਾ ਮੌਕਾ ਮਿਲਿਆ ਹੈ। ਉਥੇ ਵੇਖਿਆ, ਔਰਤਾਂ ਲਈ ਰਾਖਵੀਆਂ ਸੀਟਾਂ ਉਤੇ ਆਦਮੀ ਨਹੀਂ ਬੈਠਦੇ, ਜੇ ਬੈਠ ਜਾਣ ਤਾਂ ਔਰਤ ਖੜ੍ਹੀ ਵੇਖ ਕੇ ਛੱਡ ਦਿੰਦੇ ਹਨ। ਕਈ ਸ਼ਹਿਰਾਂ ਵਿੱਚ ਤਾਂ ਔਰਤਾਂ ਧੱਕੇ ਨਾਲ ਵੀ ਆਪਣੀ ਰਾਖਵੀਂ ਸੀਟ ਖਾਲੀ ਕਰਵਾ ਲੈਂਦੀਆਂ ਹਨ, ਪਰ ਪੰਜਾਬ ਵਿੱਚ ਇਹ ਸੰਭਵ ਨਹੀਂ ਲੱਗਦਾ।

ਰੋਜ਼ਾਨਾ ਸਫਰ ਕਰਨ ਵਾਲੇ ਨੂੰ ਇਹ ਤਜਰਬਾ ਵੀ ਬਾਖੂਬੀ ਹੋ ਜਾਂਦਾ ਕਿ ਬੱਸ ਨੇ ਕਿਥੇ ਰੁਕਣਾ, ਕਿੰਨਾ ਸਮਾਂ ਰੁਕਣਾ, ਕਿਥੇ ਨਹੀਂ ਰੁਕਣਾ ਵਗੈਰਾ-ਵਗੈਰਾ। ਜੇ ਕਦੇ ਮੁੱਖ ਬੱਸ ਅੱਡੇ ਤੋਂ ਇਲਾਵਾ ਹੋਰ ਛੋਟੇ ਅੱਡੇ ਤੋਂ ਚੜ੍ਹਨਾ ਹੋਵੇ ਤਾਂ ਅਕਸਰ ਪਹਿਲਾਂ ਉਥੇ ਖੜਿਆਂ ਇਹ ਧੜਕੂ ਲੱਗਾ ਹੁੰਦਾ ਕਿ ਬੱਸ ਕਦੋਂ ਆਊ? ਫਿਰ ਆਲੇ-ਦੁਆਲੇ ਵਧ ਰਹੀਆਂ ਸਵਾਰੀਆਂ ਕਾਰਨ ਦੂਜਾ ਧੜਕੂ ਲੱਗ ਜਾਂਦਾ ਕਿ ਬੱਸ ਵਿੱਚ ਚੜ੍ਹਿਆ ਜਾਵੇਗਾ ਕਿ ਨਹੀਂ। ਬੱਸਾਂ ਵਿੱਚ ਨਿੱਤ ਹੁੰਦੀ ਲੜਾਈ ਕਾਰਨ ਹੁਣ ਸੀਟਾਂ ਜਿੰਨੀਆਂ ਸਵਾਰੀਆਂ ਹੀ ਚੜ੍ਹਾਉਣ ਦਾ ਫਰਮਾਨ ਜਾਰੀ ਕਰ ਦਿੱਤਾ ਗਿਆ ਹੈ। ਜਿਸ ਕਾਰਨ ਬੱਸਾਂ ਕਈ ਥਾਵਾਂ ਤੇ ਰੁਕਦੀਆਂ ਹੀ ਨਹੀਂ ਹਨ। ਸਵਾਰੀਆਂ ਲੰਮਾ ਸਮਾਂ ਖੜ੍ਹਨ ਲਈ ਮਜਬੂਰ ਹਨ। ਬੱਸਾਂ ਦੀ ਘਟਦੀ ਜਾ ਰਹੀ ਗਿਣਤੀ ਸਮੱਸਿਆ ਨੂੰ ਹੋਰ ਗੰਭੀਰ ਬਣਾ ਰਹੀ ਹੈ। ਸਰਕਾਰ ਵੱਲੋਂ ਬੱਸਾਂ ਦੀ ਗਿਣਤੀ ਵਧਾਉਣ ਦੀ ਥਾਂ ਕਈ ਰੂਟਾਂ 'ਤੇ ਬੱਸਾਂ ਬੰਦ ਹੀ ਕਰ ਦਿੱਤੀਆਂ ਹਨ।

ਆਧਾਰ ਕਾਰਡ ਨਾਲ ਸੰਬੰਧਤ ਕਈ ਘਟਨਾਵਾਂ ਤਾਂ ਯਾਦਾਂ ਦੀ ਪਟਾਰੀ ਵਿੱਚੋਂ ਕਦੇ ਧੁੰਦਲੀਆਂ ਨਹੀਂ ਹੁੰਦੀਆਂ। ਇੱਕ ਵਾਰ ਬਹੁਤ ਭੀੜ ਵਿੱਚੋਂ ਦੋ ਬਜ਼ੁਰਗ ਬੀਬੀਆਂ ਧੱਕੇ ਮਾਰ ਮੂਰ ਕੇ ਬੱਸ ਚੜ੍ਹਨ ਵਿੱਚ ਕਾਮਯਾਬ ਹੋ ਗਈਆਂ, ਪਰ ਕੰਡਕਟਰ ਜਦੋਂ ਟਿਕਟ ਕੱਟਣ ਲਈ ਕੋਲ ਆਇਆ ਤਾਂ ਬਥੇਰੇ ਹੱਥ-ਪੈਰ ਮਾਰਨ ਤੋਂ ਬਾਅਦ ਵੀ ਉਹਨਾਂ ਨੂੰ ਆਪਣੇ ਆਧਾਰ ਕਾਰਡ ਨਾ ਲੱਭੇ। ਅਖੀਰ ਪੈਸੇ ਦੇ ਕੇ ਟਿਕਟ ਲੈਣੀ ਪਈ। ਇਹ ਵੇਖ ਮੈਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ 'ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ'।

ਇੱਕ ਹੋਰ ਘਟਨਾ ਫਿਰੋਜ਼ਪੁਰ ਤੋਂ ਫਾਜ਼ਿਲਕਾ ਜਾਂਦਿਆਂ ਵਾਪਰੀ। ਇੱਕ ਪਿੰਡ ਤੋਂ ਮਜ਼ਦੂਰ ਪਰਿਵਾਰ ਦੀ ਮਾਤਾ ਆਪਣੇ ਪਤੀ ਤੇ ਪੁੱਤ ਨਾਲ ਬੱਸ ਚੜ੍ਹੀ। ਆਪਸੀ ਗੱਲਬਾਤ ਤੋਂ ਪਤਾ ਲੱਗ ਰਿਹਾ ਸੀ ਕਿ ਫਾਜ਼ਿਲਕਾ ਕੋਲ ਰਿਸ਼ਤੇਦਾਰੀ ਵਿੱਚ ਵਿਆਹ ਚੱਲੇ ਨੇ। ਜਦੋਂ ਕੰਡਕਟਰ ਟਿਕਟ ਕੱਟਣ ਆਇਆ ਤਾਂ ਮਾਤਾ ਨੂੰ ਪਤਾ ਲੱਗਾ ਕਿ ਉਸ ਦਾ ਆਧਾਰ ਕਾਰਡ ਤਾਂ ਘਰ ਰਹਿ ਗਿਆ, ਪਰ ਉਸ ਨੇ ਹਿਮਤ ਨਾ ਹਾਰੀ, ਆਪਣੀ ਟਿਕਟ ਅਗਲੇ ਪਿੰਡ ਤੱਕ ਦੀ ਲੈਂਦਿਆਂ ਪਤੀ ਨੂੰ ਕਹਿ ਦਿੱਤਾ, ਤੁਸੀਂ ਜਾਓ, ਮੈਂ ਘਰੋਂ ਆਧਾਰ ਕਾਰਡ ਲੈ ਕੇ ਮਗਰ ਆਉਂਦੀ ਹਾਂ। ਮੈਨੂੰ ਮਹਿਸੂਸ ਹੋਇਆ ਕਿ ਵਿਆਹ ਜਾਣਾ ਸੌਖਾ ਨਹੀਂ, ਬਥੇਰਾ ਖਰਚਾ ਹੋ ਜਾਂਦਾ ਹੈ, ਪਰ ਜਾਣਾ ਮਜਬੂਰੀ ਵੀ ਬਣ ਜਾਂਦਾ ਤੇ ਮਾਤਾ ਉਥੇ ਜਾਣ ਲਈ ਕਿਰਾਇਆ ਬਚਾਅ ਕੇ ਆਪਣੀ ਆਰਥਕ ਹਾਲਤ ਨੂੰ ਠੁੰਮ੍ਹਣਾ ਦੇਣ ਦੀ ਕੋਸ਼ਿਸ਼ ਕਰਦੀ ਲੱਗੀ।

ਸਫਰ ਦੌਰਾਨ ਡਰਾਈਵਰ-ਕੰਡਕਟਰ ਦੀ ਗੱਲਬਾਤ ਦਾ ਸਲੀਕਾ ਵੀ ਬਹੁਤ ਮਾਇਨੇ ਰੱਖਦਾ। ਕਈ ਵਾਰ ਡਰਾਈਵਰ-ਕੰਡਕਟਰ ਦੀ ਬੋਲਬਾਣੀ ਤੁਹਾਡਾ ਅੰਦਰ ਤੱਕ ਛਲਣੀ ਕਰ ਦਿੰਦੀ ਹੈ, ਪਰ ਤੁਸੀਂ ਆਪਣੇ ਆਪ ਨੂੰ ਲਾਚਾਰ ਸਮਝਦਿਆਂ ਸ਼ਰਮਿੰਦਾ ਹੋ ਕੇ ਰਹਿ ਜਾਣ ਲਈ ਮਜਬੂਰ ਹੁੰਦੇ ਹੋ। ਅਜਿਹੀ ਘਟਨਾ ਹੀ ਮੇਰੇ ਨਾਲ ਵਾਪਰੀ, ਜਦੋਂ ਮੈਂ ਨਾਭੇ ਤੋਂ ਵਾਪਸ ਲੁਧਿਆਣਾ ਆ ਰਹੀ ਸੀ। ਇੱਕ ਲੜਕੀ ਨੇ ਜਿਥੇ ਉਤਰਨਾ ਸੀ, ਕੰਡਕਟਰ ਨੇ ਬੱਸ ਨਾ ਰੋਕੀ। ਉਸ ਦੇ ਬਹੁਤ ਰੌਲਾ ਪਾਉਣ 'ਤੇ ਬੱਸ ਰੁਕੀ ਤਾਂ ਕੁੜੀ ਨੇ ਕੰਡਕਟਰ ਨੂੰ ਗੁੱਸੇ ਵਿੱਚ ਬੱਸ ਠੀਕ ਥਾਂ ਨਾ ਰੋਕਣ ਬਾਰੇ ਪੁੱਛਿਆ। ਉਧਰ ਡਰਾਈਵਰ ਆਪਣੀ ਗਲਤੀ ਮੰਨਣ ਦੀ ਬਜਾਏ ਕਹਿੰਦਾ, 'ਤੇਰੇ ਲਈ ਸੀਟ ਬਾਹਰ ਨਾ ਲਵਾਂ ਦੇਈਏ। ਤੁਸੀਂ ਤਾਂ ਲੰਡਰਾਂ ਵਾਂਗ ਤੁਰੀਆਂ ਫਿਰਦੀਆਂ।' ਉਸ ਦੇ ਨਾਲ ਬੈਠਾ ਦੂਜਾ ਡਰਾਈਵਰ ਜੋ ਅੰਮ੍ਰਿਤਸਰ ਵੱਲ ਬੱਸ ਚਲਾਉਂਦਾ ਸੀ, ਨੇ ਤਾਂ ਗੱਲ ਸਿਰੇ ਹੀ ਲਗਾ ਦਿੱਤੀ, 'ਸਫਰ ਮੁਫਤ ਹੋਣ ਕਾਰਨ ਇਹ ਆਵਾਰਾ ਹੋ ਗਈਆਂ ਹਨ, ਰਾਤ ਦੋ ਵਜੇ ਤੱਕ ਵੀ ਤੁਰੀਆਂ ਫਿਰਦੀਆਂ।' ਇਹ ਸਭ ਸੁਣ ਕੇ ਸੱਤੀਂ ਕੱਪੜੀਂ ਅੱਗ ਲੱਗ ਗਈ, ਪਰ ਹੈਰਾਨੀ ਹੋਈ ਕਿ ਉਹਨਾਂ ਕੋਲ ਖੜੀਆਂ ਔਰਤਾਂ ਨੇ ਦੰਦ ਤੋਂ ਦੰਦ ਨਹੀਂ ਚੁੱਕਿਆ। ਸ਼ਾਇਦ ਉਹਨਾਂ ਨੂੰ ਆਪਣੀ ਬੇਇੱਜ਼ਤੀ ਹੋ ਜਾਣ ਦਾ ਡਰ ਸਤਾ ਰਿਹਾ ਸੀ। ਮੈਂ ਆਪਣੀ ਥਾਂ ਬੈਠੀ ਬੇਵੱਸ ਮਹਿਸੂਸ ਕਰਦਿਆਂ ਸੋਚ ਰਹੀ ਸੀ ਕਿ ਕੀ ਮੁਫਤ ਸਫਰ ਨੇ ਇਹਨਾਂ ਨੂੰ ਔਰਤਾਂ ਦੀ ਖੁੱਲ੍ਹੇ ਆਮ ਬੇਇਜ਼ਤੀ ਕਰਨ ਦਾ ਸਰਟੀਫਿਕੇਟ ਦੇ ਦਿੱਤਾ ਹੈ? ਸਾਰਾ ਸਫਰ ਸੜ-ਬਲ ਕੇ ਪੂਰਾ ਕੀਤਾ। ਇਹ ਗੱਲ ਵੀ ਹੈ ਕਿ ਸਾਰੇ ਡਰਾਈਵਰ ਕੰਡਕਟਰ ਮਾੜੇ ਨਹੀਂ ਹੁੰਦੇ। ਕਈ ਬਹੁਤ ਹੀ ਪਿਆਰ, ਸਤਿਕਾਰ ਨਾਲ ਗੱਲ ਕਰਦੇ ਹਨ। ਕਦੇ ਕਿਸੇ ਸਵਾਰੀ ਦੀ ਜੇ ਕੋਈ ਮਜਬੂਰੀ ਹੋਵੇ ਤਾਂ ਬਣਦੀ ਮਦਦ ਵੀ ਕਰ ਦਿੰਦੇ ਨੇ।

ਬਹੁਤ ਠੰਢ ਤੇ ਧੁੰਦ ਵਿੱਚ ਸਫਰ ਕਰਨਾ ਜਦੋਂ ਮਜਬੂਰੀ ਬਣ ਜਾਂਦਾ ਤਾਂ ਅਕਸਰ ਡਰਾਈਵਰ-ਕੰਡਕਟਰ ਬਾਰੇ ਸੋਚਦੀ ਕਿ ਇਨ੍ਹਾਂ ਦਾ ਰੋਜ਼ ਦਾ ਕੰਮ ਹੈ। ਕਿਵੇਂ ਜਾਨ ਤਲੀ ਉੱਤੇ ਰੱਖ ਕੇ ਤੁਰੇ ਫਿਰਦੇ। ਕਦੇ ਤਾਂ ਖਾਣਾ ਖਾਣ ਦਾ ਸਮਾਂ ਵੀ ਨਹੀਂ ਮਿਲਦਾ ਅਤੇ ਚਾਹ ਵੀ ਚੱਲਦਿਆਂ-ਚੱਲਦਿਆਂ ਹੀ ਪੀਂਦੇ ਵੇਖਦੀ। ਸਰਕਾਰੀ ਤੇ ਪ੍ਰਾਈਵੇਟ ਬੱਸਾਂ ਦੇ ਸਮੇਂ ਦਾ ਵੀ ਫਰਕ ਹੁੰਦਾ। ਸਰਕਾਰੀ ਬੱਸਾਂ ਸਮਾਂ ਘੱਟ ਲਗਾਉਂਦੀਆਂ ਤੇ ਪ੍ਰਾਈਵੇਟ ਵੱਧ, ਕਿਉਂਕਿ ਉਹਨਾਂ ਹਰ ਥਾਂ ਤੋਂ ਸਵਾਰੀ ਚੜ੍ਹਾਉਣੀ ਹੁੰਦੀ। ਸਵਾਰੀਆਂ ਚੜ੍ਹਾਉਣ ਲਈ ਜੋ ਜੱਦੋ-ਜਹਿਦ ਪ੍ਰਾਈਵੇਟ ਬੱਸਾਂ ਵਾਲੇ ਕਰਦੇ, ਵੇਖ ਕੇ ਕਈ ਵਾਰ ਹਾਸਾ ਨਿਕਲ ਜਾਂਦਾ। ਸਵਾਰੀ ਨੇ ਜਾਣਾ ਕਿਤੇ ਹੋਰ ਹੁੰਦਾ ਤੇ ਧੱਕੇ ਨਾਲ ਉਸ ਨੂੰ ਕਿਸੇ ਹੋਰ ਬੱਸ ਵਿੱਚ ਚੜ੍ਹਾਈ ਜਾਣਗੇ। ਕਈ ਵਾਰ ਉਹਨਾਂ ਦਾ ਧੱਕਾ ਸਵਾਰੀਆਂ ਲਈ ਪ੍ਰੇਸ਼ਾਨੀ ਦਾ ਸਬੱਬ ਵੀ ਬਣ ਜਾਂਦਾ।

ਇੱਕ ਵਾਰ ਜਲੰਧਰ ਬੱਸ ਅੱਡੇ ਵਿੱਚ ਮੋਗੇ ਵਾਲੀ ਬੱਸ ਦਾ ਇੰਤਜ਼ਾਰ ਕਰ ਰਹੀ ਸੀ। ਨੇੜੇ ਹੀ ਦੋ ਮਾਂਵਾਂ-ਧੀਆਂ ਖੜੀਆਂ ਸਨ, ਉਹਨਾਂ ਕੋਲ ਦੋ ਬੱਚੇ ਵੀ ਸਨ। ਧੀ ਕੋਲ ਫੜੇ ਬੱਚੇ ਨੇ ਖਾਣ ਲਈ ਕੋਈ ਚੀਜ਼ ਮੰਗ ਲਈ, ਉਹ ਵਿਚਾਰੀ ਤਾਂ ਚੀਜ਼ ਲੈਣ ਤੁਰ ਪਈ, ਪਰ ਅਚਾਨਕ ਬੱਸ ਵਾਲੇ ਨੇ ਮਾਂ ਤੋਂ ਕਿਥੇ ਜਾਣ ਬਾਰੇ ਪੁੱਛਦਿਆਂ ਧੱਕੇ ਨਾਲ ਬੱਸ ਵਿੱਚ ਚੜ੍ਹਾ ਲਿਆ ਤੇ ਬੱਸ ਤੁਰ ਪਈ। ਕੁੜੀ ਜਦੋਂ ਵਾਪਸ ਆਈ ਤਾਂ ਮਾਂ ਨੂੰ ਖੜੀ ਨਾ ਵੇਖ ਉਥੇ ਲੱਗੀ ਦੂਜੀ ਬੱਸ ਵਿੱਚ ਚੜ੍ਹ ਗਈ। ਫਿਰ ਬੱਸ ਵਿੱਚ ਮਾਂ ਨੂੰ ਨਾ ਵੇਖ ਥੱਲੇ ਉਤਰ ਕੇ ਨਾਲ ਵਾਲੀ ਬੱਸ ਵਿੱਚ ਚੜ੍ਹ ਗਈ। ਮੈਂ ਇਹ ਸਭ ਵੇਖ ਰਹੀ ਸੀ ਕਿ ਇਸ ਦੀ ਮਾਂ ਵਾਲੀ ਬੱਸ ਤਾਂ ਤੁਰ ਗਈ ਹੈ। ਪ੍ਰੇਸ਼ਾਨੀ ਵਿੱਚ ਉਹ ਕੁੜੀ ਫਿਰ ਥੱਲੇ ਉਤਰ ਆਈ, ਮੈਂ ਜਲਦੀ ਨਾਲ ਉਸ ਕੋਲ ਗਈ ਤੇ ਦੱਸਿਆ ਕਿ ਤੇਰੀ ਮਾਂ ਹੋਰ ਬੱਸ ਵਿੱਚ ਚਲੀ ਗਈ ਹੈ। ਏਨੇ ਨੂੰ ਉਸ ਬੱਸ ਵਾਲਾ ਕੰਡਕਟਰ ਆ ਗਿਆ ਤੇ ਕੁੜੀ ਨੂੰ ਬਾਹੋਂ ਫੜ ਕਾਹਲੀ ਨਾਲ ਖਿੱਚ ਕੇ ਲੈ ਗਿਆ। ਮੈਂ ਹੈਰਾਨ ਸਾਂ ਕਿ ਇਹਨਾਂ ਵੱਲੋਂ ਕੀਤੀ ਜਾਂਦੀ ਖਿੱਚ-ਧੂਹ ਸਵਾਰੀਆਂ ਨੂੰ ਕਿੰਨਾ ਪ੍ਰੇਸ਼ਾਨ ਕਰ ਦਿੰਦੀ ਹੈ।

ਬੱਸਾਂ ਵਿੱਚ ਸਵਾਰੀਆਂ ਦੀ ਆਪਸੀ ਗੱਲਬਾਤ ਵੀ ਕਈ ਵਾਰ ਤੁਹਾਡਾ ਧਿਆਨ ਮੱਲੋਮੱਲੀ ਖਿੱਚ ਲੈਂਦੀ ਹੈ। ਕਈ ਵਾਰ ਤਾਂ ਹੋ ਰਹੀ ਗੱਲਬਾਤ ਤੁਹਾਨੂੰ ਆਪਣੀ ਹੀ ਹੱਡ-ਬੀਤੀ ਲੱਗਣ ਲੱਗਦੀ। ਇਥੋਂ ਤੱਕ ਕਿ ਕਦੇ ਬਿਨਾਂ ਕਿਸੇ ਸਾਂਝ ਦੇ ਵੀ ਕੋਈ ਸਵਾਰੀ ਆਪਣੀ ਨੇੜਲੀ ਲੱਗਣ ਲੱਗਦੀ। ਇੱਕ ਵਾਰ ਲੁਧਿਆਣਾ ਤੋਂ ਮੋਗੇ ਆਉਂਦਿਆਂ ਮਗਰ ਬੈਠੀਆਂ ਸਵਾਰੀਆਂ ਦੀ ਗੱਲਬਾਤ ਨੇ ਮੇਰਾ ਧਿਆਨ ਆਪਣੇ ਵੱਲ ਖਿੱਚ ਲਿਆ। ਉਹ ਵਿਆਹ ਲਈ ਲੁਧਿਆਣਾ ਤੋਂ ਖਰੀਦਦਾਰੀ ਕਰਕੇ ਵਾਪਸ ਆ ਰਹੀਆਂ ਸਨ। ਲੇਟ ਹੋਣ ਕਾਰਨ ਉਹ ਮੋਗੇ ਤੋਂ ਅੱਗੇ ਬੱਸ ਮਿਲਣ ਜਾਂ ਨਾ ਮਿਲਣ ਦੀ ਚਿੰਤਾ ਕਰ ਰਹੀਆਂ ਸਨ, ਕਿਉਂਕਿ ਉਨ੍ਹਾਂ ਧਰਮਕੋਟ ਵੱਲ ਕਿਸੇ ਪਿੰਡ ਜਾਣਾ ਸੀ। ਉਹਨਾਂ ਵਿਚੋਂ 18-19 ਸਾਲ ਦੀ ਕੁੜੀ ਦੀ ਗੱਲਬਾਤ ਨੇ ਮੈਨੂੰ ਪਿਛੇ ਮੁੜ ਕੇ ਵੇਖਣ ਲਈ ਮਜਬੂਰ ਕਰ ਦਿੱਤਾ। ਇੰਜ ਲੱਗਿਆ ਜਿਵੇਂ ਉਸ ਨਾਲ ਕੋਈ ਸਾਂਝ ਹੋਵੇ। ਅਸਲ ਵਿੱਚ ਉਸੇ ਕੁੜੀ ਦਾ ਵਿਆਹ ਸੀ ਤੇ ਬਹੁਤ ਖੁਸ਼ੀ ਨਾਲ ਉਹ ਆਪਣੇ ਸਹੁਰਿਆਂ ਬਾਰੇ ਗੱਲਾਂ ਕਰ ਰਹੀ ਸੀ। ਉਸ ਦੇ ਨਾਲ ਮਾਂ ਤੋਂ ਇਲਾਵਾ ਇੱਕ ਹੋਰ ਔਰਤ ਸੀ, ਜਿਸ ਦੀਆਂ ਗੱਲਾਂ 'ਚੋਂ ਚਲਾਕੀ ਝਲਕਦੀ ਸੀ। ਉਹ ਕੁੜੀ ਦੇ ਸਹੁਰਿਆਂ ਦੀਆਂ ਬਹੁਤ ਤਰੀਫਾਂ ਕਰਦੀ ਕਹਿ ਰਹੀ ਸੀ, 'ਤੂੰ ਉਥੇ ਜਾ ਕੇ ਰਾਜ ਕਰੇਂਗੀ।' ਮੈਨੂੰ ਮਹਿਸੂਸ ਹੋਇਆ ਕੁੜੀਆਂ ਆਪਣੇ ਸਹੁਰਿਆਂ ਬਾਰੇ ਬਹੁਤ ਸੁਪਨੇ ਵੇਖਦੀਆਂ, ਪਰ ਕਈਆਂ ਦੇ ਸਾਰੇ ਸੁਪਨੇ ਟੁੱਟ ਜਾਂਦੇ ਹਨ। ਕੁੜੀ ਦੇ ਫੁੱਟ-ਫੁੱਟ ਪੈਂਦੇ ਹਾਸੇ ਨੂੰ ਸੁਣ ਮੇਰਾ ਦਿਲ ਆਪ-ਮੁਹਾਰੇ ਉਸ ਨੂੰ ਦੁਆਵਾਂ ਦੇ ਰਿਹਾ ਸੀ ਕਿ ਇਸ ਦੇ ਹਾਸੇ ਨੂੰ ਕੋਈ ਚੰਦਰੀ ਨਜ਼ਰ ਨਾ ਲੱਗੇ। ਦਿਲ ਇਹ ਵੀ ਚਾਹੁੰਦਾ ਸੀ ਕਿ ਕੁੜੀ ਨਾਲ ਗੱਲ ਹੋ ਜਾਵੇ ਤਾਂ ਚੰਗਾ ਏ। ਕੁਦਰਤੀ ਇਹ ਮੌਕਾ ਮਿਲ ਗਿਆ, ਮੋਗੇ ਕੋਲ ਆਉਂਦਿਆਂ ਉਹ ਉਪਰੋਂ ਸਮਾਨ ਉਤਾਰਨ ਲਈ ਉਠੀ ਤੇ ਫਿਰ ਮੇਰੇ ਕੋਲ ਹੀ ਬੈਠ ਗਈ। ਮੈਂ ਬਿਨਾਂ ਸਮਾਂ ਗਵਾਏ ਉਸ ਦੇ ਵਿਆਹ, ਸਹੁਰੇ ਤੇ ਨਾਲ ਵਾਲੀ ਔਰਤ ਦਾ ਪੁੱਛ ਲਿਆ। ਉਸ ਨੇ ਦੱਸਿਆ ਕਿ ਉਸ ਦਾ ਵਿਆਹ ਅੰਮ੍ਰਿਤਸਰ ਹੋ ਰਿਹਾ। ਮੁੰਡਾ ਡਾਕਟਰ ਹੈ ਤੇ ਨਾਲ ਵਾਲੀ ਔਰਤ ਵਿਚੋਲਣ ਹੈ। ਮੈਂ ਦਿਲੋਂ ਉਸ ਨੂੰ ਵਿਆਹ ਦੀਆਂ ਮੁਬਾਰਕਾਂ ਦਿੰਦਿਆਂ ਹਮੇਸ਼ਾ ਇਸੇ ਤਰ੍ਹਾਂ ਹੱਸਦੀ ਰਹੇਂ, ਕਹਿ ਕੇ ਥੱਲੇ ਉਤਰ ਗਈ ਤੇ ਉਹ ਹੈਰਾਨ ਖੜੀ ਵੇਖ ਰਹੀ ਸੀ। ਮੈਂ ਇਹ ਸੋਚਦੀ ਤੁਰ ਪਈ ਕਿ ਵਿਚੋਲਣ ਵੱਲੋਂ ਕੀਤੀਆਂ ਗੱਲਾਂ ਸੱਚੀਆਂ ਹੋਣ।

# ਸੰਪਰਕ : 94641-13255

## ਸਿੱਖਿਆ ਖੇਤਰ 'ਚ ਵੱਡੇ ਸੁਧਾਰਾਂ ਦੀ ਲੋੜ

ਪੰਜਾਬ ਦੀ ਸੱਤਾਧਾਰੀ ਧਿਰ ਸਿਖਿਆ ਅਤੇ ਸਿਹਤ ਨੂੰ ਮੁੱਖ ਰੱਖ ਕੇ ਸੱਤਾ ਵਿਚ ਆਈ ਸੀ। ਜੋ ਹੁਣ ਹੋਣੇ ਚਾਹੀਦੇ ਹਨ। ਸਿਹਤ ਵਾਲੇ ਪਾਸੇ ਤਾਂ ਸਰਕਾਰ ਨੇ ਸ਼ੁਰੂਆਤ ਕੀਤੀ ਹੈ, ਪਰ ਹੁਣ ਲੋੜ ਸਿਖਿਆ ਵੱਲ ਧਿਆਨ ਦੇਣ ਦੀ ਹੈ। ਇਸ ਲਈ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਘਟਦੀ ਗਿਣਤੀ ਨੂੰ ਦੇਖਦਿਆਂ ਕੁਝ ਉਪਰਾਲੇ ਕਰਨੇ ਚਾਹੀਦੇ ਹਨ ਬੱਚੇ ਅਧਿਆਪਕਾਂ, ਕੁਝ ਸਕੂਲਾਂ ਵਿੱਚ ਮਾੜੇ ਪ੍ਰਬੰਧਾਂ ਅਤੇ ਆਵਾਜਾਈ ਦੇ ਸਾਧਨਾਂ ਦੀ ਘਾਟ ਕਰਕੇ ਪ੍ਰਾਈਵੇਟ ਸਕੂਲਾਂ ਵੱਲ ਸ਼ਿਫਟ ਹੋ ਰਹੇ ਹਨ।

ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਪਹਿਲਾਂ ਤਾਂ ਸਾਰੇ ਵਿਸ਼ਿਆਂ ਦੇ ਅਧਿਆਪਕਾਂ ਦੀ ਭਰਤੀ ਵੱਡੇ ਪੱਧਰ 'ਤੇ ਕਰੇ, ਫਿਰ ਅਧਿਆਪਕਾਂ ਨੂੰ ਕੱਚੇ ਜਾ ਠੇਕੇ 'ਤੇ ਰੱਖਣ ਦੀ ਬਜਾਏ ਪੱਕੀ ਭਰਤੀ ਕੀਤੀ ਜਾਣੀ ਚਾਹੀਦੀ ਹੈ। ਅਧਿਆਪਕਾਂ ਨੂੰ ਉਨ੍ਹਾਂ ਦੇ ਜਿਲੇ ਵਿੱਚ ਹੀ ਸਕੂਲ ਅਲਾਟ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਅਧਿਆਪਕਾਂ ਤੋਂ ਪੜ੍ਹਾਈ ਤੋਂ ਇਲਾਵਾ ਹੋਰ ਵਾਧੂ ਕੰਮ ਨਹੀਂ ਲਿਆ ਜਾਣਾ ਚਾਹੀਦਾ। ਸਕੂਲਾਂ ਦੀਆਂ ਬਿਲਡਿੰਗਾ ਵੱਲ ਖਾਸ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਬਹੁਤ ਸਾਰੇ ਬੱਚਿਆਂ ਨੂੰ ਪਿੰਡਾਂ ਵਿੱਚ ਆਵਾਜਾਈ ਦੀ ਸਮੱਸਿਆ ਆਉਂਦੀ ਹੈ, ਇਸ ਲਈ ਸਕੂਲਾਂ ਵਿੱਚ ਬੱਸਾਂ ਦਾ ਪ੍ਰਬੰਧ ਹੋਵੇ, ਜੋ ਬੱਚਿਆਂ ਨੂੰ ਘਰ ਤੋਂ ਸਕੂਲ ਤੱਕ ਲੈ ਕੇ ਜਾਣ। ਸਕੂਲਾਂ ਵਿੱਚ ਪੜ੍ਹਾਈ ਤੋਂ ਇਲਾਵਾ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵੱਲ ਵੀ ਖਾਸ ਧਿਆਨ ਦਿੱਤਾ ਜਾਣਾ ਚਾਹੀਦਾ, ਤਾਂ ਕਿ ਬੱਚਿਆਂ ਦਾ ਸਰਬਪੱਖੀ ਵਿਕਾਸ ਹੋ ਸਕੇ। ਸਕੂਲਾਂ ਵਿੱਚ ਸਰੀਰਕ ਸਿਖਿਆ, ਡਰਾਇੰਗ ਟੀਚਰ, ਮਿਊਜ਼ਿਕ ਟੀਚਰ ਵੀ ਹੋਣੇ ਚਾਹੀਦੇ ਹਨ। ਸਕੂਲਾਂ ਵਿੱਚ ਚੰਗੇ ਗਰਾਉਂਡ ਹੋਣ ਅਤੇ ਗੇਮਾਂ ਦੇ ਕੋਚਾਂ ਦਾ ਪ੍ਰਬੰਧ ਵੀ ਸਮੇਂ-ਸਮੇਂ 'ਤੇ ਕੀਤਾ ਜਾਣਾ ਚਾਹੀਦਾ ਹੈ। ਬਹੁਤੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰੁਚੀ ਮੁਤਾਬਕ ਸਕਿੱਲ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਬੱਚਿਆਂ ਨੂੰ ਬਾਰ੍ਹਵੀਂ ਤੱਕ ਦੀ ਪੜ੍ਹਾਈ ਉਨ੍ਹਾਂ ਦੀ ਮਾਤ ਭਾਸ਼ਾ ਵਿਚ ਹੀ ਦਿੱਤੀ ਜਾਣੀ ਚਾਹੀਦੀ ਹੈ। ਸਿਲੇਬਸ ਵਿੱਚ ਪੰਜਾਬ ਦਾ ਇਤਿਹਾਸ, ਪੰਜਾਬ ਦੇ ਯੋਧਿਆਂ ਬਾਰੇ ਬੇਸ਼ੱਕ ਉਹ ਕਿਸੇ ਵੀ ਧਰਮ ਦੇ ਹੋਣ ਬਾਰੇ, ਪੜ੍ਹਾਉਣ ਦੇ ਨਾਲ ਨਾਲ ਪੰਜਾਬ ਵਿੱਚ ਪ੍ਰਦੂਸਣ ਕੰਟਰੋਲ, ਖੇਤੀ ਵਿੱਚ ਜ਼ਹਿਰਾਂ ਦੀ ਵਰਤੋਂ, ਪਾਣੀ ਦੀ ਬੱਚਤ ਬਾਰੇ ਵੀ ਪੜ੍ਹਾਇਆ ਜਾਣਾ ਚਾਹੀਦਾ ਹੈ। ਬੱਚਿਆਂ ਨੂੰ ਮੁਢਲੀਆਂ ਕਲਾਸਾਂ ਵਿਚ ਨੈਤਿਕ ਕਦਰਾਂ-ਕੀਮਤਾਂ ਬਾਰੇ ਵੀ ਪੜ੍ਹਾਇਆ ਜਾਣਾ ਚਾਹੀਦਾ ਹੈ ਸਰਕਾਰੀ ਸਕੂਲਾਂ ਅੱਗੇ ਪ੍ਰਾਈਵੇਟ ਸਕੂਲਾਂ ਵਾਂਗ ਇੱਕ ਸਕਿਉਰਟੀ ਗਾਰਡ ਜਾਂ ਚੌਕੀਦਾਰ ਹੋਣਾ ਚਾਹੀਦਾ ਹੈ ਤਾਂ ਕਿ ਸਕੂਲ ਵਿੱਚ ਕਿਸੇ ਸ਼ਰਾਰਤੀ ਅਨਸਰ ਨੂੰ ਰੋਕਿਆ ਜਾ ਸਕੇ। ਸੋ ਜੇਕਰ ਸਰਕਾਰ ਇਨ੍ਹਾਂ ਗੱਲਾਂ ਵੱਲ ਧਿਆਨ ਦੇਵੇ ਤਾਂ ਪੰਜਾਬ ਦੇ ਸਰਕਾਰੀ ਸਕੂਲ ਵੱਡੇ ਵੱਡੇ ਸੀ ਬੀ ਐੱਸ ਸੀ ਅਤੇ ਕਾਨਵੈਂਟ ਸਕੂਲਾਂ ਨੂੰ ਮਾਤ ਤਾਂ ਪਾਵੇਗਾ ਹੀ ਨਾਲ ਹੀ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਵਿੱਚ ਵਾਧਾ ਹੋਣ ਦੇ ਨਾਲ ਨਾਲ ਪੰਜਾਬ ਸਿੱਖਿਆ ਦੇ ਖੇਤਰ ਵਿਚ ਵੀ ਵਿਕਾਸ ਕਰ ਸਕੇਗਾ।

-ਗੁਰਦਿੱਤ ਸਿੰਘ ਸੇਖੋਂ, 97811-72781

## ਪਾਠਕ-ਸੱਥ

# ਭਲਕ ਦੀ ਲਲਕਾਰ ਰੈਲੀ ਦੀਆਂ ਤਿਆਰੀਆਂ ਮੁਕੰਮਲ : ਚੌਹਾਨ

## ਵੱਡੀ ਤਾਦਾਦ 'ਚ ਮਜ਼ਦੂਰ ਪਰਵਾਰਾਂ ਸਮੇਤ ਪਹੁੰਚਣਗੇ ਰੈਲੀ 'ਚ : ਉਡਤ




**ਮਾਨਸਾ (ਆਤਮਾ ਸਿੰਘ ਪਮਾਰ)**

ਕਿਰਤੀਆਂ ਦੀਆਂ ਬੁਨਿਆਦੀ ਮੰਗਾਂ ਨੂੰ ਪੂਰਾ ਕਰਵਾਉਣ ਤੇ ਸਮੇਂ ਦੇ ਹਾਕਮਾਂ ਨੂੰ ਲਲਕਾਰਣ ਲਈ ਪੰਜਾਬ ਖੇਤ ਮਜ਼ਦੂਰ ਸਭਾ ਤੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੀ ਅਗਵਾਈ ਹੇਠ ਕੀਤੀ ਜਾਣ ਵਾਲੀ 20 ਫਰਵਰੀ ਦੀ ਲਲਕਾਰ ਰੈਲੀ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਲਲਕਾਰ ਰੈਲੀ ਵਿੱਚ ਵੱਡੀ ਤਾਦਾਦ ਵਿੱਚ ਮਜ਼ਦੂਰ ਪਰਿਵਾਰਾਂ ਸਮੇਤ ਕਾਫਲੇ ਬਣਾ ਪਹੁੰਚਣਗੇ, ਕਿਉਂਕਿ ਰੈਲੀ ਪ੍ਰਤੀ ਲੋਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਇਸ ਸਬੰਧੀ ਕਾ. ਚੌਹਾਨ ਤੇ ਐਡਵੋਕੇਟ ਉਡਤ ਨੇ ਪ੍ਰੈੱਸ ਬਿਆਨ ਜਾਰੀ ਕਰਦਿਆ ਦੱਸਿਆ ਕਿ ਪੰਜਾਬ ਦੀ ਆਪ ਸਰਕਾਰ ਤੇ ਕੇਂਦਰ ਦੀ ਮੋਦੀ ਸਰਕਾਰ ਦੋਵੇਂ ਹੀ ਕਿਰਤੀ ਵਰਗ ਨਾਲ ਧ੍ਰੋਹ ਕਮਾ ਰਹੀਆਂ ਹਨ ਤੇ ਵੱਡੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰਨ ਵਿੱਚ ਹੀ ਮਸ਼ਰੂਫ ਹਨ।

ਆਗੂਆਂ ਨੇ ਮੋਦੀ ਸਰਕਾਰ ਤੇ ਹਰਿਆਣਾ ਦੀ ਸਰਕਾਰ ਵੱਲੋਂ ਪੰਜਾਬ-ਹਰਿਆਣਾ ਬਾਰਡਰਾਂ 'ਤੇ ਸ਼ਾਂਤਮਈ ਅੰਦੋਲਨ ਕਰ ਰਹੇ ਕਿਸਾਨਾਂ 'ਤੇ ਕੀਤੇ ਜਾ ਰਹੇ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਦਮਨਕਾਰੀ ਨੀਤੀਆਂ ਕਿਸਾਨਾਂ, ਮਜ਼ਦੂਰਾਂ ਦੇ ਹੱਕੀ ਸੰਘਰਸ਼ ਨੂੰ ਦਬਾ ਨਹੀਂ ਸਕਦੀਆਂ ਤੇ ਇਨ੍ਹਾਂ ਕਾਲੇ ਕਾਰਨਾਮਿਆਂ ਨੇ ਸਾਬਿਤ ਕਰ ਦਿੱਤਾ ਹੈ ਕਿ ਸਮੇਂ ਦੇ ਫਾਸ਼ਿਸ਼ਟ ਹਾਕਮ ਹੱਕ ਮੰਗਦੇ ਲੋਕਾਂ 'ਤੇ ਕਿਸ ਹੱਦ ਤੱਕ ਜ਼ੁਲਮ ਕਰ ਸਕਦੇ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਰਤਨ ਭੋਲਾ, ਸੁਖਦੇਵ ਸਿੰਘ ਮਾਨਸਾ, ਸੁਖਦੇਵ ਸਿੰਘ ਪੰਧੇਰ, ਗੁਰਦੇਵ ਸਿੰਘ ਦਲੇਲ ਸਿੰਘ ਵਾਲਾ, ਪਤਲਾ ਸਿੰਘ ਦਲੇਲ ਵਾਲਾ, ਦਰਸ਼ਨ ਸਿੰਘ ਮਾਨਸਾਹੀਆ, ਲਾਭ ਸਿੰਘ ਮੰਢਾਲੀ ਤੇ ਬੂਟਾ ਸਿੰਘ ਬਰਨਾਲਾ ਆਦਿ ਹਾਜ਼ਰ ਸਨ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਵਿਧਾਇਕ ਦੀ ਕੋਠੀ ਅੱਗੇ ਰੈਲੀ

## ਵਿਧਾਇਕ ਨੇ ਖੁਦ ਰੈਲੀ 'ਚ ਪਹੁੰਚ ਕੇ ਮੰਗ ਪੱਤਰ ਲਿਆ ਤੇ ਮੁੱਖ ਮੰਤਰੀ ਪੰਜਾਬ ਨੂੰ ਭੇਜਣ ਦਾ ਭਰੋਸਾ ਦਿਵਾਇਆ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੱਦੇ 'ਤੇ ਮੁਲਾਜ਼ਮਾਂ ਪੈਨਸ਼ਨਰਾਂ ਤੇ ਆਸ਼ਾ ਵਰਕਰਾਂ ਨੇ ਦੀ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਹਲਕਾ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਦੀ ਕੋਠੀ ਸਾਹਮਣੇ ਪੰਜਾਬ ਸਰਕਾਰ ਦੇ ਖਿਲਾਫ ਰੋਸ ਰੈਲੀ ਕਰਕੇ ਤਿੱਖੀ ਨਾਅਰੇਬਾਜ਼ੀ ਕਰਕੇ ਆਪਣਾ ਰੋਸ ਤੇ ਗੁੱਸਾ ਪ੍ਰਗਟ ਕੀਤਾ।ਇਸ ਦੌਰਾਨ ਹਲਕਾ ਵਿਧਾਇਕ ਅਮੋਲਕ ਸਿੰਘ ਨੇ ਖੁਦ ਰੋਸ ਰੈਲੀ ਵਿੱਚ ਪਹੁੰਚ ਕੇ ਫਰੰਟ ਦੇ ਆਗੂਆਂ ਤੋਂ ਮੰਗ ਪੱਤਰ ਲਿਆ ਤੇ ਮੁੱਖ ਮੰਤਰੀ ਪੰਜਾਬ ਨੂੰ ਭੇਜਣ ਦਾ ਭਰੋਸਾ ਦਿਵਾਇਆ।ਆਗੂਆਂ ਨੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਨੂੰ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਪ੍ਰਵਾਨ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ, ਕਿਉਂਕਿ ਲੋਕਾਂ ਦੀ ਮੁੱਖ ਲੜਾਈ ਕੇਂਦਰੀ ਹੁਕਮਰਾਨ ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ ਚੱਲ ਰਹੀ ਹੈ ਤੇ ਆਮ ਆਦਮੀ ਪਾਰਟੀ ਨੂੰ ਅਜਿਹਾ ਲੋਕ ਵਿਰੋਧੀ ਵਤੀਰਾ ਅਪਣਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜੇਕਰ ਇਹ ਵਤੀਰਾ ਜਾਰੀ ਰਿਹਾ ਤਾਂ ਲੋਕ ਬਹੁਤੀ ਦੇਰ ਬਰਦਾਸ਼ਤ ਨਹੀਂ ਕਰਨਗੇ।ਇਸ ਸਮੇਂ ਆਪਣੇ ਸੰਬੋਧਨ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਆਗੂ ਅਸ਼ੋਕ ਕੌਸ਼ਲ, ਵੀਰ ਇੰਦਰਜੀਤ ਸਿੰਘ ਪੁਰੀ, ਗੁਰਮੀਤ ਸਿੰਘ ਜੈਤੋ, ਪ੍ਰਕਾਸ਼ ਸਿੰਘ ਜੈਤੋ, ਪੂਰਨ ਸਿੰਘ ਬਿਜਲੀ ਬੋਰਡ, ਆਲ ਇੰਡੀਆ ਆਸ਼ਾ ਵਰਕਰਾਂ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ, ਸੋਮ ਨਾਥ ਅਰੋੜਾ, ਅਮਰਜੀਤ ਸਿੰਘ ਦੁੱਗਲ, ਗੁਰਦੀਪ ਸਿੰਘ ਜੈਤੋ, ਸੂਬਾ ਸਿੰਘ ਰਾਮੇਆਣਾ, ਸਕਿਉਰਟੀ ਗਾਰਡ ਮੁਲਾਜ਼ਮਾਂ ਦੇ ਆਗੂ ਸ਼ਿਵ ਨਾਥ ਦਰਦੀ, ਦਰਜਾ ਚਾਰ ਮੁਲਾਜ਼ਮਾਂ ਦੇ ਆਗੂ ਬਲਕਾਰ ਸਿੰਘ ਸਹੋਤਾ ਤੇ ਇਕਬਾਲ ਸਿੰਘ ਰਣ ਸਿੰਘ ਵਾਲਾ ਨੇ ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮ ਤੇ ਪੈਨਸ਼ਨਰ ਮੰਗਾਂ ਪ੍ਰਤੀ ਅਪਣਾਈ ਜਾ ਰਹੀ ਬੇਰੁਖੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਮੁਲਾਜ਼ਮਾਂ ਤੋਂ ਬਾਅਦ ਹੁਣ ਪੈਨਸ਼ਨਰਾਂ 'ਤੇ ਵੀ 200 ਰੁਪਏ ਪ੍ਰਤੀ ਮਹੀਨਾ ਵਿਕਾਸ ਕਰ ਦੀ ਕਟੌਤੀ ਕਰਨ ਦਾ ਫੈਸਲਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਆਗੂਆਂ ਨੇ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਕੇਂਦਰੀ ਪੈਟਰਨ 'ਤੇ ਡੀ ਏ 46% ਕਰਨ ਤੇ ਮਹਿੰਗਾਈ ਭੱਤੇ ਦੀਆਂ ਪਿਛਲੀਆਂ ਸਾਰੀਆਂ ਕਿਸ਼ਤਾਂ ਦਾ ਬਕਾਇਆ ਦੇਣ, ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਤੇ ਨੋਸ਼ਨਲ ਸੋਧ ਵਿਧੀ ਲਾਗੂ ਕਰਨ, ਪਿਛਲੀ ਕਾਂਗਰਸ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਖੋਹੇ ਗਏ 37 ਭੱਤੇ ਤੁਰੰਤ ਬਹਾਲ ਕਰਨ ਤੇ ਪੁਰਾਣੀ ਪੈਨਸ਼ਨ 1972 ਦੇ ਨਿਯਮਾਂ ਅਨੁਸਾਰ ਤੁਰੰਤ ਲਾਗੂ ਕਰਨ, ਹਰ ਤਰ੍ਹਾਂ ਦੇ ਕੱਚੇ, ਠੇਕਾ, ਆਊਟ ਸੋਰਸ ਮੁਲਾਜ਼ਮਾਂ ਤੇ ਸਕੀਮ ਵਰਕਰਾਂ ਨੂੰ ਬਿਨਾਂ ਸ਼ਰਤ ਰੈਗੂਲਰ ਕਰਨ ਅਤੇ ਘੱਟੋ ਘੱਟ ਉਜ਼ਰਤ 26000 ਰੁਪਏ ਦੇਣ, ਛੇਵੇਂ ਪੇਅ ਕਮਿਸ਼ਨ ਦੇ ਸਾਢੇ ਪੰਜ ਸਾਲ ਦੇ ਬਣਦੇ ਬਕਾਏ ਅਤੇ ਸੋਧੀ ਹੋਈ ਲੀਵ ਇਨਕੈਸ਼ਮੈਂਟ ਦਾ ਲਾਭ ਤੁਰੰਤ ਜਾਰੀ ਕਰਨ, ਪਰਖ ਕਾਲ ਦੇ ਸਮੇਂ ਦੌਰਾਨ ਘੱਟ ਤਨਖਾਹਾਂ ਦੇਣ ਸਬੰਧੀ 15 ਜਨਵਰੀ 2015 ਦਾ ਪੱਤਰ ਰੱਦ ਕਰਨ ਸਬੰਧੀ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਫੈਸਲਾ ਤੁਰੰਤ ਲਾਗੂ ਕਰਨ, ਕੇਂਦਰੀ ਪੈਟਰਨ ਅਨੁਸਾਰ ਤਨਖਾਹਾਂ ਦੇਣ ਸਬੰਧੀ 17 ਜੁਲਾਈ 2020 ਦਾ ਪੱਤਰ ਤੁਰੰਤ ਰੱਦ ਕਰਨ ਸਮੇਤ ਸਾਰੀਆਂ ਲਟਕਦੀਆਂ ਮੰਗਾਂ ਦੀ ਪੂਰਤੀ ਤੱਕ ਸਾਂਝੇ ਫਰੰਟ ਦੇ ਝੰਡੇ ਹੇਠ ਸੰਘਰਸ਼ ਜਾਰੀ ਰੱਖਣ ਤੇ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਦੀ ਰੂਪ ਰੇਖਾ ਹੋਰ ਤਿੱਖੀ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਲੋਕ ਵਿਰੋਧੀ ਚਿਹਰਾ ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਕੋਨੇ ਕੋਨੇ ਵਿੱਚ ਜਾ ਕੇ ਲੋਕਾਂ ਵਿੱਚ ਨੰਗਾ ਕੀਤਾ ਜਾਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਬਰਾੜ, ਮਦਨ ਲਾਲ ਸੰਧਵਾਂ, ਗੁਰਚਰਨ ਸਿੰਘ ਮਾਨ, ਸੁਰਿੰਦਰਪਾਲ ਸਿੰਘ ਮੱਤਾ, ਇਕਬਾਲ ਸਿੰਘ ਮਘੇੜਾ, ਤਰਸੇਮ ਨਰੂਲਾ, ਮੇਜਰ ਸਿੰਘ, ਬਲਦੇਵ ਸਿੰਘ ਮੱਲਾ ਸੁਰਿੰਦਰ, ਪਾਲ ਸਿੰਘ ਖਾਲਸਾ, ਚਰਨਜੀਤ ਸਿੰਘ ਬਰਾੜ, ਦਰਸ਼ਨ ਸਿੰਘ, ਜੋਗਿੰਦਰ ਸਿੰਘ, ਸੁੰਦਰ ਸਿੰਘ ਬਾਜਖਾਨਾ, ਵੀਰ ਸਿੰਘ, ਜਸਵੀਰ ਸਿੰਘ, ਹਰੀ ਪ੍ਰਕਾਸ਼ ਬਰਗਾੜੀ, ਮੇਲਾ ਰਾਮ, ਕੀਰਤਨ ਸਿੰਘ, ਹੇਮ ਰਾਜ ਚੋਪੜਾ, ਰਵੀ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਮੁਲਾਜ਼ਮ, ਪੈਨਸ਼ਨਰ ਤੇ ਆਸ਼ਾ ਵਰਕਰ ਆਗੂ ਮਨਦੀਪ ਕੌਰ, ਜਗਜੀਤ ਕੌਰ, ਮਨਜੀਤ ਕੌਰ, ਸ਼ਕੁੰਤਲਾ, ਜਗਸੀਰ ਕੌਰ, ਗੁਰਮੀਤ ਕੌਰ, ਅਮਨਪ੍ਰੀਤ ਕੌਰ, ਬੇਅੰਤ ਕੌਰ, ਦਵਿੰਦਰ ਕੌਰ, ਗੁਰਮੇਲ ਕੌਰ, ਰਾਜਵਿੰਦਰ ਕੌਰ, ਕੁਲਜੀਤ ਕੌਰ ਆਦਿ ਸ਼ਾਮਲ ਸਨ।

# ਹੈਲੀਕਾਪਟਰ ਦੀ ਐਮਰਜੈਂਸੀ ਲੈਂਡਿੰਗ ਸਮੇਂ ਸਵਾਰ ਫੌਜੀਆਂ ਦੀ ਅਮਨ ਅਰੋੜਾ ਨੇ ਕੀਤੀ ਮਦਦ



**ਸੁਨਾਮ ਊਧਮ ਸਿੰਘ ਵਾਲਾ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਸੁਨਾਮ ਊਧਮ ਸਿੰਘ ਵਾਲਾ ਦੇ ਪਿੰਡ ਢੱਡਰੀਆਂ ਵਿਖੇ ਤਕਨੀਕੀ ਨੁਕਸ ਪੈ ਜਾਣ ਕਾਰਨ ਐਮਰਜੈਂਸੀ ਹਾਲਾਤਾਂ ਵਿੱਚ ਉੱਤਰੇ ਭਾਰਤੀ ਹਵਾਈ ਫੌਜ ਦੇ ਇੱਕ ਚਿਨੂਕ ਹੈਲੀਕਾਪਟਰ ਵਿੱਚ ਸਵਾਰ ਫੌਜੀਆਂ ਨਾਲ ਤੁਰੰਤ ਰਾਬਤਾ ਕੀਤਾ ਤੇ ਲੋੜੀਂਦੀ ਪ੍ਰਸ਼ਾਸਨਕ ਮਦਦ ਮੁਹੱਈਆ ਕਰਵਾਈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਜਦੋਂ ਅੱਜ ਉਹ ਹਲਕੇ ਦੇ ਪਿੰਡਾਂ ਵਿੱਚ ਜਾਣ ਲਈ ਉਲੀਕੇ ਪ੍ਰੋਗਰਾਮਾਂ ਦੌਰਾਨ ਦੌਰੇ ਉੱਤੇ ਸਨ ਤਾਂ ਹਵਾਈ ਫੌਜ ਦੇ ਇਸ ਹੈਲੀਕਾਪਟਰ ਨੂੰ ਨੀਵੇਂ ਹੁੰਦੇ ਦੇਖਿਆ।ਉਨ੍ਹਾਂ ਦੱਸਿਆ ਕਿ ਇਸ ਬਾਰੇ ਉਨ੍ਹਾਂ ਨੇ ਤੁਰੰਤ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਤੇ ਉਹ ਖੁਦ ਵੀ ਮੌਕੇ ਉਤੇ ਹੀ ਹੈਲੀਕਾਪਟਰ ਕੋਲ ਪਹੁੰਚ ਗਏ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਚਿਨੂਕ ਟਰਾਂਸਪੋਰਟਰ ਹੈਲੀਕਾਪਟਰ ਦੀ ਐਮਰਜੈਂਸੀ ਲੈਂਡਿੰਗ ਤੋਂ ਬਾਅਦ ਭਾਰਤੀ ਹਵਾਈ ਫੌਜ ਦੇ ਹੀ ਇੱਕ ਹੋਰ ਹੈਲੀਕਾਪਟਰ ਰਾਹੀਂ 2 ਤਕਨੀਕੀ ਮਾਹਰ ਮੌਕੇ ਉਤੇ ਪੁੱਜੇ ਤੇ ਖਰਾਬ ਹੋਏ ਹੈਲੀਕਾਪਟਰ ਦੀ ਮੁਰੰਮਤ ਦਾ ਕੰਮ ਸ਼ੁਰੂ ਕੀਤਾ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਦੂਜਾ ਹੈਲੀਕਾਪਟਰ ਇਨ੍ਹਾਂ ਦੋਵੇਂ ਇੰਜੀਨੀਅਰਾਂ ਨੂੰ ਉਤਾਰਨ ਮਗਰੋਂ ਵਾਪਸ ਪਰਤ ਗਿਆ।ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਫੌਜੀ ਜਵਾਨਾਂ ਨਾਲ ਗੱਲਬਾਤ ਕਰਦਿਆਂ ਤਕਨੀਕੀ ਨੁਕਸ ਸਬੰਧੀ ਮੁਢਲੀ ਜਾਣਕਾਰੀ ਹਾਸਲ ਕੀਤੀ ਗਈ।ਉਨ੍ਹਾਂ ਪ੍ਰਸ਼ਾਸਨ ਨਾਲ ਰਾਬਤਾ ਕਰਕੇ ਫ਼ੌਜੀ ਜਵਾਨਾਂ ਲਈ ਮੈਡੀਕਲ ਟੀਮ, ਭੋਜਨ ਆਦਿ ਮੰਗਵਾਏ ਤੇ ਸੁਰੱਖਿਅਤ ਸਫ਼ਰ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਸ਼੍ਰੋਮਣੀ ਕਮੇਟੀ ਵੱਲੋਂ ਜੈਤੋ ਮੋਰਚੇ ਦੇ ਸ਼ਤਾਬਦੀ ਸਮਾਗਮਾਂ ਦੀਆਂ ਤਿਆਰੀਆਂ ਮੁਕੰਮਲ

## ਅੱਜ ਨਗਰ ਕੀਰਤਨ ਨਾਲ ਹੋਵੇਗੀ ਸਮਾਗਮਾਂ ਦੀ ਸ਼ੁਰੂਆਤ



**ਜੈਤੋ (ਸਤੀਸ਼ ਕੁਮਾਰ ਭੀਰੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੈਤੋ ਮੋਰਚੇ ਦੀ ਸ਼ਤਾਬਦੀ ਸਬੰਧੀ ਜੈਤੋ ਵਿਖੇ ਕੀਤੇ ਜਾ ਰਹੇ ਸਮਾਗਮਾਂ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ੍ਰ. ਬਲਵਿੰਦਰ ਸਿੰਘ ਕਾਹਲਵਾਂ ਨੇ ਅੱਜ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ।ਸਮਾਗਮਾਂ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ 19 ਫਰਵਰੀ ਨੂੰ ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਜੈਤੋ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਉਪਰੰਤ ਨਗਰ ਕੀਰਤਨ (ਸ਼ਹੀਦੀ ਮਾਰਚ) ਨਾਲ ਜੈਤੋ ਮੋਰਚੇ ਦੇ ਸ਼ਤਾਬਦੀ ਸਮਾਗਮਾਂ ਦੀ ਸ਼ੁਰੂਆਤ ਹੋਵੇਗੀ।ਇਹ ਨਗਰ ਕੀਰਤਨ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਅੰਗੀਠਾ ਸਾਹਿਬ ਵਿਖੇ ਸੰਪੂਰਨ ਹੋਵੇਗਾ।

ਉਨ੍ਹਾ ਦੱਸਿਆ ਕਿ 20 ਫ਼ਰਵਰੀ ਨੂੰ ਗੁਰਮਤਿ ਮਿਸ਼ਨਰੀ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਤੰਤੀ ਸਾਜ਼ਾਂ ਨਾਲ ਗੁਰਬਾਣੀ ਕੀਰਤਨ ਸਰਵਣ ਕਰਵਾਇਆ ਜਾਵੇਗਾ ਤੇ ਸਕੂਲਾਂ/ਕਾਲਜਾਂ ਦੇ ਵਿਦਿਆਰਥੀ ਭਾਸ਼ਣ, ਕਵਿਤਾ ਤੇ ਕਵੀਸ਼ਰੀ ਰਾਹੀ ਇਤਿਹਾਸ ਸਰਵਣ ਕਰਵਾਉਣਗੇ।ਇਸੇ ਦਿਨ ਦੁਪਹਿਰ 12 ਵਜੇ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਜੈਤੋ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਹੋਵੇਗਾ, ਜਿਸ ਵਿੱਚ ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੇ ਜਾਣਗੇ।ਉਨ੍ਹਾ ਦੱਸਿਆ ਕਿ 20 ਫ਼ਰਵਰੀ ਨੂੰ ਹੀ ਗਤਕੇ ਦੇ ਮੁਕਾਬਲੇ ਕਰਵਾਏ ਜਾਣਗੇ ਤੇ ਰਾਤ ਨੂੰ ਜੈਤੋ ਮੋਰਚੇ ਦੇ ਇਤਿਹਾਸ ਨਾਲ ਸਬੰਧਤ ਵਿਸ਼ੇਸ਼ ਤੌਰ 'ਤੇ ਤਿਆਰ ਕਰਵਾਈ ਗਈ ਡਾਕੂਮੈਂਟਰੀ ਫਿਲਮ ਵੀ ਦਿਖਾਈ ਜਾਵੇਗੀ।

ਭਾਈ ਮਹਿਤਾ ਨੇ ਕਿਹਾ ਕਿ ਸ਼ਤਾਬਦੀ ਦਾ ਮੁੱਖ ਸਮਾਗਮ 21 ਫ਼ਰਵਰੀ ਨੂੰ ਗੁਰਦੁਆਰਾ ਟਿੱਬੀ ਸਾਹਿਬ ਨਜ਼ਦੀਕ ਸਜਾਏ ਗਏ ਪੰਡਾਲ ਵਿੱਚ ਹੋਵੇਗਾ, ਜਿਸ ਵਿੱਚ ਪੰਥ ਪ੍ਰਸਿੱਧ ਕਥਾਵਾਚਕ, ਰਾਗੀ, ਢਾਡੀ ਤੇ ਕਵੀਸ਼ਰ ਜਥੇ ਸੰਗਤਾਂ ਨੂੰ ਗੁਰੂ-ਜਸ ਨਾਲ ਜੋੜਨਗੇ ਤੇ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਜਥੇਦਾਰ ਤੇ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੀਆਂ।ਉਨ੍ਹਾ ਕਿਹਾ ਕਿ ਜੈਤੋ ਮੋਰਚੇ ਵਿੱਚ ਹਿੱਸਾ ਲੈਣ ਵਾਲਿਆਂ ਦੇ ਪਰਵਾਰਾਂ ਨੂੰ ਸਮਾਗਮ ਸਮੇਂ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।ਉਨ੍ਹਾ ਸੰਗਤ ਨੂੰ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।ਇਸ ਮੌਕੇ ਇੰਚਾਰਜ ਸ੍ਰ. ਕਰਤਾਰ ਸਿੰਘ, ਮੈਨੇਜਰ ਸ੍ਰ. ਸੁਖਰਾਜ ਸਿੰਘ, ਸ੍ਰ. ਲਖਵਿੰਦਰ ਸਿੰਘ ਰਸੀਵਰ ਗੁਰਦੁਆਰਾ ਗੁਰੂ ਕੀ ਢਾਬ, ਸ੍ਰ. ਗੁਰਬਚਨ ਸਿੰਘ ਜੈਤੋ ਤੇ ਹੋਰ ਹਾਜ਼ਰ ਸਨ।

# ਕਾਂਗਰਸ ਹਮੇਸ਼ਾ ਕਿਸਾਨਾਂ ਨਾਲ ਚਟਾਨ ਵਾਂਗ ਖੜੀ : ਕੁਲਬੀਰ ਜ਼ੀਰਾ

## ਕਿਸਾਨਾਂ 'ਤੇ ਅਣਮਨੁੱਖੀ ਤਸ਼ੱਦਦ ਲਈ ਹਰਿਆਣਾ ਸਰਕਾਰ ਦੀ ਨਿੰਦਾ



**ਮੱਖੂ (ਰਛਪਾਲ ਸਿੰਘ ਸੰਧੂ)**-ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਾ ਕਰਕੇ ਜਿੱਥੇ ਕਿਸਾਨਾਂ ਨਾਲ ਧੋਖਾ ਕੀਤਾ, ਉੱਥੇ ਹੀ ਹੁਣ ਕਿਸਾਨਾਂ ਦੇ ਰਸਤਿਆਂ ਵਿੱਚ ਥਾਂ-ਥਾਂ ਬੈਰੀਕੇਡ ਤੇ ਕੰਡਿਆਲੀ ਤਾਰ ਲਗਾ ਕੇ, ਅੱਥਰੂ ਗੈਸ ਦੇ ਗੋਲੇ ਸੁੱਟ ਕੇ ਅਤੇ ਪਲਾਸਟਿਕ ਦੀਆਂ ਗੋਲੀਆਂ ਚਲਾ ਕੇ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਾਂਗਰਸ ਕਮੇਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਸਾਬਕਾ ਵਿਧਾਇਕ, ਜ਼ਿਲ੍ਹਾ ਫਿਰੋਜ਼ਪੁਰ ਦੇ ਮੀਤ ਪ੍ਰਧਾਨ ਮਹਿੰਦਰ ਮਦਾਨ, ਕਾਂਗਰਸ ਕਮੇਟੀ ਬਲਾਕ ਮਖੂ ਦੇ ਪ੍ਰਧਾਨ ਸ਼ਿਵ ਸਾਗਰ ਸ਼ਰਮਾ, ਮੀਤ ਪ੍ਰਧਾਨ ਬਲਾਕ ਮਖੂ ਨਰਿੰਦਰ ਮਹਿਤਾ, ਮੀਤ ਪ੍ਰਧਾਨ ਬਲਾਕ ਮਖੂ ਰਵੀ ਚੋਪੜਾ ਨੇ ਕਿਹਾ ਕਿ ਖੇਤੀਬਾੜੀ ਕਾਰੋਬਾਰ ਨੂੰ ਬਚਾਉਣ ਲਈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ, ਫ਼ਸਲਾਂ 'ਤੇ ਐੱਮ ਐੱਸ ਪੀ ਦੀ ਗਰੰਟੀ, ਕਰਜ਼ ਮੁਆਫੀ ਆਦਿ ਮੰਗਾਂ ਸਬੰਧੀ ਸ਼ਾਂਤਮਈ ਢੰਗ ਨਾਲ ਦਿੱਲੀ ਜਾ ਰਹੇ ਕਿਸਾਨਾਂ 'ਤੇ ਕੇਂਦਰ ਤੇ ਹਰਿਆਣਾ ਸਰਕਾਰ ਵੱਲੋਂ ਵੱਡੀਆਂ ਰੋਕਾਂ ਲਗਾ ਕੇ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ, ਉੱਥੇ ਹੀ ਬਾਰਡਰਾਂ 'ਤੇ ਹਰਿਆਣਾ ਪੁਲਸ ਵੱਲੋਂ ਕਿਸਾਨਾਂ, ਮਜ਼ਦੂਰਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਲਈ ਕੀਤੇ ਜਾ ਰਹੇ ਸ਼ਾਂਤਮਈ ਰੋਸ ਪ੍ਰਦਰਸ਼ਨ ਦੌਰਾਨ ਅਣਮਨੁੱਖੀ ਤਸ਼ੱਦਦ ਕੀਤਾ ਜਾ ਰਿਹਾ ਹੈ ਜੋ ਕਿ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ।ਆਗੂਆਂ ਨੇ ਕਿਹਾ ਕਿ ਕਿਸਾਨਾਂ ਦੇ ਇਸ ਸੰਘਰਸ਼ ਵਿੱਚ ਕਾਂਗਰਸ ਪਾਰਟੀ ਹਮੇਸ਼ਾ ਦੀ ਤਰ੍ਹਾਂ ਪੂਰਨ ਤੌਰ 'ਤੇ ਕਿਸਾਨਾਂ ਨਾਲ ਚਟਾਨ ਵਾਂਗ ਖੜੀ ਹੈ।

# ਝੱਲੀ ਲੱਡਾ ਦਾ ਕਾਵਿ ਸੰਗ੍ਰਹਿ 'ਹਵਾ ਦਾ ਦੇਸ਼' ਲੋਕ ਅਰਪਣ



**ਸੁਨਾਮ ਊਧਮ ਸਿੰਘ ਵਾਲਾ (ਹਾਕਮ ਸਿੰਘ ਭੱਟੀ)**

ਸਾਹਿਤ ਸਭਾ ਸੁਨਾਮ ਵੱਲੋਂ ਵਿਸ਼ੇਸ਼ ਪੁਸਤਕ ਲੋਕ ਅਰਪਣ ਸਮਾਗਮ ਸ਼ਹੀਦ ਊਧਮ ਸਿੰਘ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸੁਨਾਮ ਵਿਖੇ ਕੀਤਾ ਗਿਆ।ਕਰਮ ਸਿੰਘ ਜ਼ਖ਼ਮੀ, ਗੁਰਸੇਵਕ ਸਿੰਘ ਪ੍ਰੀਤ ਨਿਰਦੋਸ਼ ਤੇ ਜਸਵੰਤ ਸਿੰਘ ਅਸਮਾਨੀ ਦੀ ਪ੍ਰਧਾਨਗੀ ਵਿੱਚ ਹੋਏ ਸਮਾਗਮ ਦੌਰਾਨ ਸ਼ਾਇਰ ਝੱਲੀ ਲੱਡਾ ਦਾ ਕਾਵਿ ਸੰਗ੍ਰਹਿ 'ਹਵਾ ਦਾ ਦੇਸ਼' ਲੋਕ ਅਰਪਣ ਕੀਤਾ ਗਿਆ।ਝੱਲੀ ਲੱਡਾ ਨੇ ਆਪਣੀ ਲਿਖਣ ਪ੍ਰਤੀਕਿਰਿਆ ਅਤੇ ਕਾਵਿ ਸੰਗ੍ਰਹਿ ਦੀਆਂ ਕੁਝ ਖ਼ੂਬਸੂਰਤ ਕਵਿਤਾਵਾਂ ਸਾਂਝੀਆਂ ਕੀਤੀਆਂ।ਸਾਹਿਤ ਸਭਾ ਵੱਲੋਂ ਝੱਲੀ ਲੱਡਾ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਤ ਵੀ ਕੀਤਾ ਗਿਆ।ਪੁਸਤਕ ਬਾਰੇ ਵਿਚਾਰ ਸਾਂਝੇ ਕਰਦਿਆਂ ਸਭਾ ਦੇ ਸਰਪ੍ਰਸਤ ਜੰਗੀਰ ਸਿੰਘ ਰਤਨ ਨੇ ਝੱਲੀ ਲੱਡਾ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਕਵਿਤਾਵਾਂ ਸਮਾਂ, ਸਮੱਸਿਆਵਾਂ ਤੇ ਸੰਘਰਸ਼ ਵਿੱਚੋਂ ਪੈਦਾ ਹੋਈਆਂ ਕਵਿਤਾਵਾਂ ਹਨ, ਜੋ ਕਵੀ ਦੀ ਕਲਮ ਰਾਹੀਂ ਮੌਜੂਦਾ ਸਮੇਂ ਦੀ ਤਰਜ਼ਮਾਨੀ ਕਰਦੀਆਂ ਹਨ। ਵਿਸ਼ਵ ਮਾਤ ਭਾਸ਼ਾ ਦਿਵਸ ਨੂੰ ਸਮਰਪਤ ਸਮਾਗਮ ਨੂੰ ਸੰਬੋਧਨ ਕਰਦਿਆਂ ਸਭਾ ਦੇ ਪ੍ਰਧਾਨ ਜਸਵੰਤ ਸਿੰਘ ਅਸਮਾਨੀ ਨੇ ਕਿਹਾ ਕਿ ਸਭ ਨੂੰ ਆਪੋ ਆਪਣੀ ਮਾਤ ਭਾਸ਼ਾ ਨੂੰ ਪਿਆਰ ਤੇ ਦੂਜੀਆਂ ਭਾਸ਼ਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।ਕਰਮ ਸਿੰਘ ਜ਼ਖ਼ਮੀ ਨੇ ਕਿਹਾ ਕਿ ਮਾਤ ਭਾਸ਼ਾ ਦੀ ਖੁਸ਼ਹਾਲੀ ਤੇ ਰਖਵਾਲੀ ਲਈ ਸਭ ਨੂੰ ਯਤਨਸ਼ੀਲ ਤੇ ਸਾਵਧਾਨ ਰਹਿਣਾ ਸਮੇਂ ਦੀ ਮੁੱਖ ਲੋੜ ਹੈ।ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਭੋਲਾ ਸਿੰਘ ਸੰਗਰਾਮੀ ਨੇ ਆਪਣੀ ਰਚਨਾ ਸਾਂਝੀ ਕੀਤੀ।

ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਸੁਖਵਿੰਦਰ ਸਿੰਘ ਲੋਟੇ, ਪ੍ਰੀਤ ਨਿਰਦੋਸ਼, ਮਿਲਖਾ ਸਿੰਘ ਸਨੇਹੀ, ਹਰਮੇਲ ਸਿੰਘ, ਸੁਖਦੇਵ ਸਿੰਘ, ਗੁਰਮੀਤ ਸੁਨਾਮੀ, ਗੁਰਜੰਟ ਸਿੰਘ, ਅਵਤਾਰ ਸਿੰਘ, ਬਲਵਿੰਦਰ ਸਿੰਘ ਜ਼ਿਲ੍ਹੇਦਾਰ, ਗੁਰਤੇਜ ਸਿੰਘ ਪਲਾਸੌਰ, ਜਸਵੀਰ ਸਰਾਓ ਤੇ ਸੁਰੇਸ਼ ਚੌਹਾਨ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਨਾਲ ਹਾਜ਼ਰੀ ਲਗਵਾਈ।ਇਸ ਮੌਕੇ ਦੇਵ ਸਿੰਘ, ਗੁਰਚਰਨ ਸਿੰਘ, ਸੁਰੇਸ਼ ਚੌਹਾਨ, ਬਲਵੀਰ ਸਿੰਘ, ਗੋਰਾ ਲਾਲ, ਮਨਦੀਪ ਸਿੰਘ, ਗੁਰ ਕਮਲ ਸਿੰਘ, ਗੁਰਿੰਦਰ ਪ੍ਰੀਤ ਕੌਰ, ਹਨੀ ਸੰਗਰਾਮੀ, ਮਮਤਾ ਸੰਗਰਾਮੀ, ਪਰਮਜੀਤ ਕੌਰ ਸੰਗਰਾਮੀ, ਜਸਪਾਲ ਕੌਰ, ਗੁਰਪ੍ਰੀਤ ਸਿੰਘ, ਮਨਪ੍ਰੀਤ ਕੌਰ, ਰੁਪਿੰਦਰ ਕੌਰ, ਗੁਰਮੀਤ ਕੌਰ, ਹਰਪ੍ਰੀਤ ਕੌਰ, ਚਰਨਜੀਤ ਕੌਰ, ਜਸਵੰਤ ਕੌਰ, ਸੁਖਚੈਨ ਸਿੰਘ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਡਿਊਟੀ ਜੰਗੀਰ ਸਿੰਘ ਰਤਨ ਵੱਲੋਂ ਨਿਭਾਈ ਗਈ।

# ਸੀਟੂ ਕਿਸਾਨਾਂ ਦੀ ਹਮਾਇਤ 'ਚ 21 ਤੇ 22 ਨੂੰ ਮੋਦੀ ਸਰਕਾਰ ਦੇ ਫੂਕੇਗੀ ਪੁਤਲੇ

**ਸਮਰਾਲਾ (ਸੁਰਜੀਤ ਸਿੰਘ)**-ਇੱਥੇ ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼ (ਸੀਟੂ) ਦੇ ਆਲ ਇੰਡੀਆ ਦੇ ਸਕੱਤਰ ਭੈਣ ਊਸ਼ਾ ਰਾਣੀ, ਸੂਬਾ ਪ੍ਰਧਾਨ ਸਾਥੀ ਮਹਾਂ ਸਿੰਘ ਰੌੜੀ, ਜਰਨਲ ਸਕੱਤਰ ਸਾਥੀ ਚੰਦਰ ਸ਼ੇਖਰ ਨੇ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਕਿਹਾ ਕਿ ਕਿਸਾਨੀ ਘੋਲ ਮੁੜ ਸ਼ੁਰੂ ਇਸ ਕਰਕੇ ਹੋਇਆ ਹੈ, ਕਿਉਂਕਿ 2021 ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨਾਲ ਮੋਦੀ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੰਗਾਂ, ਜਿਨ੍ਹਾਂ ਵਿੱਚ ਸਾਰੀਆਂ ਫਸਲਾਂ ਉੱਤੇ ਐੱਮ. ਐੱਸ. ਪੀ. ਦੇਣਾ, ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨਾ, ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ, ਕਿਸਾਨ ਮੋਰਚੇ ਦੇ 750 ਸ਼ਹੀਦਾਂ ਦੇ ਵਾਰਿਸ ਨੂੰ ਯੋਗ ਮੁਆਵਜ਼ਾ ਤੇ ਹੋਰ ਮੰਗਾਂ ਸਬੰਧੀ ਲਿਖਤੀ ਸਮਝੌਤਾ ਕੀਤਾ ਗਿਆ ਸੀ।ਮੋਦੀ ਸਰਕਾਰ ਵੱਲੋਂ ਸੰਯੁਕਤ ਕਿਸਾਨ ਮੋਰਚੇ ਨਾਲ ਵਾਅਦਾ ਖਿਲਾਫੀ ਕੀਤੀ, ਇਸੇ ਕਰਕੇ ਕਿਸਾਨਾਂ ਤੇ ਟਰੇਡ ਯੂਨੀਅਨਾਂ ਵੱਲੋਂ ਭਾਰਤ ਬੰਦ ਕੀਤਾ ਗਿਆ ਅਤੇ ਸੰਘਰਸ਼ ਚਲਾਇਆ ਜਾ ਰਿਹਾ ਹੈ। ਸੀਟੂ ਪੰਜਾਬ ਕਿਸਾਨਾਂ ਦੀਆਂ ਮੰਗਾਂ ਤੇ ਘੋਲ ਦਾ ਪੁਰਜ਼ੋਰ ਸਮਰਥਨ ਕਰਦੀ ਹੈ। ਉਪਰੋਕਤ ਆਗੂਆਂ ਨੇ ਮੰਗ ਕੀਤੀ ਕਿ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾਣ। ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਹਰਿਆਣੇ ਦੀ ਖੱਟਰ ਸਰਕਾਰ ਵੱਲੋਂ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਪੰਜਾਬ ਦੀ ਹਦੂਦ ਵਿੱਚ ਆ ਕੇ ਡਰੋਨ ਰਾਹੀਂ ਅਥਰੂ ਗੈਸ ਦੇ ਗੋਲੇ ਸੁੱਟਣ, ਰਬੜ ਦੀਆਂ ਗੋਲੀਆਂ ਚਲਾਉਣ ਤੇ ਮੋਦੀ ਸਰਕਾਰ ਵੱਲੋਂ ਕੰਕਰੀਟ ਕੰਧਾਂ ਕਰਨ, ਕੰਡਿਆਲੀ ਤਾਰ ਲਗਾ ਕੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਰਾਜ ਭਰ ਵਿੱਚ ਸੀਟੂ ਨਾਲ ਸਬੰਧਤ ਸਾਰੀਆਂ ਯੂਨੀਅਨਾਂ, ਜ਼ਿਲ੍ਹਾ ਕਮੇਟੀਆਂ ਨੂੰ ਸੱਦਾ ਦਿੱਤਾ ਕਿ 21 ਤੇ 22 ਫਰਵਰੀ ਨੂੰ ਕਿਸਾਨੀ ਮੰਗਾਂ ਤੇ ਸੰਘਰਸ਼ ਕਰ ਰਹੇ ਕਿਸਾਨਾਂ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਮੋਦੀ ਸਰਕਾਰ ਦੇ ਪੁਤਲੇ ਸਾੜੇ ਜਾਣ।ਉਨ੍ਹਾਂ ਮੋਹਾਲੀ, ਪਟਿਆਲਾ, ਸੰਗਰੂਰ ਵਿੱਚ ਕੇਂਦਰ ਸਰਕਾਰ ਵੱਲੋਂ ਉਸ ਸਮੇਂ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ, ਜਦੋਂ ਬੱਚਿਆਂ ਦੇ ਪੇਪਰ ਚੱਲ ਰਹੇ ਹਨ।ਉਨ੍ਹਾਂ ਭਗਵੰਤ ਮਾਨ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਕੇਂਦਰ ਸਰਕਾਰ ਨੂੰ ਜ਼ੋਰਦਾਰ ਤਰੀਕੇ ਨਾਲ ਨੈੱਟ ਸੇਵਾ ਚਲਾਉਣ ਲਈ ਕਹਿਣ। ਸੀਟੂ ਆਗੂਆਂ ਨੇ ਯੂ. ਪੀ. ਦੀ ਜੋਗੀ ਸਰਕਾਰ ਵੱਲੋਂ 6 ਮਹੀਨੇ ਲਈ ਹੜਤਾਲ, ਰੈਲੀਆਂ, ਮੁਜ਼ਾਹਰੇ ਕਰਨ 'ਤੇ ਪਾਬੰਦੀਆਂ ਲਗਾਉਣ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿੰਦਾ ਕੀਤੀ।

# ਅੰਦੋਲਨ 'ਚ ਜਾਂਦੇ ਲੋਡਰ ਟਰੈਕਟਰ ਨੂੰ ਰੋਕਿਆ, ਕਿਸਾਨਾਂ ਵੱਲੋਂ ਆਵਾਜਾਈ ਠੱਪ



ਨੈਸ਼ਨਲ ਹਾਈਵੇ 'ਤੇ ਆਵਾਜਾਈ ਠੱਪ ਕਰਕੇ ਬੈਠੇ ਲੋਕ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਵੱਲੋਂ ਕਿਸਾਨੀ ਮੰਗਾਂ ਤੇ ਖੇਤੀ ਕਾਨੂੰਨਾਂ ਦੀ ਵਾਪਸੀ ਵੇਲੇ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਵਾਅਦੇ ਪੂਰੇ ਨਾ ਕਰਨ ਦੇ ਰੋਸ ਵਜੋਂ ਸ਼ੁਰੂ ਕੀਤੇ ਗਏ ਦਿੱਲੀ ਕਿਸਾਨ ਅੰਦੋਲਨ-2 ਦੌਰਾਨ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ 'ਤੇ ਪੰਜਾਬ-ਹਰਿਆਣਾ ਹੱਦ 'ਤੇ ਢਾਬੀ ਗੁੱਜਰਾਂ ਬਾਰਡਰ ਉੱਤੇ ਹਰਿਆਣਾ ਪੁਲਸ ਤੇ ਕੇਂਦਰੀ ਰਿਜ਼ਰਵ ਫੋਰਸ ਵੱਲੋਂ ਕੀਤੀ ਗਈ ਸਖਤ ਨਾਕੇਬੰਦੀ ਦੇ ਚੱਲਦਿਆਂ ਚੱਲ ਰਹੇ ਪੱਕੇ ਮੋਰਚੇ ਵਿੱਚ ਆਪਣੇ ਟਰੈਕਟਰ, ਜਿਸ ਦੇ ਅੱਗੇ ਲੋਡਰ ਕਰਾਹਾ ਲੱਗਾ ਹੋਇਆ ਸੀ, ਨੂੰ ਪਾਤੜਾਂ ਪੁਲਸ ਨੇ ਰੋਕ ਲਿਆ। ਪੁਲਸ ਵੱਲੋਂ ਟਰੈਕਟਰ ਟਰਾਲੀ ਨੂੰ ਜਬਰੀ ਰੋਕੇ ਜਾਣ ਦੇ ਰੋਸ ਵਜੋਂ ਟਰਾਲੀ ਵਿੱਚ ਸਵਾਰ ਕਿਸਾਨਾਂ ਨੇ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਆਵਾਜਾਈ ਠੱਪ ਕਰ ਦਿੱਤੀ। ਮਾਮਲੇ ਦਾ ਪਤਾ ਲੱਗਦਿਆਂ ਹੀ ਵੱਡੀ ਗਿਣਤੀ ਵਿੱਚ ਆਸ-ਪਾਸ ਦੇ ਪਿੰਡਾਂ ਦੇ ਲੋਕ ਵੀ ਧਰਨੇ ਵਾਲੀ ਥਾਂ ਉੱਤੇ ਪਹੁੰਚ ਗਏ। ਮੌਕੇ ਉੱਤੇ ਪਹੁੰਚੇ ਪੁਲਸ ਅਧਿਕਾਰੀਆਂ ਵੱਲੋਂ ਦਿੱਤੇ ਭਰੋਸੇ ਮਗਰੋਂ ਲੋਕਾਂ ਨੂੰ ਸ਼ਾਂਤ ਕਰਕੇ ਆਵਾਜਾਈ ਬਹਾਲ ਕਰਵਾ ਦਿੱਤੀ, ਪਰ ਵਿਰੋਧ ਕਰ ਰਹੇ ਕਿਸਾਨ ਟਰੈਕਟਰ ਛੱਡੇ ਜਾਣ ਦੀ ਜ਼ਿੱਦ ਉੱਤੇ ਅੜੇ ਰਹੇ।

ਜਾਣਕਾਰੀ ਦਿੰਦਿਆਂ ਲਛਮਣ ਸਿੰਘ ਤੇ ਬਹਾਦਰ ਸਿੰਘ ਵਾਸੀ ਥੰਮਣਗੜ੍ਹ ਬਲਾਕ ਮੌੜ ਜ਼ਿਲ੍ਹਾ ਬਠਿੰਡਾ ਨੇ ਦੱਸਿਆ ਕਿ ਉਹ ਆਪਣੇ ਆਇਸ਼ਰ ਟਰੈਕਟਰ ਤੇ ਟਰਾਲੀ 'ਤੇ ਸਵਾਰ ਹੋ ਕੇ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਖਨੌਰੀ ਬਾਰਡਰ ਵੱਲ ਜਾ ਰਹੇ ਸੀ ਤਾਂ ਪਾਤੜਾਂ ਬਜ਼ਾਰ ਵਿੱਚ ਪੁਲਸ ਨੇ ਟਰੈਕਟਰ ਅੱਗੇ ਗੱਡੀ ਲਗਾ ਕੇ ਉਨ੍ਹਾਂ ਨੂੰ ਰੋਕ ਲਿਆ, ਜਿਸ ਦਾ ਕਾਰਨ ਛੋਟੇ ਜਿਹੇ ਟਰੈਕਟਰ ਅੱਗੇ ਲੱਗੇ ਲੋਡਰ ਨੂੰ ਦੱਸਿਆ ਜਾ ਰਿਹਾ ਹੈ। ਇਸ ਦੌਰਾਨ ਮੌਕੇ ਉੱਤੇ ਪੁੱਜੇ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਕਿਸਾਨਾਂ ਨਾਲ ਖੜੇ ਹੋਣ ਦੇ ਦਾਅਵੇ ਕਰਦੀ ਹੈ, ਪਰ ਪੰਜਾਬ ਪੁਲਸ ਵੱਲੋਂ ਲਗਾਤਾਰ ਅੰਦੋਲਨ ਵਿੱਚ ਸ਼ਾਮਲ ਹੋ ਰਹੇ ਕਿਸਾਨਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਦੌਰਾਨ ਵਿਰੋਧ ਪ੍ਰਦਰਸ਼ਨ 'ਚ ਸ਼ਾਮਲ ਹੋਣ ਵਾਲੇ ਕਿਸਾਨ ਕਿਸੇ ਹੋਰ ਟਰੈਕਟਰ ਨਾਲ ਉਕਤ ਟਰਾਲੀ ਲੈ ਕੇ ਢਾਬੀ ਗੁਜਰਾਂ ਬਾਰਡਰ ਉਤੇ ਪੁੱਜ ਗਏ। ਖ਼ਬਰ ਲਿਖੇ ਜਾਣ ਤੱਕ ਕਿਸਾਨ ਟਰੈਕਟਰ ਛੱਡੇ ਜਾਣ ਦੀ ਜ਼ਿੱਦ ਉੱਤੇ ਅੜੇ ਹੋਏ ਸਨ।

ਜ਼ਿਕਰਯੋਗ ਹੈ ਕਿ ਦੋ ਦਿਨ ਪਹਿਲਾਂ ਵੀ ਪਾਤੜਾਂ ਪੁਲਸ ਨੇ ਅਜਿਹੀ ਕਾਰਵਾਈ ਕਰਦਿਆਂ ਕਿਸਾਨਾਂ ਦੀ ਪੋਕਲੇਨ ਮਸ਼ੀਨ ਥਾਣੇ ਬੰਦ ਕਰ ਦਿੱਤੀ ਸੀ, ਜਿਸ ਖਿਲਾਫ ਪੰਜ ਘੰਟੇ ਤੋਂ ਵੱਧ ਸਮਾਂ ਸ਼ਹਿਰ ਵਿੱਚ ਜਾਮ ਲੱਗਿਆ ਰਿਹਾ ਸੀ।

# ਕੇਂਦਰ ਤੇ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ 'ਤੇ ਕੀਤਾ ਜਾ ਰਿਹਾ ਤਸ਼ੱਦਦ ਨਿੰਦਣਯੋਗ : ਚੱਠਾ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਆਮ ਆਦਮੀ ਪਾਰਟੀ ਟਰੇਡ ਵਿੰਗ ਦੇ ਸੂਬਾਈ ਆਗੂ ਸਤਿੰਦਰ ਸਿੰਘ ਚੱਠਾ ਨੇ ਇਸ ਕਾਰੇ ਨਾਲ ਭਾਜਪਾ ਸਰਕਾਰਾਂ ਦੀ ਜਮਹੂਰੀਅਤ ਵਿਰੋਧੀ ਤੇ ਤਾਨਾਸ਼ਾਹੀ ਮਾਨਸਿਕਤਾ ਦਾ ਘਿਨੌਣਾ ਚਿਹਰਾ ਸਾਹਮਣੇ ਆ ਗਿਆ ਹੈ, ਜੋ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਲਈ ਇੰਨੀ ਹੱਦ ਤੱਕ ਡਿੱਗ ਗਈ ਹੈ। ਉਨ੍ਹਾ ਕਿਸਾਨਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਨਾਕਾਮ ਰਹਿਣ ਲਈ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾ ਕਿਹਾ ਕਿ ਇਹ ਸਰਕਾਰ ਕਿਸਾਨੀ ਭਾਈਚਾਰੇ ਦੀਆਂ ਜਾਇਜ਼ ਮੰਗਾਂ ਨੂੰ ਨਜ਼ਰ ਅੰਦਾਜ਼ ਕਰਕੇ ਉਲਟਾ ਵੱਡੇ ਉਦਯੋਗਪਤੀਆਂ ਨੂੰ ਕਰੋੜਾਂ ਰੁਪਏ ਦੀਆਂ ਵੱਡੀਆਂ ਰਾਹਤਾਂ ਤੇ ਛੋਟਾਂ ਦੇਣ ਵਿੱਚ ਰੁੱਝੀ ਹੋਈ ਹੈ। ਉਨ੍ਹਾ ਕਿਹਾ ਕਿ ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹਨ ਤੇ ਕੇਂਦਰ ਸਰਕਾਰ ਤੋਂ ਸਨਮਾਨਜਨਕ ਰਵੱਈਏ ਦੇ ਹੱਕਦਾਰ ਹਨ। ਉਨ੍ਹਾ ਹਾਲਾਤ ਵਿਗੜਨ 'ਤੇ ਨਿਰਾਸ਼ਾ ਜ਼ਾਹਰ ਕਰਦਿਆਂ ਕਿਹਾ ਕਿ ਇਹ ਮਾਰੂ ਕਾਰਵਾਈਆਂ ਮੋਦੀ ਸਰਕਾਰ ਦੇ ਕਿਸਾਨਾਂ ਦਾ ਸਾਹਮਣਾ ਕਰਨ ਤੋਂ ਡਰ ਨੂੰ ਜੱਗ-ਜ਼ਾਹਰ ਕਰਦੀਆਂ ਹਨ। ਉਨ੍ਹਾ ਕਿਹਾ ਕਿ ਕਿਸਾਨਾਂ ਵਿਰੁੱਧ ਅੱਥਰੂ ਗੈਸ ਤੇ ਪੈਲੇਟ ਗੰਨਾਂ ਦੀ ਵਰਤੋਂ, ਸੜਕਾਂ 'ਤੇ ਬੈਰੀਕੇਡ ਲਗਾਉਣ ਤੇ ਕੌਮੀ ਰਾਜਧਾਨੀ ਦੀ ਕਿਲ੍ਹਾਬੰਦੀ ਕਰਨ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤੇ ਆਪਣੇ ਵਾਅਦਿਆਂ ਨੂੰ ਪੂਰਾ ਨਾ ਕਰਨਾ ਤੇ ਇਸ ਕਦਰ ਤਣਾਅਪੂਰਣ ਸਥਿਤੀ ਪੈਦਾ ਕਰਨਾ ਅਫ਼ਸੋਸਨਾਕ ਹੈ। ਉਨ੍ਹਾ ਕਿਸਾਨਾਂ ਲਈ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਸਰਕਾਰ ਦੀ ਦ੍ਰਿੜ੍ਹ ਹਮਾਇਤ ਨੂੰ ਦੁਹਰਾਉਂਦਿਆਂ ਕਿਹਾ ਕਿ ਮੋਦੀ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਵਿੱਚ ਅਸਫ਼ਲ ਹੋਣ 'ਤੇ ਕਿਸਾਨਾਂ 'ਤੇ ਜ਼ੁਲਮ ਢਾਹ ਰਹੀ ਹੈ। ਉਨ੍ਹਾ ਕਿਸਾਨਾਂ ਨੂੰ ਉਨ੍ਹਾਂ ਦੇ ਸ਼ਾਂਤਮਈ ਮਾਰਚ ਤੋਂ ਰੋਕਣ ਲਈ ਪੁਲਸ ਦੀ ਵਰਤੋਂ ਕਰਨ ਦੀ ਨਿੰਦਾ ਕੀਤੀ। ਉਨ੍ਹਾ ਇਸ ਨੂੰ ਨਿਰਾਦਰ ਭਰਿਆ ਤੇ ਗ਼ੈਰ-ਜਮਹੂਰੀ ਕਾਰਵਾਈ ਕਰਾਰ ਦਿੰਦਿਆਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਮੁੱਦਿਆਂ ਦਾ ਤੁਰੰਤ ਹੱਲ ਕਰਨ ਤੇ ਕੀਤੇ ਵਾਅਦੇ ਮੁਤਾਬਕ ਸੁਧਾਰਾਂ ਨੂੰ ਲਾਗੂ ਕਰਨ ਅਤੇ ਦੇਸ਼ ਦੀ ਖੁਰਾਕ ਸੁਰੱਖਿਆ ਤੇ ਪੇਂਡੂ ਖੇਤਰਾਂ ਦੀ ਖ਼ੁਸ਼ਹਾਲੀ ਲਈ ਕਿਸਾਨਾਂ ਦੀ ਭਲਾਈ ਨੂੰ ਤਰਜੀਹ ਦੇਣ ਦੀ ਅਪੀਲ ਕੀਤੀ ਅਤੇ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਤੇ ਖੱਟਰ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਨੂੰ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਬੰਦ ਕਰਨ ਅਤੇ ਦੇਸ਼ ਦੀ ਤਰੱਕੀ ਵਿੱਚ "ਅੰਨਦਾਤਾ" ਦੀ ਅਹਿਮ ਭੂਮਿਕਾ ਨੂੰ ਪਛਾਣਨ ਦੀ ਅਪੀਲ ਕਰਦਿਆਂ ਚੱਠਾ ਨੇ ਕਿਹਾ ਕਿ ਭਾਜਪਾ ਸਰਕਾਰਾਂ ਨੇ ਕਿਸਾਨਾਂ ਨਾਲ ਕੀਤੇ ਆਪਣੇ ਵਾਅਦਿਆਂ ਨੂੰ ਭੁਲਾ ਦਿੱਤਾ ਹੈ ਤੇ ਉਨ੍ਹਾਂ ਨੂੰ ਵੱਡੀਆਂ ਚੁਣੌਤੀਆਂ ਨਾਲ ਜੂਝਣ ਲਈ ਛੱਡ ਦਿੱਤਾ ਹੈ, ਜੋ ਸਵੀਕਾਰ ਨਹੀਂ ਕੀਤਾ ਜਾ ਸਕਦਾ।

# ਰਾਮਗੜ੍ਹੀਆ ਵੈੱਲਫੇਅਰ ਐਸੋਸੀਏਸ਼ਨ ਦੇ ਸੁਖਰਾਜ ਸਿੰਘ ਚਾਨਾ ਬਣੇ ਸਰਬ-ਸੰਮਤੀ ਨਾਲ ਪ੍ਰਧਾਨ



**ਕੋਟਕਪੂਰਾ (ਰਛਪਾਲ ਭੁੱਲਰ)**

ਰਾਮਗੜ੍ਹੀਆ ਵੈਲਫੇਅਰ ਐਸੋਸੀਏਸ਼ਨ ਦੀ ਇੱਕ ਮੀਟਿੰਗ ਚਾਨਾ ਮਸ਼ੀਨਰੀ ਵਰਕਸ ਵਿਖੇ ਹੋਏ, ਜਿਸ ਦੌਰਾਨ ਸੁਖਰਾਜ ਸਿੰਘ ਚਾਨਾ ਨੂੰ ਪ੍ਰਧਾਨ, ਸੁਖਵਿੰਦਰ ਸਿੰਘ ਬੱਬੂ ਸਰਪ੍ਰਸਤ, ਪ੍ਰੋ. ਹਰਬੰਸ ਸਿੰਘ ਪਦਮ ਨੂੰ ਸਕੱਤਰ, ਐਡਵੋਕੇਟ ਗੁਰਮੀਤ ਸਿੰਘ ਚਾਨਾ ਖ਼ਜ਼ਾਨਚੀ, ਕੁਲਵੰਤ ਸਿੰਘ ਚਾਨੀ ਤੇ ਸਵਰਨ ਸਿੰਘ ਚਾਨੀ ਬਰਗਾੜੀ ਸਲਾਹਕਾਰ, ਹਰਪ੍ਰੀਤ ਸਿੰਘ ਚਾਨਾ ਨੂੰ ਸਰਬਸੰਮਤੀ ਨਾਲ ਪ੍ਰੈਸ ਸਕੱਤਰ ਚੁਣਿਆ ਗਿਆ।ਪ੍ਰੋ. ਹਰਬੰਸ ਸਿੰਘ ਪਦਮ ਨੇ ਦੱਸਿਆ ਕਿ ਸੰਸਥਾ ਦਾ ਮੁਖ ਕੰਮ ਲੋਕਾਂ ਨੂੰ ਹੱਕਾਂ ਲਈ ਜਾਗਰੂਕ ਕਰਨ ਦੇ ਨਾਲ ਲੋੜਵੰਦ ਪਰਵਾਰਾਂ ਦਾ ਸਹਿਯੋਗ ਕਰਨਾ ਹੈ। ਉਨ੍ਹਾਂ ਦੱਸਿਆ ਕਿ ਰਾਮਗੜ੍ਹੀਆ ਭਾਈਚਾਰੇ ਵੱਲੋਂ ਪਿਛਲੇ ਦਿਨੀ ਮੋਗਾ ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਭਰਵੀਂ ਇਕੱਤਰਤਾ ਹੋਈ ਸੀ, ਜਿਸ 'ਚ ਕੋਟਕਪੂਰਾ ਦੇ ਵਸਨੀਕ ਸੁਖਵਿੰਦਰ ਸਿੰਘ ਬੱਬੂ, ਸੰਤੋਖ ਸਿੰਘ ਚਾਨਾ, ਸੁਖਰਾਜ ਸਿੰਘ ਚਾਨਾ, ਪ੍ਰਨਾਮ ਸਿੰਘ ਚਾਨਾ, ਪ੍ਰੋ. ਮੁਖਤਿਆਰ ਸਿੰਘ, ਪ੍ਰਧਾਨ ਭੁਪਿੰਦਰ ਸਿੰਘ ਸੱਗੂ ਸ਼ਾਮਲ ਹੋਏ ਸਨ, ਜਿਸ ਦੌਰਾਨ ਇਹੋ ਫੈਸਲਾ ਕੀਤਾ ਗਿਆ ਸੀ ਕਿ ਆਉਣ ਵਾਲੀ 17 ਮਾਰਚ ਨੂੰ ਵਿਸ਼ਵਕਰਮਾ ਭਵਨ ਮੋਗਾ ਵਿਖੇ ਰਾਮਗੜ੍ਹੀਆ ਭਾਈਚਾਰੇ ਵੱਲੋਂ ਵੱਡੇ ਪੱਧਰ 'ਤੇ ਇਕੱਠ ਕਰਕੇ ਰਾਮਗੜ੍ਹੀਆ ਸੰਗਠਨ ਪੰਜਾਬ ਦਾ ਅਯੋਜਨ ਕੀਤਾ ਜਾਵੇ ਤਾਂ ਜੁ ਸਾਰੇ ਰਾਮਗੜ੍ਹੀਆ ਭਾਈਚਾਰਾ ਇਕ ਮੰਚ 'ਤੇ ਇਕੱਤਰ ਹੋ ਕੇ ਸਰਕਾਰਾਂ ਤੋਂ ਆਪਣੇ ਬਣਦੇ ਹੱਕ ਲਏ ਜਾਣ। ਉਨ੍ਹਾਂ ਰਾਮਗੜ੍ਹੀਆ ਭਾਈਚਾਰੇ ਨੂੰ ਪਹੁੰਚਣ ਦੀ ਅਪੀਲ ਕੀਤੀ ਹੈ।ਇਸ ਮੌਕੇ ਪ੍ਰੋ. ਮੁਖਤਿਆਰ ਸਿੰਘ, ਮੱਖਣ ਸਿੰਘ ਐਸਡੀਓ, ਸੰਤੋਖ ਸਿੰਘ ਚਾਨਾ, ਡਾ. ਚਰਨਜੀਤ ਸਿੰਘ, ਹਰਿੰਦਰ ਸਿੰਘ ਸੱਗੂ, ਕੁਲਵੰਤ ਸਿੰਘ ਚਾਨਾ, ਕੁਲਵੰਤ ਸਿੰਘ ਮਾਲੂਵਾਲ, ਐਡਵੋਕੇਟ ਗੁਰਪ੍ਰੀਤ ਸਿੰਘ ਚਾਨਾ, ਹਰਮਿੰਦਰ ਸਿੰਘ ਮਠਾੜੂ ਆਦਿ ਹਾਜ਼ਰ ਸਨ।

# ਵਿਵੇਕਾਨੰਦ ਵਰਲਡ ਸਕੂਲ 'ਚ 'ਫ਼ਿਰੋਜ਼ਪੁਰ ਪ੍ਰੀਮੀਅਰ ਲੀਗ-2024' ਦੀ ਸ਼ੁਰੂਆਤ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਵਿਵੇਕਾਨੰਦ ਵਰਲਡ ਸਕੂਲ ਵਿੱਚ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ 'ਫ਼ਿਰੋਜ਼ਪੁਰ ਪ੍ਰੀਮੀਅਰ ਲੀਗ-2024' ਦੀ ਸ਼ੁਰੂਆਤ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਡਾਇਰੈਕਟਰ ਡਾ. ਐੱਸ. ਐੱਨ. ਰੁਦਰਾ ਨੇ ਦੱਸਿਆ ਕਿ ਇਸ ਪ੍ਰੀਮੀਅਰ ਲੀਗ ਦੀ ਮੁੱਖ ਮੰਤਵ 30 ਸਾਲ ਤੋਂ ਉੱਪਰ ਉਮਰ ਦੇ ਵਿਅਕਤੀ, ਜੋ ਕਿ ਆਪਣੇ-ਆਪਣੇ ਕਾਰੋਬਾਰ ਜਾਂ ਨੌਕਰੀਆਂ ਵਿੱਚ ਬੇਤਹਾਸ਼ਾ ਰੁੱਝੇ ਰਹਿਣ ਕਰਕੇ ਸਿਹਤ ਨੂੰ ਅਣਗੌਲਿਆ ਕਰ ਦਿੰਦੇ ਹਨ, ਨੂੰ ਦੁਬਾਰਾ ਖੇਡ ਮੈਦਾਨਾਂ ਵਿੱਚ ਉਤਾਰ ਕੇ ਆਪਣੀ ਨਰੋਈ ਸਿਹਤ ਨੂੰ ਮੁੜ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਨਾ ਹੈ ਅਤੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਵੱਡੇ ਪੜਾਅ ਕਦੀ ਖੇਡ ਮੈਦਾਨਾਂ ਦੇ ਵਿੱਚ ਕ੍ਰਿਕਟ ਖੇਡ ਕੇ ਬਿਤਾਏ ਸਨ, ਨੂੰ ਹੁਣ ਦੁਬਾਰਾ ਸੁਰਜੀਤ ਕਰ ਸਕਣ।ਡਾ. ਰੁਦਰਾ ਨੇ ਦੱਸਿਆ ਕਿ ਫਿਰੋਜ਼ਪੁਰ ਪ੍ਰੀਮੀਅਰ ਲੀਗ ਵਿੱਚ ਵੱਖ-ਵੱਖ ਖੇਤਰਾਂ ਦੇ ਉਦਯੋਗਪਤੀਆਂ, ਅਧਿਆਪਕਾਂ, ਬੀ.ਐੱਸ.ਐੱਫ., ਨਿਆਂਇਕ ਤੇ ਕਿਸਾਨਾਂ ਨੇ ਉਤਸ਼ਾਹ ਨਾਲ ਭਾਗ ਲਿਆ, ਜਿਸ ਵਿੱਚ ਸੁਪਰੀਮ ਗ੍ਰਾਫਿਕ ਕ੍ਰਿਕਟ ਕਲੱਬ, ਬਾਬਾ ਕਰਮ ਸਿੰਘ ਕ੍ਰਿਕਟ ਕਲੱਬ, ਓਲਡ ਏਜ਼ ਗੋਲਡ ਇਲੈਵਨ ਕਲੱਬ, ਇਲੈਕਟ੍ਰੀਸਿਟੀ ਬੋਰਡ ਕ੍ਰਿਕੇਟ ਕਲੱਬ, ਇੰਡੀਅਨ ਫਾਊਂਡਰੀ ਵਰਕਸ, ਡੀ ਪੀ ਇਲੈਵਨ ਕ੍ਰਿਕਟ ਟੀਮ, ਫ਼ਿਰੋਜ਼ਪੁਰ ਫਾਊਂਡੇਸ਼ਨ ਜੁਡੀਸ਼ੀਅਲ ਕ੍ਰਿਕਟ ਕਲੱਬ, ਫੂਡ ਸਪਲਾਈ ਕ੍ਰਿਕਟ ਕਲੱਬ, ਸੰਗਮ ਕ੍ਰਿਕਟ ਕਲੱਬ, ਫ਼ਿਰੋਜ਼ਪੁਰ ਸਟਰਾਈਕਰਜ਼, ਐੱਚ ਡੀ ਐੱਫ ਸੀ ਲਾਇਨਜ਼ ਕਲੱਬ, ਟੀਚਰਜ਼ ਇਲੈਵਨ ਕ੍ਰਿਕਟ ਟੀਮ, ਬੀਐੱਸਐੱਫ ਫ਼ਿਰੋਜ਼ਪੁਰ, ਪੇਂਡੂ ਕ੍ਰਿਕਟ ਕਲੱਬ, ਜੈ ਮਾਂ ਨਗਰ ਕਲੱਬ, ਬਜਾਜ ਇਲੈਵਨ, ਗੇਮ ਚੇਂਜਰ, ਮਾਸਟਰਜ਼ ਇਲੈਵਨ, ਬਾਰ ਐਸੋਸੀਏਸ਼ਨ ਕ੍ਰਿਕਟ ਕਲੱਬ, ਵਿਜ਼ਡਮ ਵਾਰੀਅਰਜ਼ ਜ਼ਿਲ੍ਹਾ ਸਿੱਖਿਆ ਦਫ਼ਤਰ, ਜਾਮਨੀ ਸਾਹਿਬ ਕ੍ਰਿਕਟ ਟੀਮ, ਯੂਥ ਇਲੈਵਨ ਕ੍ਰਿਕਟ ਟੀਮ, ਪ੍ਰੀਡੇਟਰਜ਼ ਕ੍ਰਿਕਟ ਟੀਮ ਤੇ ਪ੍ਰੋਫੈਸ਼ਨਲ ਸਟਰਾਈਕਰ ਮੌਜੂਦ ਹਨ।ਇਹ ਮੁਕਾਬਲੇ 24 ਮਾਰਚ ਤੱਕ ਚੱਲਣਗੇ ਤੇ ਆਖਰੀ ਦਿਨ ਫਾਈਨਲ ਮੈਚ, ਜੋ ਕਿ ਦਿਨ-ਰਾਤ ਦਾ ਹੋਵੇਗਾ ਅਤੇ ਲੜਕੀਆਂ ਦੀਆਂ ਟੀਮਾਂ ਦੇ ਵੀ ਮੈਚ ਹੋਣਗੇ।ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਡੀ.ਆਈ.ਜੀ. ਬੀ.ਐੱਸ.ਐੱਫ. ਸ੍ਰੀ ਪਵਨ ਬਜਾਜ ਤੇ ਬੀ. ਡਬਲਿਊ. ਡਬਲਿਊ. ਐੱਫ. ਦੀ ਮੁਖੀ ਸ੍ਰੀਮਤੀ ਮੋਨੀਸ਼ਾ ਬਜਾਜ ਨੂੰ ਡੌਲੀ ਭਾਸਕਰ ਤੇ ਡਾ. ਐੱਸ. ਐੱਨ. ਰੁਦਰਾ ਵੱਲੋਂ ਗੁਲਦਸਤੇ ਭੇਟ ਕਰਕੇ ਕੀਤੀ ਗਈ। ਇਸ ਤੋਂ ਬਾਅਦ ਫ਼ਿਰੋਜ਼ਪੁਰ ਪ੍ਰੀਮੀਅਰ ਲੀਗ ਦੀ ਸ਼ੁਰੂਆਤ ਸਾਰੀਆਂ ਟੀਮਾਂ ਦੇ ਕਪਤਾਨਾਂ ਵੱਲੋਂ ਸਹੁੰ ਚੁੱਕ ਕੇ ਕੀਤੀ ਗਈ।ਅੱਜ ਪਹਿਲਾ ਮੈਚ ਸੁਪਰੀਮ ਗ੍ਰਾਫਿਕ ਕ੍ਰਿਕਟ ਕਲੱਬ ਤੇ ਬਾਬਾ ਕਰਮ ਸਿੰਘ ਕ੍ਰਿਕਟ ਕਲੱਬ ਵਿਚਕਾਰ ਹੋਇਆ, ਜਿਸ ਵਿੱਚ ਕਰਮ ਸਿੰਘ ਕ੍ਰਿਕਟ ਕਲੱਬ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ।ਦੂਸਰੇ ਮੈਚ ਵਿੱਚ ਪੀ. ਐਸ. ਪੀ. ਸੀ. ਐੱਲ. ਦੀ ਟੀਮ ਨੇ ਓਲਡ ਇਜ਼ ਗੋਲਡ ਦੀ ਟੀਮ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ।ਫਿਲਮ "ਜੇ ਪੈਸਾ ਬੋਲਦਾ ਹੁੰਦਾ" ਦੇ ਮੁੱਖ ਕਲਾਕਾਰਾਂ ਸਮੇਤ ਮੁੱਖ ਅਦਾਕਾਰ ਹਰਦੀਪ ਗਰੇਵਾਲ (ਗਾਇਕ/ਅਦਾਕਾਰ), ਅਭਿਨੇਤਰੀ ਇਹਾਨਾ ਢਿੱਲੋਂ, ਅਭਿਨੇਤਰੀ ਰਾਜ ਧਾਲੀਵਾਲ, ਫਿਲਮ ਦੇ ਨਿਰਦੇਸ਼ਕ ਇਸ ਸਮਾਗਮ ਵਿੱਚ ਸ਼ਾਮਲ ਹੋਏ ਅਤੇ ਦਰਸ਼ਕਾਂ ਨਾਲ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ।ਇਸ ਮੌਕੇ ਸ਼ਲਿੰਦਰ ਭੱਲਾ, ਅਮਿਤ ਕੁਮਾਰ ਧਵਨ, ਹਰਸ਼ ਅਰੋੜਾ, ਅਮਰਜੀਤ ਸਿੰਘ ਭੋਗਲ, ਪ੍ਰੋ. ਗੁਰਤੇਜ, ਰਾਕੇਸ਼ ਸ਼ਰਮਾ, ਹਰਿੰਦਰ ਭੁੱਲਰ, ਸਤਿੰਦਰਜੀਤ ਸਿੰਘ, ਡਾ. ਕੇ ਸੀ ਅਰੋੜਾ, ਡਾ. ਰਮੇਸ਼ ਸ਼ਰਮਾ, ਕ੍ਰਿਸ਼ਨਾ ਅਵਸਥੀ, ਅਸ਼ਵਨੀ ਕੁਮਾਰ, ਅੰਕੁਸ਼ ਭੰਡਾਰੀ, ਵਿਪਨ ਗਰਗ, ਨਰੇਸ਼ ਸ਼ਰਮਾ, ਦਵਿੰਦਰ ਨਾਥ ਸ਼ਰਮਾ, ਕਮਲ ਦ੍ਰਾਵਿੜ ਆਦਿ ਹਾਜ਼ਰ ਸਨ।

# ਕੇਂਦਰ ਤੇ ਹਰਿਆਣਾ ਸਰਕਾਰਾਂ ਕਿਸਾਨਾਂ 'ਤੇ ਅਣਮਨੁੱਖੀ ਤਸ਼ੱਦਦ ਕਰ ਰਹੀਆਂ : ਡਾ. ਭਸੌੜ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਵਕਫ਼ ਬੋਰਡ ਪੰਜਾਬ ਦੇ ਮੈਂਬਰ ਤੇ ਘੱਟ ਗਿਣਤੀ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਡਾ. ਅਨਵਰ ਭਸੌੜ ਨੇ ਆਪਣੀਆਂ ਜਮਹੂਰੀ ਮੰਗਾਂ ਲਈ ਪ੍ਰਦਰਸ਼ਨ ਕਰਦੇ ਕਿਸਾਨਾਂ 'ਤੇ ਹੋਏ ਅਣਮਨੁੱਖੀ ਤਸ਼ੱਦਦ ਤੇ ਅੰਨਦਾਤਾ ਵਿਰੁੱਧ ਜ਼ੁਲਮ ਨੂੰ ਦੇਸ਼ ਦੇ ਖ਼ਿਲਾਫ਼ ਅਪਰਾਧ ਕਰਾਰ ਦਿੱਤਾ ਹੈ। ਉਨ੍ਹਾ ਕਿਹਾ ਕਿ ਇਸ ਸ਼ਾਂਤਮਈ ਪ੍ਰਦਰਸ਼ਨ ਦੌਰਾਨ ਜ਼ਖ਼ਮੀ ਹੋਏ ਕਿਸਾਨਾਂ ਸਮੇਤ ਪੱਤਰਕਾਰਾਂ ਤੇ ਹੋਰ ਵਿਅਕਤੀਆਂ ਦਾ ਇਲਾਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਬਿਲਕੁਲ ਮੁਫ਼ਤ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਕਿਸਾਨਾਂ ਦੀਆਂ ਮੰਗਾਂ ਬਿਲਕੁੱਲ ਵਾਜਬ ਹਨ ਤੇ ਇਨ੍ਹਾਂ ਨੂੰ ਸਾਫ਼ ਦਿਲ ਨਾਲ ਸੁਣ ਕੇ ਕੇਂਦਰ ਤੁਰੰਤ ਹੱਲ ਕਰੇ ਅਤੇ ਕੇਂਦਰ ਤੇ ਹਰਿਆਣਾ ਸਰਕਾਰਾਂ ਪੰਜਾਬ ਦੇ ਕਿਸਾਨਾਂ 'ਤੇ ਜ਼ੁਲਮ ਵੀ ਤੁਰੰਤ ਬੰਦ ਕਰਨ।

ਉਨ੍ਹਾ ਕਿਹਾ ਕਿ ਸੜਕਾਂ ਬੰਦ ਕਰਨੀਆਂ ਕਿਸੇ ਕਾਨੂੰਨ 'ਚ ਨਹੀਂ ਆਉਂਦਾ, ਜਦਕਿ ਕਿੱਲਾਂ ਤੇ ਤਿੱਖੇ ਸਰੀਏ ਤਾਂ ਦੇਸ਼ ਦੀਆਂ ਸਰਹੱਦਾਂ 'ਤੇ ਵੀ ਨਹੀਂ ਲੱਗੇ। ਉਨ੍ਹਾ ਕਿਹਾ ਕਿ ਕਿਸਾਨ ਨੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ 'ਚ ਵਡਮੁੱਲਾ ਯੋਗਦਾਨ ਪਾਇਆ ਤੇ ਉਨ੍ਹਾਂ ਦੇ ਬੱਚੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰ ਰਹੇ ਹਨ ਅਤੇ ਕਿਸਾਨ ਦੇਸ਼ ਦਾ ਅੰਨ ਭੰਡਾਰ ਭਰ ਰਿਹਾ ਹੈ। ਉਨ੍ਹਾ ਕਿਹਾ ਕਿ ਗੋਲੇ ਤੇ ਗੋਲੀਆਂ ਤਾਂ ਦੁਸ਼ਮਣਾਂ 'ਤੇ ਚਲਾਈਆਂ ਜਾਂਦੇ ਹਨ, ਪ੍ਰੰਤੂ ਕਿਸਾਨਾਂ 'ਤੇ ਅਜਿਹਾ ਕਰਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਤੇ ਹਰਿਆਣਾ ਸਰਕਾਰ ਕਿਸਾਨਾਂ 'ਤੇ ਅਣਮਨੁੱਖੀ ਤਸ਼ੱਦਦ ਕਰ ਰਹੀ ਹੈ। ਉਨ੍ਹਾਂ ਹਰਿਆਣਾ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਸ਼ਾਂਤਮਈ ਢੰਗ ਨਾਲ ਦਿੱਲੀ ਜਾ ਰਹੇ ਕਿਸਾਨਾਂ 'ਤੇ ਜ਼ੁਲਮ ਕਰਕੇ ਲੋਕਤੰਤਰ ਦੀ ਹੱਤਿਆ ਕੀਤੀ ਜਾ ਰਹੀ ਹੈ, ਜਿਸ ਦਾ ਖਾਮਿਆਜ਼ਾ ਭਾਜਪਾ ਨੂੰ ਭੁਗਤਣਾ ਪਵੇਗਾ ਤੇ ਇਸ ਦਾ ਜਵਾਬ ਆਉਂਦੀਆਂ ਲੋਕ ਸਭਾ ਚੋਣਾਂ 'ਚ ਲੋਕ ਜ਼ਰੂਰ ਦੇਣਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਲੜਾਈ ਦੇਸ਼ ਦੀ ਲੜਾਈ ਹੈ ਤੇ ਪੰਜਾਬੀ ਤਾਂ ਦੇਸ਼ ਲਈ ਫਾਂਸੀ ਦੇ ਤਖ਼ਤਿਆਂ 'ਤੇ ਵੀ ਚੜ੍ਹੇ ਹਨ। ਉਨ੍ਹਾ ਕਿਹਾ ਕਿ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣ ਤੇ ਕਿਸਾਨਾਂ ਦੇ ਜ਼ਖ਼ਮਾਂ ਉੱਪਰ ਮਲ੍ਹਮ ਲੱਗਣੀ ਚਾਹੀਦੀ ਹੈ।

page-6-19-February.-2024.qxd 2/18/2024 10:02 PM Page 1



# ਆਪ ਦੀ ਸਰਕਾਰ ਆਪ ਦੇ ਦੁਆਰ ਕੈਂਪ ਲੋਕਾਂ ਨੂੰ ਘਰਾਂ ਦੇ ਨੇੜੇ ਸੇਵਾਵਾਂ ਮੁਹੱਈਆ ਕਰਵਾਉਣ ਦਾ ਨਿਵੇਕਲਾ ਉਪਰਾਲਾ : ਰੰਧਾਵਾ

**ਡੇਰਾਬਸੀ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੇ ਗਏ ਨਿਵੇਕਲੇ ਉਪਰਾਲੇ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ, ਜਿਸ ਦੌਰਾਨ ਵੱਖ-ਵੱਖ ਵਿਭਾਗਾਂ ਵੱਲੋਂ ਲੋਕਾਂ ਨੂੰ ਜਿੱਥੇ ਸਬੰਧਤ ਸੇਵਾਵਾਂ ਪ੍ਰਦਾਨ ਕੀਤੀਆਂ ਉੱਥੇ ਹੀ ਲੋਕਾਂ ਦੀਆਂ ਸਮੱਸਿਆਵਾਂ ਦਾ ਵੀ ਨਿਪਟਾਰਾ ਕੀਤਾ ਜਾਂਦਾ ਹੈ। ਇਹ ਪ੍ਰਗਟਾਵਾ ਕਰਦਿਆਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਘਰਾਂ ਦੇ ਨੇੜੇ ਹੀ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਇਹ ਇੱਕ ਨਿਵੇਕਲਾ ਉਪਰਾਲਾ ਹੈ, ਜਿਸ ਲਈ ਲੋਕਾਂ ਨੂੰ ਇਸ ਦਾ ਜ਼ਰੂਰ ਲਾਭ ਲੈਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਪੰਜਾਬ ਸਰਕਾਰ ਵੱਲੋਂ ਭੇਜੀਆਂ ਗਈਆਂ ਪ੍ਰਚਾਰ ਵੈਨਾਂ ਰਾਹੀਂ ਵੀ ਲੋਕਾਂ ਨੂੰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਇਹ ਵੈਨਾਂ ਅੱਜ ਸਬ ਡਵੀਜ਼ਨਾਂ ਦੇ ਪਿੰਡਾਂ ਵਿੱਚ ਲਗਾਏ ਗਏ ਕੈਂਪਾਂ ਵਿੱਚ ਪੁੱਜੀਆਂ, ਜਿੱਥੇ ਇਹ ਲੋਕਾਂ ਦੀ ਖਿੱਚ ਦਾ ਕੇਂਦਰ ਬਣੀਆਂ ਰਹੀਆਂ। ਇਸੇ ਦੌਰਾਨ ਵਿਧਾਇਕ ਨੇ ਪਿੰਡ ਸੁੰਡਰਾਂ, ਵਾਰਡ ਨੰ: 11, 12 ਪਿੰਡ ਸਨੌਲੀ, ਵਾਰਡ ਨੰ: 16,17 ਸੁਸਾਇਟੀ ਗਾਜ਼ੀਪੁਰ ਅਤੇ ਜਾਸਤਨਾ ਕਲਾਂ ਵਿਖੇ ਲਗਾਏ ਗਏ ਕੈਂਪ ਦਾ ਜਾਇਜ਼ਾ ਲਿਆ ਅਤੇ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਭਲਾਈ ਸਕੀਮਾਂ ਤੇ ਪ੍ਰੋਗਰਾਮਾਂ ਬਾਰੇ ਜਾਗਰੂਕ ਕਰਕੇ ਲੋਕਾਂ ਦੀ ਫੀਡਬੈਕ ਵੀ ਹਾਸਲ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਹੁਣ ਵੱਖ ਵੱਖ ਤਰ੍ਹਾਂ ਦੀਆਂ 43 ਸੇਵਾਵਾਂ ਆਪਣੇ ਘਰਾਂ ਨੇੜੇ ਹਾਸਲ ਕਰਨ ਲਈ ਹੈਲਪ ਲਾਈਨ ਨੰਬਰ 1076 'ਤੇ ਸੰਪਰਕ ਕੀਤਾ ਜਾ ਸਕਦਾ ਹੈ ਅਤੇ ਉਹ ਸਹੂਲਤਾਂ ਲੋਕਾਂ ਦੇ ਘਰਾਂ ਤੱਕ ਮੁਹੱਈਆ ਕਰਵਾਈਆਂ ਜਾਣਗੀਆਂ। ਇਨ੍ਹਾਂ ਕੈਂਪਾਂ ਵਿੱਚ ਜਨਮ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਰਿਹਾਇਸ਼ ਸਰਟੀਫਿਕੇਟ, ਅਨੁਸੂਚਿਤ ਅਤੇ ਪਛੜੀਆਂ ਸ਼੍ਰੇਣੀਆਂ ਦੇ ਸਰਟੀਫਿਕੇਟ, ਬੁਢਾਪਾ, ਦਿਵਯਾਂਗ ਅਤੇ ਆਸ਼ਰਿਤ ਪੈਨਸ਼ਨ, ਜਨਮ ਸਰਟੀਫਿਕੇਟ 'ਚ ਨਾਂ ਦੀ ਤਬਦੀਲੀ, ਬਿਜਲੀ ਦੇ ਬਿੱਲਾਂ ਦੇ ਭੁਗਤਾਨ, ਮਾਲ ਵਿਭਾਗ ਸਬੰਧੀ ਰਿਕਾਰਡ ਦੀ ਪੜਤਾਲ, ਵਿਆਹ ਦੀ ਰਜਿਸਟ੍ਰੇਸ਼ਨ, ਮੌਤ ਦੇ ਸਰਟੀਫਿਕੇਟ ਦੀ ਇਕ ਤੋਂ ਵੱਧ ਕਾਪੀਆਂ, ਪੇਂਡੂ ਖੇਤਰ ਸਰਟੀਫਿਕੇਟ, ਫਰਦ ਬਣਾਉਣੀ, ਸ਼ਗਨ ਸਕੀਮ, ਜ਼ਮੀਨ ਦੀ ਨਿਸ਼ਾਨਦੇਹੀ, ਐੱਨ.ਆਰ. ਆਈ. ਦੇ ਸਰਟੀਫਿਕੇਟਾਂ ਦੇ ਕਾਊਂਟਰ ਦਸਤਖ਼ਤ, ਪੁਲਸ ਕਲੀਅਰੈਂਸ ਸਰਟੀਫਿਕੇਟ ਦੇ ਕਾਊਂਟਰ ਦਸਤਖ਼ਤ, ਮੌਤ ਸਰਟੀਫਿਕੇਟ 'ਚ ਤਬਦੀਲੀ ਆਦਿ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।



# 'ਯਾਤਰੀਆਂ ਨੂੰ ਇਕ ਲੀਟਰ ਦੀ ਬਜਾਏ ਅੱਧਾ ਲੀਟਰ ਪਾਣੀ ਦੀ ਬੋਤਲ ਦੀ ਸਹੂਲਤ ਮਿਲਣੀ ਸ਼ੁਰੂ'

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਦੇ ਯਤਨਾਂ ਤੋਂ ਬਾਅਦ ਹੁਣ ਵੰਦੇ ਭਾਰਤ ਟਰੇਨ ਵਿੱਚ ਯਾਤਰੀਆਂ ਨੂੰ ਇੱਕ ਲੀਟਰ ਦੀ ਬਜਾਏ ਅੱਧਾ ਲੀਟਰ ਪੀਣ ਵਾਲੇ ਪਾਣੀ ਦੀ ਬੋਤਲ ਮਿਲਣੀ ਸ਼ੁਰੂ ਹੋ ਗਈ ਹੈ। ਖੰਨਾ ਨੇ ਹਾਲ ਹੀ ਵਿੱਚ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੂੰ ਪੱਤਰ ਲਿਖ ਕੇ ਵੰਦੇ ਭਾਰਤ ਟਰੇਨ ਵਿੱਚ ਸਫ਼ਰ ਕਰਨ ਵਾਲੇ ਯਾਤਰੀਆਂ ਲਈ ਅੱਧਾ ਲੀਟਰ ਪਾਣੀ ਦੀ ਸਹੂਲਤ ਦੇਣ ਦੀ ਮੰਗ ਕੀਤੀ ਸੀ ਤਾਂ ਜੋ ਪਾਣੀ ਦੀ ਬੱਚਤ ਦੇ ਨਾਲ-ਨਾਲ ਰੇਲਗੱਡੀ ਵਿੱਚ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨੂੰ ਖ਼ਤਮ ਕੀਤਾ ਜਾ ਸਕੇ। ਖੰਨਾ ਨੇ ਆਪਣੇ ਪੱਤਰ ਰਾਹੀਂ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਦਾ ਵੰਦੇ ਭਾਰਤ ਰੇਲਗੱਡੀ ਵਿੱਚ ਬਹੁਤ ਹੀ ਸੁਹਾਵਣਾ ਅਤੇ ਆਰਾਮਦਾਇਕ ਸਫ਼ਰ ਕਰਨ ਲਈ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਵੰਦੇ ਭਾਰਤ ਟਰੇਨ ਵਿੱਚ ਸਫ਼ਰ ਕਰਨ ਵਾਲੇ ਯਾਤਰੀਆਂ ਨੂੰ ਸ਼ਤਾਬਦੀ ਵਾਂਗ ਦਿੱਤੇ ਜਾਣ ਵਾਲੇ ਪਾਣੀ ਦੀ ਇੱਕ ਲੀਟਰ ਦੀ ਬੋਤਲ ਦੀ ਬਜਾਏ ਅੱਧਾ ਲੀਟਰ ਕੀਤਾ ਜਾਵੇ, ਤਾਂ ਜੋ ਪਾਣੀ ਦੀ ਬਚਤ ਦੇ ਨਾਲ ਨਾਲ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਵੀ ਘਟੇ।ਹਾਲ ਹੀ ਵਿੱਚ ਰੇਲਵੇ ਮੰਤਰਾਲੇ ਵੱਲੋਂ ਪਾਣੀ ਦੀ ਬੱਚਤ ਅਤੇ ਸਿੰਗਲ ਯੂਜ਼ ਪਲਾਸਟਿਕ ਨੂੰ ਰੋਕਣ ਦੀ ਇਸ ਬੇਨਤੀ ਨੂੰ ਸਵੀਕਾਰ ਕਰਨ ਤੋਂ ਬਾਅਦ ਯਾਤਰੀਆਂ ਨੂੰ ਅੱਧਾ ਲੀਟਰ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ, ਜਿਸ ਲਈ ਖੰਨਾ ਨੇ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੂੰ ਪੱਤਰ ਲਿਖ ਕੇ ਧੰਨਵਾਦ ਵੀ ਪ੍ਰਗਟ ਕੀਤਾ ਹੈ।ਖੰਨਾ ਨੇ ਦੱਸਿਆ ਕਿ ਵੰਦੇ ਭਾਰਤ ਟਰੇਨ 'ਚ ਯਾਤਰੀਆਂ ਨਾਲ ਸਫ਼ਰ ਕਰਦੇ ਸਮੇਂ ਪਾਣੀ ਦੀ ਬੱਚਤ ਕਰਨ ਲਈ ਮਿਲੇ ਸੁਝਾਅ ਨੂੰ ਉਨ੍ਹਾਂ ਨੇ ਕੇਂਦਰੀ ਰੇਲ ਮੰਤਰੀ ਨੂੰ ਪੱਤਰ ਲਿਖ ਕੇ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਸ਼ਤਾਬਦੀ ਵਾਂਗ ਵੰਦੇ ਭਾਰਤ ਟਰੇਨ 'ਚ ਪੀਣ ਲਈ ਅੱਧਾ ਲੀਟਰ ਪਾਣੀ ਦੀਆਂ ਬੋਤਲਾਂ ਉਪਲਬਧ ਕਰਵਾਉਣ ਦੇ ਆਦੇਸ਼ ਦੇਣ 'ਤੇ ਕੇਂਦਰੀ ਰੇਲ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੇਕਰ ਕਿਸੇ ਨੂੰ ਹੋਰ ਪਾਣੀ ਦੀ ਲੋੜ ਹੈ ਤਾਂ ਉਹ ਦੁਬਾਰਾ ਪਾਣੀ ਮੰਗ ਦਿੱਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਾਣੀ ਬਚਾਉਣ ਅਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਘੱਟ ਕਰਨ ਦੀ ਮੁਹਿੰਮ ਸਾਰਥਕ ਹੋ ਗਈ ਹੈ।

# ਪੰਜਾਬ ਸਰਕਾਰ ਵਿਆਪਕ ਯੋਜਨਾਬੰਦੀ ਨਾਲ ਬਦਲੇਗੀ ਸ਼ਹਿਰਾਂ ਦੀ ਨੁਹਾਰ : ਬਲਕਾਰ ਸਿੰਘ

**ਜਲੰਧਰ, ( ਸ਼ੈਲੀ ਐਲਬਰਟ)**-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ਹਿਰੀ ਖੇਤਰਾਂ ਦੀ ਵਿਆਪਕ ਯੋਜਨਾਬੰਦੀ ਤਹਿਤ ਨੁਹਾਰ ਬਦਲੀ ਜਾਵੇਗੀ, ਜਿਸ ਤਹਿਤ ਸੜਕਾਂ, ਪਾਰਕਾਂ , ਸੀਵਰੇਜ , ਪੀਣ ਵਾਲੇ ਪਾਣੀ ਦੇ ਵੱਖ - ਵੱਖ ਪ੍ਰਾਜੈਕਟਾਂ ਨੂੰ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ। ਅੱਜ ਇੱਥੇ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ ਸ਼ੀਤਲ ਅੰਗੁਰਾਲ ਨਾਲ ਜਲੰਧਰ ਸ਼ਹਿਰ ਵਿੱਚ ਲਗਭਗ 3.75 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਕੰਮਾਂ ਦੀ ਸ਼ੁਰੂਆਤ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਵਿਕਾਸ ਮੁਖੀ ਏਜੰਡੇ ਤਹਿਤ ਕੰਮ ਜੰਗੀ ਪੱਧਰ ਉੱਪਰ ਚੱਲ ਰਹੇ ਹਨ ਜਿਸ ਤਹਿਤ 100 ਆਬਾਦੀ ਨੂੰ ਕਵਰ ਕੀਤਾ ਜਾਵੇਗਾ । ਉਨ੍ਹਾਂ ਇਹ ਵੀ ਦੱਸਿਆ ਕਿ ਵੱਖ - ਵੱਖ ਸ਼ਹਿਰਾਂ ਦੀਆਂ ਸੜਕਾਂ ਦੇ ਨਵੀਨੀਕਰਨ ਤੇ ਮਜ਼ਬੂਤੀਕਰਨ ਦਾ ਕੰਮ ਜਲਦ ਮੁਕੰਮਲ ਕਰ ਲਿਆ ਜਾਵੇਗਾ ਕਿਉਂਕਿ ਇਸ ਸਬੰਧੀ ਟੈਂਡਰ ਪ੍ਰਕ੍ਰਿਆ ਪੂਰੀ ਹੋ ਚੁੱਕੀ ਹੈ । ਉਨ੍ਹਾਂ ਡਾ . ਬੀ ਆਰ ਅੰਬੇਦਕਰ ਨਿਊ ਗਰੀਨ ਪਾਰਕ ਦੇ ਨਵੀਨੀਕਰਨ ਦਾ 1.13 ਕਰੋੜ ਰੁਪਏ ਦੇ ਨਾਲ ਕੰਮ ਸ਼ੁਰੂ ਕਰਵਾਉਣ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਦੀ ਸੋਚ ਮੁਤਾਬਿਕ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ, ਜਿਸ ਤਹਿਤ ਘਰ - ਘਰ ਰਾਸ਼ਨ ਸਪਲਾਈ ਮੁਹਿੰਮ, 1076 ਹੈਲਪਲਾਈਨ ਨੰਬਰ, 90 ਫੀਸਦੀ ਖਪਤਕਾਰਾਂ ਨੂੰ ਮੁਫਤ ਬਿਜਲੀ, 600 ਆਮ ਆਦਮੀ ਕਲੀਨਿਕ, ਸਕੂਲ ਆਫ ਐਮੀਨੈਂਸ ਸ਼ੁਰੂ ਕੀਤੇ ਗਏ ਹਨ ।ਉਨ੍ਹਾਂ ਕਿਹਾ ਕਿ ਪਾਰਕ ਦੇ ਨਵੀਨੀਕਰਨ ਦਾ ਕੰਮ ਅਲਾਟ ਹੋ ਚੁੱਕਾ ਹੈ, ਜਿਸ ਵਿੱਚ ਪਾਰਕ ਵਿੱਚ ਬੈਠਣ ਦਾ ਇੰਤਜ਼ਾਮ, ਫਰੰਟ ਦੀ ਚਾਰਦੀਵਾਰੀ ਫੁੱਟਪਾਥ, ਓਪਨ ਜਿਮ ਪਲਾਂਟੇਸ਼ਨ ਆਦਿ ਸ਼ਾਮਲ ਹੈ। ਕੈਬਨਿਟ ਮੰਤਰੀ ਨੇ ਇਹ ਵੀ ਕਿਹਾ ਕਿ ਨਿਊ ਗਰੀਨ ਪਾਰਕ ਖੇਤਰ ਦੀ ਕਾਇਆ ਕਲਪ ਲਈ ਸੜਕਾਂ, ਪੀਣ ਵਾਲੇ ਪਾਣੀ ਦੇ ਪ੍ਰਾਜੈਕਟ ਵੀ ਸ਼ੁਰੂ ਕੀਤੇ ਗਏ ਹਨ। ਸ਼ਹਿਰ ਵਿੱਚ ਕੈਬਨਿਟ ਮੰਤਰੀ ਵੱਲੋਂ ਲਗਭਗ 2 ਕਿਲੋਮੀਟਰ ਲੰਬੀਆਂ ਸੜਕਾਂ ਦੇ ਨਵੀਨੀਕਰਨ ਦੀ ਕੰਮ ਵੀ ਸ਼ੁਰੂ ਕਰਵਾਇਆ ਗਿਆ ਜਿਸ ਵਿੱਚ 81 ਲੱਖ ਦੀ ਲਾਗਤ ਵਾਲ 1.14 ਕਿਲੋਮੀਟਰ ਤੇ ਲਗਭਗ 73 ਲੱਖ ਰੁਪਏ ਦੀ ਲਾਗਤ ਨਾਲ ਸੜਕ ਦੇ ਨਵੀਨੀਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਹੈ ।ਇਸ ਤੋਂ ਇਲਾਵਾ ਨਿਊ ਗਰੀਨ ਪਾਰਕ ਵਿਖੇ 24.32 ਲੱਖ ਰੁਪਏ ਦੀ ਲਾਗਤ ਨਾਲ 600 ਫੁੱਟ ਡੂੰਘੇ ਟਿਊਬਵੈੱਲ ਦਾ ਨੀਂਹ ਪੱਥਰ ਵੀ ਰੱਖਿਆ ਗਿਆ ਜਿਸ ਨਾਲ ਨਿਊ ਗਰੀਨ ਪਾਰਕ, ਬੂਟਾਂ ਪਿੰਡ, ਪ੍ਰਤਾਪ ਨਗਰ, ਪੰਜਾਬੀ ਬਾਗ ਆਦਿ ਖੇਤਰਾਂ ਦੇ ਵਸਨੀਕਾਂ ਨੂੰ ਲਾਭ ਮਿਲੇਗਾ।ਕੈਬਨਿਟ ਮੰਤਰੀ ਵੱਲੋਂ ਇਸ ਮੌਕੇ ਲੋਕਾਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ ਗਈਆਂ ਤੇ ਉਨ੍ਹਾਂ ਦੇ ਹੱਲ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ । ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਵਿਕਾਸ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕਰਨਾ ਯਕੀਨੀ ਬਣਾਉਣ ਦੇ ਨਾਲ-ਨਾਲ ਕੰਮ ਦੀ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦੇਣ । ਇਸ ਮੌਕੇ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ, ਕੈਬਨਿਟ ਮੰਤਰੀ ਦੇ ਪਤਨੀ ਹਰਪ੍ਰੀਤ ਕੌਰ , ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਨਗਰ ਨਿਗਮ ਦੇ ਕਮਿਸ਼ਨਰ ਗੌਤਮ ਜੈਨ, ਵਧੀਕ ਕਮਿਸ਼ਨਰ ਅਮਰਜੀਤ ਸਿੰਘ ਤੇ ਹੋਰ ਹਾਜ਼ਰ ਸਨ ।



# ਅਕਾਲ ਗਲੈਕਸੀ ਕਾਨਵੈਂਟ ਸਕੂਲ 'ਚ ਮਨਾਈ ਬਸੰਤ ਪੰਚਮੀ




ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ) : ਅਕਾਲ ਗਲੈਕਸੀ ਕਾਨਵੈਂਟ ਸਕੂਲ, ਸਿੱਧੂਪੁਰ ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਅਮਨਪ੍ਰੀਤ ਕੌਰ ਦੀ ਯੋਗ ਅਗਵਾਈ ਸਦਕਾ ਬਸੰਤ ਪੰਚਮੀ ਦਾ ਤਿਉਹਾਰ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸੰਗੀਤ ਅਧਿਆਪਕ ਹਰਦੀਪ ਸਿੰਘ ਨੇ ਵਿੱਦਿਆ ਦੀ ਦੇਵੀ ਮਾਤਾ ਸਰਸਵਤੀ ਦੀ ਵੰਦਨਾ ਗਾਇਨ ਕੀਤੀ। ਸੰਗੀਤ ਅਧਿਆਪਕ ਰਾਜਨ ਵਿਰਦੀ ਨੇ ਬਸੰਤ ਬਹਾਰ ਨੂੰ ਦਰਸਾਉਂਦਾ ਗੀਤ ਗਾਇਨ ਕੀਤਾ। ਸਕੂਲ ਵਿਦਿਆਰਥਣਾਂ ਨੇ ਸੱਭਿਆਚਾਰਕ ਪ੍ਰੋਗਰਾਮ ਗਿੱਧਾ ਅਤੇ ਭੰਗੜਾ ਪੇਸ਼ ਕੀਤਾ। ਸਕੂਲ ਅਧਿਆਪਕਾ ਲਵਲੀ ਸ਼ਰਮਾ ਨੇ ਵਿਦਿਆਰਥੀਆਂ ਨੂੰ ਮਾਤਾ ਸਰਸਵਤੀ ਪੂਜਨ ਸਬੰਧੀ ਜਾਣਕਾਰੀ ਦਿੱਤੀ। ਸਕੂਲ ਵਿੱਚ ਸਾਰੇ ਵਿਦਿਆਰਥੀ ਪੀਲੇ ਰੰਗ ਦੀਆਂ ਪੌਸ਼ਾਕਾਂ ਵਿੱਚ ਬਹੁਤ ਹੀ ਖੂਬਸੂਰਤ ਨਜ਼ਰ ਆਏ। ਸਕੂਲ ਪ੍ਰਿੰਸੀਪਲ ਅਮਨਪ੍ਰੀਤ ਕੌਰ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਬਸੰਤ ਪੰਚਮੀ ਦੀਆਂ ਮੁਬਾਰਕਾਂ ਦਿੰਦਿਆਂ ਅਤੇ ਬੱਚਿਆਂ ਨੂੰ ਚੰਗੀ ਸਿੱਖਿਆ ਗ੍ਰਹਿਣ ਕਰਕੇ ਆਪਣੇ ਜੀਵਨ ਵਿੱਚ ਕਾਮਯਾਬੀ ਹਾਸਲ ਕਰਨ ਅਤੇ ਇੱਕ ਚੰਗਾ ਇਨਸਾਨ ਬਣਨ ਲਈ ਪ੍ਰੇਰਿਤ ਕੀਤਾ। ਮੈਡਮ ਮਨਦੀਪ ਕੌਰ ਨੇ ਸਟੇਜ ਸੰਚਾਲਕ ਦੀ ਭੂਮਿਕਾ ਬਖੂਬੀ ਨਿਭਾਈ।

# 7 ਸਾਲਾਂ ਤੋਂ ਭਗੌੜਾ ਵਿਅਕਤੀ ਗ੍ਰਿਫ਼ਤਾਰ

ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ) : ਹਰਿੰਦਰ ਸਿੰਘ ਅੰਜਲਾ ਪੀ ਪੀ ਐਸ ਉੱਪ ਪੁਲਸ ਕਪਤਾਨ ਸਬ ਡਵੀਜ਼ਨ ਸ਼ਾਹਕੋਟ ਜਲੰਧਰ ਦਿਹਾਤੀ ਦੀਆਂ ਹਦਾਇਤਾਂ ਅਨੁਸਾਰ ਅਤੇ ਸਬ ਇੰਸਪੈਕਟਰ ਬਖਸ਼ੀਸ਼ ਸਿੰਘ ਮੁੱਖ ਅਫ਼ਸਰ ਥਾਣਾ ਲੋਹੀਆਂ ਦੀ ਪੁਲਸ ਪਾਰਟੀ ਨੇ ਐਨ. ਡੀ. ਪੀ. ਐੱਸ. ਐਕਟ ਦੇ ਕਮਰਸ਼ੀਅਲ ਮੁਕੱਦਮੇ ਦੇ ਇਕ ਭਗੌੜੇ (ਪੀ.ਓ) ਨੂੰ ਗ੍ਰਿਫ਼ਤਾਰ ਕੀਤਾ ਹੈ।ਬਖ਼ਸ਼ੀਸ਼ ਸਿੰਘ ਸਬ ਇੰਸਪੈਕਟਰ ਥਾਣਾ ਮੁਖੀ ਨੇ ਦੱਸਿਆ ਕਿ ਏ. ਐੱਸ. ਆਈ. ਅਵਤਾਰ ਸਿੰਘ ਨੇ ਸਮੇਤ ਪੁਲਸ ਪਾਰਟੀ ਦੇ ਮੁਕੱਦਮਾ ਨੰਬਰ 35 ਮਿਤੀ 10 ਅਪ੍ਰੈਲ 2017 ਨੂੰ ਦਰਜ ਹੋਏ ਮੁਕੱਦਮੇ ਵਿਚ ਦੋਸ਼ੀ ਰਿੰਕੂ ਸਿੰਘ ਪੁੱਤਰ ਲੇਖ ਸਿੰਘ ਵਾਸੀ ਪਿੰਡ ਮੋਹਾਤਮ ਨਗਰ (ਢੌਲਾ ਭੈਣੀ) ਥਾਣਾ ਸਦਰ ਫਾਜ਼ਿਲਕਾ ਨੂੰ ਗ੍ਰਿਫਤਾਰ ਕੀਤਾ ਹੈ। ਜਿਸ ਨੂੰ ਮਾਨਯੋਗ ਅਦਾਲਤ ਰਜਨੀਸ਼ ਗਰਗ ਜਲੰਧਰ ਨੇ 7 ਜੂਨ 2023 ਨੂੰ ਜ਼ੇਰੇ ਧਾਰਾ 299 ਸੀ. ਆਰ. ਪੀ. ਸੀ. ਤਹਿਤ ਪੀ. ਓ. ਐਲਾਨ ਦਿੱਤਾ ਸੀ, ਜਿਸ ਨੂੰ ਅਦਾਲਤ ਪੇਸ਼ ਕਰਕੇ ਕੇਂਦਰੀ ਜੇਲ੍ਹ ਕਪੂਰਥਲਾ ਵਿਖੇ ਭੇਜ ਦਿੱਤਾ ਗਿਆ ਹੈ।

# ਵਿਧਾਇਕ ਕੁਲਵੰਤ ਸਿੰਘ ਨੇ ਸੈਕਟਰ 89 ਦੇ ਪਾਰਕ 'ਚ ਓਪਨ ਜ਼ਿੰਮ ਦਾ ਉਦਘਾਟਨ ਕੀਤਾ

ਮੋਹਾਲੀ (ਗੁਰਜੀਤ ਬਿੱਲਾ)- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਇੱਕ-ਇੱਕ ਕਰਕੇ ਵਿਕਾਸ ਮੁਖੀ ਕੰਮਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ। ਇਹ ਗੱਲ ਮੋਹਾਲੀ ਦੇ ਸੈਕਟਰ-89 ਦੇ ਪਾਰਕ ਦੇ ਵਿੱਚ ਓਪਨ ਜਿਮ ਦਾ ਉਦਘਾਟਨ ਕਰਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਨੇ ਕਹੀ। ਉਹਨਾਂ ਕਿਹਾ ਕਿ ਜਿਮ ਚੰਗੀ ਸਿਹਤ ਦੀ ਨਿਸ਼ਾਨੀ ਹਨ, ਸਿਹਤਯਾਬ ਰਹਿਣ ਦੇ ਲਈ ਸੈਰ, ਯੋਗਾ ਅਤੇ ਜਿਮ ਅਤਿ ਜ਼ਰੂਰੀ ਹੈ, ਜੋ ਵੀ ਵਿਅਕਤੀ ਸੱਭ ਨਾਲ ਉੱਠਦਾ ਹੈ, ਸੱਭ ਨਾਲ ਐਕਸਰਸਾਈਜ਼ ਕਰਦਾ ਹੈ, ਸੱਭ ਨਾਲ ਖਾਂਦਾ ਹੈ, ਸੱਭ ਨਾਲ ਆਪਣੇ ਕੰਮ ਨਿਬੇੜਦਾ ਹੈ ਅਤੇ ਸੱਭ ਨਾਲ ਸੌਂਦਾ ਹੈ, ਉਸ ਨੂੰ ਕਦੀ ਵੀ ਬਿਮਾਰੀ ਨਹੀਂ ਲੱਗਦੀ ਅਤੇ ਉਹ ਪੂਰੀ ਤਰ੍ਹਾਂ ਤੰਦਰੁਸਤ ਰਹਿੰਦਾ ਹੈ ਅਤੇ ਸਿਹਤ ਠੀਕ ਰੱਖਣ ਦੇ ਲਈ ਕਸਰਤ ਕੀਤੀ ਜਾਣੀ ਅਤਿ ਜ਼ਰੂਰੀ ਹੈ। ਇਸ ਲਈ ਅੱਜ ਓਪਨ ਜਿਮ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਲੋਕਾਂ ਨੂੰ ਅਪੀਲ ਹੈ ਕਿ ਉਹ ਵੱਧ ਤੋਂ ਵੱਧ ਇਸ ਜਿਮ ਦਾ ਫਾਇਦਾ ਉਠਾਉਣ। ਵਿਧਾਇਕ ਕੁਲਵੰਤ ਸਿੰਘ ਨੇ ਹੋਰ ਕਿਹਾ ਕਿ ਇਸ ਓਪਨ ਜਿਮ ਦੇ ਲਈ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਆਪਣੇ ਅਖਤਿਆਰੀ ਕੋਟੇ ਵਿੱਚੋਂ ਤਿੰਨ ਲੱਖ ਰੁਪਏ ਜਾਰੀ ਕੀਤੇ ਗਏ ਹਨ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਸੈਕਟਰ -89 ਦੇ ਬਸ਼ਿੰਦਿਆਂ ਨੂੰ ਗੁਰੂ ਘਰ ਜਾਣ ਦੇ ਲਈ ਦੂਰ ਨਹੀਂ ਜਾਣਾ ਪਵੇਗਾ, ਕਿਉਂਕਿ ਉਹਨਾਂ ਦੇ ਸੈਕਟਰ ਦੇ ਵਿੱਚ ਹੀ ਆਉਣ ਵਾਲੇ ਡੇਢ ਮਹੀਨੇ ਦੇ ਵਿੱਚ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦੇ ਲਈ ਜਗ੍ਹਾ ਦੇ ਲਈ ਇਸ਼ਤਿਹਾਰ ਦੇ ਦਿੱਤਾ ਜਾਵੇਗਾ ਅਤੇ ਜਲਦੀ ਹੀ ਇਸ ਗੁਰਦੁਆਰਾ ਸਾਹਿਬਾਨ ਦੀ ਬਿਲਡਿੰਗ ਦਾ ਨਿਰਮਾਣ ਵੀ ਸ਼ੁਰੂ ਹੋ ਜਾਵੇਗਾ। ਇਸ ਮੌਕੇ ਇੱਕ ਸਵਾਲ ਦੇ ਜਵਾਬ ਵਿੱਚ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹੱਦ ਦੇ ਵਿੱਚ ਆਉਂਦੇ ਸਾਰੇ ਹੀ ਵਿਕਾਸ ਮੁਖੀ ਕੰਮਾਂ ਨੂੰ ਤੇਜ਼ੀ ਨਾਲ ਕਰਵਾਉਣਾ ਸ਼ੁਰੂ ਕਰ ਦਿੱਤਾ ਗਿਆ ਸੀ ਅਤੇ ਜੋ ਮੰਗਾਂ ਅਤੇ ਗਰੰਟੀਆਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਹੋਰਾਂ ਦੇ ਵੱਲੋਂ ਦਿੱਤੀਆਂ ਗਈਆਂ ਸਨ, ਨੂੰ ਕਰਵਾਉਣਾ ਪੂਰਾ ਕਰ ਲਿਆ ਗਿਆ ਹੈ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਨਾਲ ਸੰਬੰਧਤ ਪੱਧਰ ਨੂੰ ਉੱਪਰ ਚੁੱਕਣ ਦੇ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਦੇ ਸਾਰਥਿਕ ਅਤੇ ਸਾਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ, ਅਤੇ ਪੰਜਾਬ ਦੇ ਲੋਕਾਂ ਨੇ ਜਿਨਾਂ ਸੁਪਨਿਆਂ ਦੀ ਪ੍ਰਾਪਤੀ ਦੇ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਸੀ, ਉਹ ਸੁਪਨੇ ਪੂਰੇ ਹੋ ਰਹੇ ਹਨ। ਉਹਨਾਂ ਕਿਹਾ ਕਿ ਮੋਹਾਲੀ ਦੇ ਵਿਕਾਸ ਮੁਖੀ ਕੰਮਾਂ ਨੂੰ ਕਰਵਾਉਣ ਲਈ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਹਨਾਂ ਕਿਹਾ ਕਿ ਆਪ ਦੀ ਸਰਕਾਰ ਲੋਕਾਂ ਦੀ ਦੁਆਰ ਪ੍ਰੋਗਰਾਮ ਦੇ ਤਹਿਤ ਲੋਕਾਂ ਦੀਆਂ ਰੋਜ਼ਮਰ੍ਹਾ ਦੀਆਂ ਸਮੱਸਿਆਵਾਂ ਅਤੇ ਪੇਂਡਿੰਗ ਪਏ ਕੰਮਾਂ ਨੂੰ ਕਰਨ ਦੇ ਲਈ ਵਾਰਡ ਵਾਈਜ਼ ਅਤੇ ਪਿੰਡਾਂ ਵਿੱਚ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ ਤੇ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਬਹੁਤ ਸਾਰੇ ਕੰਮਾਂ ਨੂੰ ਮੌਕੇ ਕੀਤਾ ਜਾ ਰਿਹਾ। ਇਸ ਮੌਕੇ ਰੈਜੀਡੈਂਟ ਵੈੱਲਫੇਅਰ ਐਸੋਸੀਏਸ਼ਨ ਸੈਕਟਰ- 89 ਦੇ ਪ੍ਰਧਾਨ ਅਜੀਤ ਸਿੰਘ, ਮਲਕੀਤ ਸਿੰਘ, ਸੁਰਿੰਦਰ ਪਾਲ ਸਿੰਘ ਖਟੜਾ, ਬੈਂਪਾਰਾਓ- ਮਿਤਰਾ, ਭੁਪਿੰਦਰ ਕੁਲਦੀਪ ਸਿੰਘ ਸੈਣੀ, ਅਵਤਾਰ ਸਿੰਘ ਮੌਲੀ, ਸਾਬਕਾ ਕੌਂਸਲਰ -ਸੁਰਿੰਦਰ ਸਿੰਘ ਰੋਡਾ ਸੋਹਾਣਾ,ਰਮਿੰਦਰ ਸਿੰਘ ਮੌਲੀ, ਰਣਦੀਪ ਸਿੰਘ , ਹਰਮੇਸ਼ ਸਿੰਘ ਕੁੰਭੜਾ, ਜਸਪਾਲ ਸਿੰਘ ਮੌਲੀ, ਸਾਬਕਾ ਕੌਂਸਲਰ - ਹਰਪਾਲ ਸਿੰਘ ਚੰਨਾ, ਕੁਲਦੀਪ ਸਿੰਘ, ਤਾਰਨਜੀਤ ਸਿੰਘ, ਬਲਵਿੰਦਰ ਸਿੰਘ ਹੈਪੀ ਵੀ ਹਾਜ਼ਰ ਸਨ।



# ਕੈਂਪਾਂ ਦਾ ਮੰਤਵ ਲੋਕਾਂ ਦੀਆਂ ਮੁਸ਼ਕਲਾਂ ਦਾ ਮੌਕੇ 'ਤੇ ਨਿਪਟਾਰਾ ਕਰਨਾ: ਐੱਸ ਡੀ ਐੱਮ ਗਰਗ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਕ੍ਰਿਸ਼ਨ ਗਰਗ) ਆਪ ਦੀ ਸਰਕਾਰ, ਆਪ ਦੇ ਦੁਆਰ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸ ਲੜੀ ਤਹਿਤ ਅੱਜ ਮੋਹਾਲੀ ਸਬ ਡਵੀਜ਼ਨ ਦੇ ਪਿੰਡ ਕੁੰਭੜੀ, ਸਿਊ, ਦੈੜੀ ਅਤੇ ਪੱਤੋਂ ਵਿੱਚ ਲਾਏ ਕੈਂਪਾਂ ਦਾ ਵੱਡੀ ਗਿਣਤੀ ਲੋਕਾਂ ਨੇ ਲਾਭ ਲਿਆ। ਇਨ੍ਹਾਂ ਕੈਂਪਾਂ ਮੌਕੇ ਆਮ ਲੋਕਾਂ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਐਸ.ਡੀ.ਐਮ. ਦੀਪਾਂਕਰ ਗਰਗ ਨੇ ਦੱਸਿਆ ਕਿ ਸਰਕਾਰ ਵੱਲੋਂ ਕੀਤਾ ਗਿਆ ਉਪਰਾਲਾ ਲੋਕਾਂ ਲਈ ਬਹੁਤ ਹੀ ਲਾਹੇਵੰਦ ਸਾਬਤ ਹੋ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਹੁਣ ਉਨ੍ਹਾਂ ਦੇ ਕੰਮ ਬਿਨਾਂ ਕਿਸੇ ਪ੍ਰੇਸ਼ਾਨੀ ਤੇ ਖੱਜਲ ਖੁਆਰੀ ਦੇ ਘਰ ਬੈਠੇ ਹੀ ਹੋ ਰਹੇ ਹਨ। ਲੋਕਾਂ ਵੱਲੋਂ ਆਪਣੇ ਕੰਮ ਕਰਵਾ ਕੇ ਤਸੱਲੀ ਪ੍ਰਗਟਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵੱਖ ਵੱਖ ਤਰ੍ਹਾਂ ਦੀਆਂ 43 ਸੇਵਾਵਾਂ ਆਪਣੇ ਘਰਾਂ ਨੇੜੇ ਹਾਸਲ ਕਰਨ ਲਈ ਹੈਲਪ ਲਾਈਨ ਨੰਬਰ 1076 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਆਪਸੀ ਰਜ਼ਾਮੰਦੀ ਰਾਹੀਂ ਕੇਸ ਨਿਪਟਾਉਣ ਲਈ ਪ੍ਰੀ-ਇੰਸਟੀਟਿਊਸ਼ਨ ਮੀਡੀਏਸ਼ਨ ਵਧੀਆ ਤਰੀਕਾ : ਬਲਜਿੰਦਰ ਮਾਨ



**ਜਲੰਧਰ, (ਸ਼ੈਲੀ ਐਲਬਰਟ)**-ਲੋਕਾਂ ਦੇ ਲੰਬੇ ਸਮੇਂ ਤੋਂ ਚੱਲ ਰਹੇ ਕੇਸਾਂ ਨੂੰ ਆਪਸੀ ਰਜ਼ਾਮੰਦੀ ਰਾਹੀਂ ਨਿਪਟਾਉਣ ਲਈ ਪ੍ਰੀ-ਇੰਸਟੀਟਿਊਸ਼ਨ ਮੀਡੀਏਸ਼ਨ ਇੱਕ ਵਧੀਆ ਤਰੀਕਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਬਲਜਿੰਦਰ ਸਿੰਘ ਮਾਨ ਨੇ ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਿਰਭਉ ਸਿੰਘ ਗਿੱਲ ਦੀ ਅਗਵਾਈ ਵਿੱਚ ਏ.ਡੀ.ਆਰ. ਸੈਂਟਰ ਵਿਖੇ ਕਰਵਾਏ ਗਏ ਕਾਨੂੰਨੀ ਜਾਗਰੂਕਤਾ ਸੈਮੀਨਾਰ ਦੌਰਾਨ ਪੈਰਾ ਲੀਗਲ ਵਲੰਟੀਅਰਾਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਦੱਸਿਆ ਕਿ ਪੈਰਾ ਲੀਗਲ ਵਲੰਟੀਅਰਾਂ ਨੂੰ ਆਮ ਲੋਕਾਂ ਨੂੰ ਕਚਿਹਰੀਆਂ ਵਿੱਚ ਕੇਸ ਕਰਨ ਤੋਂ ਪਹਿਲਾਂ ਪ੍ਰੀ-ਇੰਸਟੀਟਿਊਸ਼ਨ ਮੀਡੀਏਸ਼ਨ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਉਹ ਇਸ ਦਾ ਵੱਧ ਤੋਂ ਵੱਧ ਲਾਭ ਲੈ ਸਕਣ। ਉਨ੍ਹਾਂ ਦੱਸਿਆ ਕਿ ਸਬੰਧਤ ਧਿਰਾਂ ਰੈਗੂਲਰ ਕੋਰਟ ਵਿੱਚ ਜਾਣ ਤੋਂ ਪਹਿਲਾਂ ਏ.ਡੀ.ਆਰ. ਸੈਂਟਰ ਵਿਖੇ ਪ੍ਰੀ-ਇੰਸਟੀਟਿਊਸ਼ਨ ਮੀਡੀਏਸ਼ਨ ਰਾਹੀਂ ਵੀ ਆਪਣੇ ਕੇਸਾਂ ਦਾ ਫੈਸਲਾ ਕਰਵਾ ਸਕਦੀਆਂ ਹਨ, ਜਿੱਥੇ ਪਾਰਟੀਆਂ ਦੇ ਮਸਲਿਆਂ ਦੀ ਕਾਰਵਾਈ ਨੂੰ ਗੁਪਤ ਰੱਖਿਆ ਜਾਂਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪ੍ਰੀ-ਇੰਸਟੀਟਿਊਸ਼ਨ ਮੀਡੀਏਸ਼ਨ ਦੇ 2 ਕੇਸ ਇੱਕ ਮਹੀਨੇ ਵਿੱਚ ਨਿਪਟਾਏ ਗਏ ਹਨ, ਜਿਨ੍ਹਾਂ ਵਿੱਚੋਂ ਇੱਕ ਕੇਸ ਜ਼ਮੀਨੀ ਵਿਵਾਦ ਸਬੰਧੀ ਅਤੇ ਇੱਕ ਕੇਸ ਇੱਕ ਲੱਖ ਅਠੱਤੀ ਹਜਾਰ ਰੁਪਏ ਦਾ ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋ ਕੇਸਾਂ ਦੇ ਪ੍ਰੀ-ਇੰਸਟੀਟੀਉਸ਼ਨ ਮੀਡੀਏਸ਼ਨ ਰਾਹੀਂ ਨਿਪਟਾਰਾ ਹੋਣ ਨਾਲ ਸਬੰਧਿਤ ਧਿਰਾਂ ਦਾ ਰੈਗੂਲਰ ਕੋਰਟ ਵਿੱਚ ਖਰਚ ਹੋਣ ਵਾਲਾ ਪੈਸਾ ਅਤੇ ਸਮਾਂ ਬਚਾਇਆ ਗਿਆ ਹੈ ।

# ਨੰਗਲ ਦੇ ਵੱਖ ਵੱਖ ਵਾਰਡਾਂ 'ਚ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ : ਹਰਜੋਤ ਬੈਂਸ

**ਨੰਗਲ (ਸੁਰਜੀਤ ਸਿੰਘ)**-ਕੁਦਰਤ ਦੀਆਂ ਮਨਮੋਹਕ ਵਾਦੀਆਂ ਵਿਚ ਵਸੇ ਨੰਗਲ ਸ਼ਹਿਰ ਦੇ ਲੋਕਾਂ ਦੀਆਂ ਦਹਾਕਿਆਂ ਤੋਂ ਬੁਨਿਆਦੀ ਸਹੂਲਤਾਂ ਦੀ ਮੰਗ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹੁਣ ਹੱਲ ਕਰ ਰਹੀ ਹੈ। ਹਿਮਾਚਲ ਪ੍ਰਦੇਸ਼ ਤੋਂ ਪੰਜਾਬ ਦੇ ਦੁਆਰ ਨੰਗਲ ਸ਼ਹਿਰ ਵਿੱਚ ਨਮੂਨੇ ਦੇ ਵਿਕਾਸ ਕੰਮ ਕਰਵਾਏ ਜਾਣਗੇ। ਇਸ ਨਗਰ ਦੇ ਕੋਨੇ ਕੋਨੇ ਤੱਕ ਆਧੁਨਿਕ ਸਹੂਲਤਾਂ ਉਪਲੱਬਧ ਕਰਵਾਈਆਂ ਜਾਣਗੀਆਂ।ਇਹ ਪ੍ਰਗਟਾਵਾਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਭਾਸ਼ਾ ਵਿਭਾਗ ਪੰਜਾਬ ਨੇ ਬੀਤੇ ਦਿਨ ਨੰਗਲ ਸ਼ਹਿਰ ਵਿੱਚ ਵੱਖ ਵੱਖ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਅਤੇ ਲੋਕਾਂ ਦੀਆਂ ਮੁਸ਼ਕਿਲਾਂ/ਸਮੱਸਿਆਵਾਂ ਹੱਲ ਕਰਨ ਲਈ ਰੱਖੇ ਆਪਣੇ ਵਿਸ਼ੇਸ਼ ਦੌਰੇ ਦੌਰਾਨ ਕੀਤਾ। ਪਿਛਲੇ ਲਗਭਗ 12 ਦਿਨਾਂ ਤੋਂ ਕੈਬਨਿਟ ਮੰਤਰੀ ਬੈਂਸ ਆਪਣੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਦੇ ਵੱਖ ਵੱਖ ਵਾਰਡਾਂ ਦੇ ਵਿਸ਼ੇਸ਼ ਦੌਰੇ ਕਰ ਰਹੇ ਹਨ। ਉਹ ਇਸ ਮੌਕੇ ਰੋਜ਼ਾਨਾ ਆਪ ਦੀ ਸਰਕਾਰ ਆਪ ਦੇ ਦੁਆਰ ਯੋਜਨਾ ਤਹਿਤ ਸ੍ਰੀ ਅਨੰਦਪੁਰ ਸਾਹਿਬ ਅਤੇ ਨੰਗਲ ਉਪ ਮੰਡਲਾਂ ਵਿੱਚ ਲੱਗਣ ਵਾਲੇ ਸੇਵਾਂ ਕੈਂਪਾਂ ਵਿਚ ਵਿਸ਼ੇਸ਼ ਸ਼ਿਰਕਤ ਕਰ ਰਹੇ ਹਨ ਅਤੇ ਹੋਰ ਸਮਾਰੋਹ/ ਸਮਾਗਮਾਂ ਵਿੱਚ ਸ਼ਮੂਲੀਅਤ ਕਰ ਰਹੇ ਹਨ। ਰੋਜ਼ਾਨਾ 10-12 ਵੱਖ ਵੱਖ ਸਥਾਨਾ 'ਤੇ ਦੌਰੇ ਦੌਰਾਨ ਉਹ ਲੋਕਾਂ ਦੀਆਂ ਨਿੱਜੀ ਸਮੱਸਿਆਵਾਂ ਤੇ ਇਲਾਕੇ ਦੀਆਂ ਸਾਝੀਆਂ ਮੁਸ਼ਕਿਲਾਂ ਵੀ ਹੱਲ ਕਰ ਰਹੇ ਹਨ। ਕੈਬਨਿਟ ਮੰਤਰੀ ਵੱਲੋਂ ਆਪਣੇ ਇਨ੍ਹਾਂ ਦੌਰਿਆਂ ਦੌਰਾਨ ਸਵੇਰੇ 9 ਵਜੇ ਤੋਂ ਦੇਰ ਰਾਤ ਤੱਕ ਆਪਣੇ ਰੁਝੇਵੇ ਰੱਖੇ ਹੋਏ ਹਨ। ਲੋਕਾਂ ਨਾਲ ਰੂਬਰੂ ਹੋ ਕੇ ਕੈਬਨਿਟ ਮੰਤਰੀ ਵੱਲੋਂ ਸਰਕਾਰ ਦੀਆਂ ਲੋਕ-ਪੱਖੀ ਭਲਾਈ ਸਕੀਮਾਂ ਦੇ ਲਾਭ ਲੈਣ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਕੈਂਪਾਂ ਵਿੱਚ ਪਹੁੰਚੇ ਅਧਿਕਾਰੀਆਂ/ਕਰਮਚਾਰੀਆਂ ਨੂੰ ਆਪਣੇ ਵਿਭਾਗਾਂ ਦੀਆਂ ਸਕੀਮਾਂ ਬਾਰੇ ਲੋਕਾਂ ਤੱਕ ਜਾਣਕਾਰੀ ਪਹੁੰਚਾਉਣ ਅਤੇ ਲਾਭ ਪ੍ਰਾਪਤ ਕਰਨ ਲਈ ਕੀਤੇ ਉਪਰਾਲਿਆਂ ਦੀ ਵਿਸ਼ੇਸ਼ ਸ਼ਲਾਘਾ ਕੀਤੀ ਗਈ ਹੈ। ਆਪਣੇ 9,10,11 ਵਾਰਡਾਂ ਦੇ ਦੌਰੇ ਦੌਰਾਨ ਸਿੱਖਿਆ ਮੰਤਰੀ ਨੇ ਸਪੈਸ਼ਲ ਸਕੂਲ ਲਈ ਗ੍ਰਾਂਟ ਜਾਰੀ ਕੀਤੀ, ਉਹ ਆਪਣੇ ਦੌਰਿਆਂ ਦੌਰਾਨ ਸਿੱਖਿਆ ਮੰਤਰੀ ਨੇੜਲੇ ਸਰਕਾਰੀ ਸਕੂਲ ਅਤੇ ਆਮ ਆਦਮੀ ਕਲੀਨਿਕ ਦਾ ਵੀ ਜਾਇਜ਼ਾ ਲੈ ਰਹੇ ਹਨ।ਬੈਂਸ ਨੇ ਇਸ ਮੌਕੇ ਰਾਸ਼ਟਰਪਤੀ ਮੈਡਲ ਹਾਸਲ ਕਰਨ ਵਾਲੀ ਦਿੱਵਿਆ ਸ਼ਰਮਾ ਦਾ ਵਿਸ਼ੇਸ਼ ਸਨਮਾਨ ਕੀਤਾ। ਉਨ੍ਹਾਂ ਕਿਹਾ ਕਿ ਭਾਵੇਂ ਅੱਜ ਹਰ ਇਨਸਾਨ ਵੱਲੋਂ ਮੁਕਾਮ ਹਾਸਲ ਕਰ ਰਿਹਾ ਹੈ, ਪ੍ਰੰਤੂ ਸਾਨੂੰ ਮਾਣ ਹੈ ਕਿ ਦਿੱਵਿਆ ਸ਼ਰਮਾ ਨੇ ਨੰਗਲ ਦਾ ਨਾਂ ਰੋਸ਼ਨ ਕੀਤਾ ਹੈ, ਇਸ ਦੇ ਲਈ ਉਹ ਵਧਾਈ ਦੇ ਪਾਤਰ ਹਨ।ਇਸ ਮੌਕੇ ਸਤੀਸ਼ ਚੋਪੜਾ, ਪ੍ਰਵੀਨ ਅੰਸਾਰੀ, ਦੀਪੂ, ਪਰਵਿੰਦਰ ਕੁਮਾਰ, ਮੁਕੇਸ਼ ਵਰਮਾ, ਦਿਨੇਸ਼ ਕੁਮਾਰ, ਪੰਮੂ ਢਿੱਲੋਂ, ਰੇਸ਼ਵ ਉੱਪਲ, ਬਿਕਰਮ ਸਚਦੇਵਾ, ਰਾਜੂ ਅਰੋੜਾ, ਦੀਪਕ ਕੁਮਾਰ, ਅਸ਼ਵਨੀ, ਮਿੰਟੂ, ਸਚਿਨ, ਰਾਜੇਸ਼ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।



# ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰੇ : ਪੀਰ ਮੁਹੰਮਦ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**-ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਕੇਂਦਰ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਵਿਚਕਾਰ ਬਣੀ ਟਕਰਾਅ ਦੀ ਸਥਿਤੀ ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ । ਉਨ੍ਹਾ ਕਿਹਾ ਕਿ ਕਿਸਾਨਾਂ ਅਤੇ ਪੰਜਾਬ ਦੀ ਜਵਾਨੀ 'ਤੇ ਹਰਿਆਣਾ ਪੁਲਸ ਵੱਲੋਂ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਕੀਤੇ ਜਾ ਰਹੇ ਬੇਤਹਾਸ਼ਾ ਤਸ਼ੱਦਦ ਕਾਰਨ ਅਨੇਕਾਂ ਕਿਸਾਨ ਜ਼ਖਮੀ ਹੋ ਚੁੱਕੇ ਹਨ, ਜਿਸ ਦੀ ਸ਼੍ਰੋਮਣੀ ਅਕਾਲੀ ਦਲ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ । ਪੀਰ ਮੁਹੰਮਦ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਆਪਣੇ ਹੀ ਦੇਸ਼ ਦੇ ਕਿਸਾਨਾਂ ਨਾਲ ਦੁਸ਼ਮਣਾਂ ਵਾਲਾ ਸਲੂਕ ਕਰਨ ਦੀ ਥਾਂ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਦੇਵੇ। ਉਨ੍ਹਾਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਲਾਗੂ ਕਰਨ ਦੀ ਅਪੀਲ ਕੀਤੀ ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਹੀ ਕਿਸਾਨਾਂ ਦੇ ਹੱਕਾਂ ਲਈ ਸੰਘਰਸ਼ ਕੀਤਾ ਹੈ ਅਤੇ ਕਿਸਾਨਾਂ ਦੀਆਂ ਮੰਗਾਂ ਦੀ ਪੁਰਜ਼ੋਰ ਹਮਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਹਰ ਕਿਸੇ ਨੂੰ ਆਪਣੀਆਂ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ ਅਤੇ ਇਸ ਅਧਿਕਾਰ ਨੂੰ ਕਿਸੇ ਵੀ ਰਾਜ ਜਾਂ ਕੇਂਦਰ ਸਰਕਾਰ ਦੁਆਰਾ ਕੁਚਲਿਆ ਨਹੀਂ ਜਾਣਾ ਚਾਹੀਦਾ ।



# ਅਮਿੱਟ ਛਾਪ ਛੱਡ ਗਈ ਵਿਕਸਤ ਭਾਰਤ ਵਿਕਸਤ ਹਰਿਆਣਾ ਮਲਟੀ ਮੀਡੀਆ ਪ੍ਰਦਰਸ਼ਨੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)-ਆਮ ਜਨਤਾ ਨੂੰ ਕੇਂਦਰ ਤੇ ਹਰਿਆਣਾ ਸਰਕਾਰ ਦੇ ਵਿਕਾਸਾਤਮਕ ਪ੍ਰੋਜੈਕਟ ਅਤੇ ਯੋਜਨਾਵਾਂ ਨਾਲ ਜਾਣੂੰ ਕਰਵਾਉਣ ਦੇ ਉਦੇਸ਼ ਨਾਲ ਸੂਚਨਾ ਜਨ ਸੰਪਰਕ, ਭਾਸ਼ਾ ਅਤੇ ਸੱਭਿਆਚਾਰਕ ਵਿਭਾਗ ਹਰਿਆਣਾ ਦੇ ਜ਼ਿਲ੍ਹਾ ਰਿਵਾੜੀ ਵਿਚ ਪਿੰਡ ਮਾਜਰਾ ਭਾਲਖੀ ਵਿਚ ਵਿਕਸਤ ਭਾਰਤ-ਵਿਕਸਤ ਹਰਿਆਣਾ ਥੀਮ 'ਤੇ ਲਗਾਈ ਗਈ ਤਿੰਨ ਦਿਨਾਂ ਦੀ ਮਲਟੀ ਮੀਡੀਆ ਪ੍ਰਦਰਸ਼ਨੀ ਐਤਵਾਰ ਨੂੰ ਸੰਪੰਨ ਹੋਈ। ਸਰਕਾਰ ਦੀ ਇਹ ਵਿਸ਼ੇਸ਼ ਪ੍ਰਦਰਸ਼ਨੀ ਲੋਕਾਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡ ਗਈ। ਰਿਵਾੜੀ ਸਮੇਤ ਨੇੜੇ ਦੇ ਖੇਤਰ ਦੇ ਲੋਕ ਵਿਕਸਿਤ ਭਾਰਤ ਵਿਕਸਤ ਹਰਿਆਣਾ ਪ੍ਰਦਰਸ਼ਨੀ ਨਾਲ ਰੁਬਰੂ ਹੋ ਕੇ ਲਾਭ ਲਿਆ। ਇਸ ਪ੍ਰਦਰਸ਼ਨੀ ਦਾ ਉਦਘਾਟਨ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਕੀਤਾ ਗਿਆ ਸੀ।ਵਿਕਸਤ ਭਾਰਤ-ਵਿਕਸਤ ਹਰਿਆਣਾ ਪ੍ਰਦਰਸ਼ਨੀ ਵਿਚ ਜ਼ਿਲ੍ਹਾ ਦੇ ਪਿੰਡ ਮਾਜਰਾ-ਭਾਲਖੀ ਵਿਚ ਬਣਨ ਵਾਲੇ ਦੇਸ਼ ਦੇ 22ਵੇਂ ਅਖਿਲ ਭਾਰਤੀ ਆਯੂਰਵਿਗਿਆਨ ਸੰਸਥਾਨ (ਏਮਸ) ਤੇ ਗੁਰੂਗ੍ਰਾਮ ਮੈਟਰੋ ਦੇ ਦੋ-ਦੋ ਮਾਡਲ ਦਿਖਾਏ ਗਏ ਹਨ, ਜਿਨ੍ਹਾਂ ਨੂੰ ਦੇਖਣ ਵਿਚ ਲੋਕਾਂ ਨੇ ਬਹੁਤ ਦਿਲਚਸਪੀ ਲਈ। ਆਮ ਜਨਤਾ ਪ੍ਰਦਰਸ਼ਨੀ ਵਿਚ ਬਣਾਏ ਗਏ ਸੈਲਫੀ ਪੁਆਇੰਟ 'ਤੇ ਸੈਲਫੀ ਲੈਣ ਦੇ ਪ੍ਰਤੀ ਵੀ ਉਤਸ਼ਾਹਤ ਰਿਹਾ। ਪ੍ਰਦਰਸ਼ਨੀ ਵਿਚ 11 ਐਲ ਈ ਡੀ ਸਕ੍ਰੀਨ 'ਤੇ ਅਖਿਲ ਭਾਂਰਤੀ ਆਯੂਰਵਿਗਿਆਨ ਸੰਸਥਾਨ (ਏਮਸ) ਤੇ ਗੁਰੂਗ੍ਰਾਮ ਮੈਟਰੋ ਸਮੇਤ ਭਾਰਤੀ ਰੇਲਵੇ ਅਤੇ ਭਾਰਤ ਅਤੇ ਹਰਿਆਣਾ ਸਰਕਾਰ ਦੀ ਅੰਤੋਦੇਯ ਤੇ ਜਨ ਭਲਾਈਕਾਰੀ ਯੋਜਨਾਵਾਂ ਪ੍ਰਦਰਸ਼ਤ ਕਰ ਲੋਕਾਂ ਨੂੰ ਜਾਗਰੂਕ ਕੀਤਾ ਗਿਆ।ਲੋਕਾਂ ਨੂੰ ਪ੍ਰਦਰਸ਼ਨੀ ਵਿਚ ਵਿਕਸਤ ਭਾਰਤ -ਵਿਕਸਤ ਹਰਿਆਣਾ ਦੀ ਝਲਕ ਸਾਫ-ਸਾਫ ਦੇਖਣ ਨੂੰ ਮਿਲੀ। ਨੌਜੁਆਨਾਂ , ਮਹਿਲਾਵਾਂ ਅਤੇ ਸਕੂਲੀ ਵਿਦਿਆਰਥੀਆਂ, ਕੁੜੀਆਂ ਵਿਚ ਜਾਗਰੂਕਤਾ ਵਧਾਉਣ ਵਿਚ ਇਹ ਪ੍ਰਦਰਸ਼ਨੀ ਕਾਰਗਰ ਸਿੱਧ ਹੋਈ ਹੈ।

# ਸ਼ਾਂਤ ਸੁਭਾਅ, ਸੱਚੀ ਤੇ ਸੁੱਚੀ ਸੋਚ ਦੇ ਧਾਰਨੀ ਸਨ ਬਾਪੂ ਕਰਮ ਚੰਦ

ਕ੍ਰਿਪਾਲ ਸਾਗਰ ਦੇ ਸੇਵਾ ਕਰਮੀ ਮਾਸਟਰ ਰੇਸ਼ਮ ਸਿੰਘ ਦੇ ਬਾਪੂ ਕਰਮ ਚੰਦ 100 ਸਾਲ ਲੰਬਾ ਖੁਸ਼ਹਾਲ ਜੀਵਨ ਬਤੀਤ ਕਰ ਕੇ ਸਾਨੂੰ ਸਾਰਿਆਂ ਨੂੰ ਸਰੀਰਕ ਰੂਪ 'ਚ ਅਲਵਿਦਾ ਕਹਿ ਬ੍ਰਹਮਲੀਨ ਹੋ ਗਏ ਹਨ। ਕਰਮ ਚੰਦ ਦਾ ਜਨਮ 1923 ਨੂੰ ਹੁਸ਼ਿਆਰਪੁਰ ਪੱਟੀ 'ਚ ਮਾਤਾ ਕਿਰਪਾ ਤੇ ਪਿਤਾ ਰੱਖਾ ਰਾਮ ਦੇ ਘਰ ਹੋਇਆ। ਸੱਤ ਭੈਣ ਭਰਾਵਾਂ ਦੇ ਵੱਡੇ ਪਰਵਾਰ 'ਚੋਂ ਕਰਮ ਚੰਦ ਸਭ ਤੋਂ ਵੱਡੇ ਸਨ। ਸਭ ਤੋਂ ਵੱਡੇ ਕਰਮ ਚੰਦ ਤੋਂ ਬਾਅਦ ਜਨਮੀ ਭੈਣ ਦਾ ਨਾਂਅ ਕਰਮੀ ਰੱਖ ਦਿੱਤਾ ਗਿਆ। ਉਸ ਤੋਂ ਬਾਅਦ ਜਨਮਿਆ ਸਵਰਨਾ ਰਾਮ, ਉਸ ਤੋਂ ਬਾਅਦ ਜਨਮੀ ਭੈਣ ਦਾ ਨਾਂਅ ਸਵਰਨੀ, ਫੇਰ ਆਇਆ ਪਿਆਰਾ ਲਾਲ ਉਸ ਤੋਂ ਬਾਅਦ ਜਨਮੀ ਭੈਣ ਪਿਆਰੀ, ਤੇ ਸਭ ਤੋਂ ਬਾਅਦ ਜਨਮੀ ਸ਼ਾਂਤੀ। ਉਸ ਸਮੇਂ ਇਨਸਾਨਾਂ ਦੇ ਸਰਲ ਸਾਦੇ ਜੀਵਨ ਦੀ ਤਰਜਮਾਨੀ ਕਰਦੀ ਹੈ। ਕਰਮ ਚੰਦ ਕਦੇ ਸਕੂਲ ਨਹੀਂ ਗਏ। ਪਿਤਾ ਸੰਗ ਖੇਤੀ ਬਾੜੀ ਦੇ ਕਾਰਜ ਖੇਤਰ 'ਚ ਕੰਮ ਕਰਦੇ ਰਹੇ। ਧੁਨ ਦੇ ਪੱਕੇ ਸਨ। ਸ਼ੌਕ ਜਾਗ ਪਿਆ ਖੱਡੀ ਦੇ ਕੰਮ ਕਰਨ ਦਾ। ਇਸ ਕਾਰਜ ਨੂੰ ਬਾਰੀਕੀ ਨਾਲ ਸੁਹਜ ਭਰਪੂਰ ਤਰੀਕੇ ਨਾਲ ਸਿੱਖਿਆ ਤੇ ਇਸ ਅੰਦਰ ਮੁਹਾਰਤ ਹਾਸਲ ਕੀਤੀ। ਇਹਨਾਂ ਦੇ ਨਾਨਕੇ ਤਲਵੰਡੀ ਰਾਈਆਂ ਸ਼ਾਮ ਚੁਰਾਸੀ ਵਿਖੇ ਸਨ। ਉਥੇ ਵੀ ਮਾਮੇ ਖੁਸ਼ੀਆ ਰਾਮ ਸੰਗ ਇਸ ਕਾਰਜ ਨੂੰ ਬਾਰੀਕੀ ਨਾਲ ਕਰ ਕੇ ਕੁਝ ਸਮਾਂ ਬਤੀਤ ਕੀਤਾ। ਪਰਿਵਾਰ ਸਹਿਤ ਨੌਸ਼ਹਿਰਾ ਪਨੂੰਆਂ ਜਾ ਵਸੇ। ਆਪ ਭਾਵੇਂ ਵਿਦਿਆ ਪ੍ਰਾਪਤ ਨਹੀਂ ਕਰ ਸਕੇ ਸਨ ਪ੍ਰੰਤੂ ਆਪਣੀ ਔਲਾਦ ਨੂੰ ਪੜ੍ਹਾਇਆ। ਕਰਮ ਚੰਦ ਜ਼ਿੰਦਗੀ ਦੇ ਸਫਰ 'ਚ ਜਿੱਥੇ ਕਿਤੇ ਵੀ ਰਹੇ, ਸਾਦਗੀ ਭਰਪੂਰ ਜ਼ਿੰਦਗੀ ਜਿਉਣ ਵਾਲੇ ਇਨਸਾਨ ਹੋ ਨਿੱਬੜੇ। 1982 ਨੂੰ ਕ੍ਰਿਪਾਲ ਸਾਗਰ ਦੀ ਸਿਰਜਣਾ ਦਾ ਕਾਰਜ ਅਰੰਭਿਆ ਗਿਆ। ਕ੍ਰਿਪਾਲ ਸਾਗਰ ਵਿਖੇ ਪਹਿਲੇ ਪੰਜ ਪਰਵਾਰ ਜੋ ਸੇਵਾ ਕਰਨ ਲਈ ਅੱਗੇ ਆਏ ਉਹਨਾਂ 'ਚ ਮਾਸਟਰ ਸਕੱਤਰ ਸਿੰਘ ਸੰਧੂ, ਮਾਸਟਰ ਰੇਸ਼ਮ ਸਿੰਘ, ਮੌਤਾ ਸਿੰਘ ਗਿੱਲ, ਧਰਮ ਸਿੰਘ, ਵੀਰ ਪਰਮਜੀਤ ਸਿੰਘ ਦੇ ਪਰਵਾਰ ਸਨ। ਕਰਮ ਚੰਦ ਆਪਣੇ ਬੇਟੇ ਰੇਸ਼ਮ ਸਿੰਘ ਦੇ ਕੋਲ 1984 ਤੋਂ ਬਾਅਦ ਆ ਕੇ ਰਹਿਣ ਲੱਗ ਪਏ। ਇਸ ਤੋਂ ਬਾਅਦ ਇਹਨਾਂ ਦਾ ਸਾਰਾ ਧਿਆਨ ਕਿਰਪਾਲ ਸਾਗਰ ਦੀ ਸੇਵਾ ਕਰਨ ਵੱਲ ਰੁਚਿਤ ਰਿਹਾ। ਕਰਮ ਚੰਦ ਜੀ ਕਦੇ ਵੀ ਬਿਮਾਰ ਨਹੀਂ ਸੀ ਹੋਏ। ਹੱਸਦੇ ਰਹਿਣ ਵਾਲੇ, ਇਸ ਖੂਬਸੂਰਤ ਖਿਆਲਾਂ ਵਾਲੇ ਇਨਸਾਨ ਦੀ ਜ਼ਿੰਦਗੀ ਦੀ ਆਖਰੀ ਸ਼ਾਮ 13 ਫਰਵਰੀ ਨੂੰ ਆ ਗਈ। ਇਹਨਾਂ ਬਾਰੇ ਜਾਣਕਾਰੀ ਦਿੰਦੇ ਹੋਏ ਕ੍ਰਿਪਾਲ ਸਾਗਰ ਦੇ ਸਤਿਕਾਰ ਯੋਗ ਚੇਅਰਮੈਨ ਭਾਅ ਕਰਮਜੀਤ ਸਿੰਘ ਨੇ ਕਿਹਾ, ਮਾਸਟਰ ਰੇਸ਼ਮ ਸਿੰਘ ਤੇ ਉਹਨਾਂ ਦਾ ਸਮੁੱਚਾ ਪਰਵਾਰ ਕਿਰਪਾਲ ਸਾਗਰ ਦੀ ਸਿਰਜਣਾ ਦੇ ਸਮੇਂ ਤੋਂ ਹੀ ਕਿਰਪਾਲ ਸਾਗਰ ਨਾਲ ਜੁੜਿਆ ਹੋਇਆ ਹੈ। ਇੱਕ ਸਾਦਗੀ ਭਰਪੂਰ ਜ਼ਿੰਦਗੀ ਜਿਉਣ ਵਾਲੇ ਬਾਪੂ ਕਰਮ ਚੰਦ ਦਾ ਜੀਵਨ ਸਾਡੇ ਲਈ ਸਚਾਈ ਸਾਦਗੀ ਦੀ ਮਿਸਾਲ ਹੈ। ਉਹਨਾਂ ਨਮਿੱਤ ਅੰਤਿਮ ਅਰਦਾਸ ਸਰਧਾਂਜਲੀ ਸਮਾਰੋਹ 25 ਫਰਵਰੀ ਦਿਨ ਐਤਵਾਰ ਨੂੰ ਕਿਰਪਾਲ ਸਾਗਰ ਵਿਖੇ ਬਾਅਦ ਦੋ ਵਜੇ ਪਵੇਗਾ।



-ਕੁਲਵਿੰਦਰ ਸਿੰਘ ਦੁਰਗਾਪੁਰੀਆ


## COURT NOTICE

(U/o 5 Rule 20 CPC)
In the Court of Sh. Balkar Singh Civil Judge (Junior Division)-1, Nabha
CNR No. PBPTB0-001239-2023
Next Date :- 03-05-2024
Navreet Kaur under the guadianship of the her father
Vs
Gagandeep Kaur wife of Gurmukh Singh

The Plaintiff prays for mandatory injunction against the defendant there by directing them/ him to____
Publication Issued to :
General Public

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 03.05.2024 at 10:00 A.M.

For details logon to https://highcourtchd.gov.in/?trs=district_notice&district=Patiala

Civil Judge (Junior Division)-1, Nabha
Dated this day of 17-02-2024

## COURT NOTICE

(U/o 5 Rule 20 CPC)
In the Court of Sh. Sanjiv Joshi Additional District and Sessions Judge, Ludhiana
CNR No. PBLD01-020568-2019
Next Date :- 16-03-2024
Gagan Rani @ Gagan Bala
Vs.
Surjit Singh
Publication Issued to :
1. Surjit Singh S/o Sohan Singh R/o Village Bilga, P.S.Bilga, Distt. Jalandhar.Driver of the offender container bearing resgistration No. PB.-23-F-6791.
2. Amarjit Yadav C/o Surjit Singh S/o Sh. Sohan Singh, R/o Village Bilga,PS Bilga, Distt. Jalandhar (owner of container bearing registration No. PB-23-F-6791)

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 16.03.2024 at 10:00 A.M.

For details logon to https://highcourtchd.gov.in/?trs=district_notice&district= Ludhiana

Additional District and Sessions Judge, Ludhiana
Dated this day of 13-02-2024

## REQUIRED

Baba Mehar Singh Memorial College Of Education, VPO Purana Shalla Tehsil and District Gurdaspur invites online applications for the post of Assistant Professors in Education(04) (preferably in Pedagogy of English , Hindi,social Sciences,Punjabi, Mathematics, science, Health and Physical Education,Fine Arts, Music , Education) on regular basis. Qualification and Grade as per UGC/NCTE/ Punjab Govt./GNDU norms. Reservation Policy will be as per Punjab Govt. rules. Candidates must submit online application within 15 days from the date of publication of advertisement. Candidates must fill up the Score Card Performa(as per Ann-IV) available in CDC Portal on University website(www.gndu.ac.in) and submit it along with the application.

## Change of Name

I, Parmjit Kour is legally wedded spouse of No. JC-502957A Rank Nb/Sub Name Rewail Singh presently residing at Village Kotli Shah Doula, Po. Kotli Shah Doula, Distt. Jammu State (J&K) have changed my name from Paramjit Kour to Parmjit Kour. That both Paramjit Kour and Parmjit Kour pertain to one and the same person. All Please Note.

ਦਫਤਰ ਸੀਨੀਅਰ ਮੈਡੀਕਲ ਅਫਸਰ, ਸੀ.ਐੱਚ.ਸੀ. ਸੁਰਸਿੰਘ (ਤਰਨ ਤਾਰਨ)
ਨੰ. ਸੀ.ਐੱਚ.ਸੀ. ਸੁਰਸਿੰਘ/2024/264 ਮਿਤੀ : 16-02-2024

## TENDER NOTICE

Sealed Quotations are invited from the reputed firms for purchase of Medicine for Community Health Center Sursingh (Distt. Tarn Taran). The list of non EDL medicine can be obtained from the above mentioned hospital. Non EDL quotations must reach in the office of the undersigned within seven day of publication of the notice. Tender shall be opened after 7 days of tender notice publication.

Senior Medical Officer,
CHC Sursingh.

## COURT NOTICE

(U/o 5 Rule 20 CPC)
In the Court of Ms. Renuka Kalra Civil Judge (Junior Division)-18, Jalandhar
CNR No. PBJL02-003163-2023
Next Date :- 21-03-2024
Ashok Kumar, Aged 59 year S/o Sh. Raghbir Singh Resident of Punjabi Bagh, Village Bulandpur, Tehsil and Distt. Jalandhar.
Vs.
1. Gurmel Singh S/o Gyan Singh, 2. Jasvir Singh S/o Sukhdev Singh, 3. Sukhdev Singh S/o Gurmel Singh. All Resident of Village Bulandpur, Tehsil and Distt. Jalandhar.
Suit for recovery of Damages as prayed for
Publication Issued to :
1. Gurmel Singh , Father : Gyan Singh, 2. Jasvir Singh Father : Sukhdev Singh, 3. Sukhdev Singh, Father : Gurmel Singh.
All Resident of Punjabi Bagh, Village Bulandpur, Tehsil and Distt. Jalandhar.

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 21.03.2024 at 10:00 A.M.

For details logon to https://highcourtchd.gov.in/?trs=district_notice&district= Jalandhar

Civil Judge (Junior Division)-18, Jalandhar
Dated this day of 14-02-2024

## ਕਲਾਸੀਫਾਈਡ ਇਸ਼ਤਿਹਾਰ

## Change of Name

I, Vijay Kumar S/o Sh. Ram Krishan R/o H/NO. F-17/271, Gali No. 3, Indra Colony, Majitha Road, Amritsar inform that Vijay Kumar and Vijay Kapoor both are Same person and I known by both names.

I Lehamber Singh S/o Kabal Singh R/o Village Mirpur, PO . Hellor, Distt. Jalandhar declare that i have changed my name from Lehmber Singh to Lehamber Singh. Please Note .

I, Dhiraj Bedi S/o Ashok Bedi R/o H.No.12, Near Curo Mall, New Kalgidhar Avenue, Mithapur, Jalandhar, Punjab,144001 changed my name from Dheeraj Bedi to Dhiraj Bedi. (Bank)

I, VISHAL KUMAR S/o TIRATH SINGH, R/o VPO. Ibban, Distt. Kapurthala, Punjab-144701, have changed my name to NIHAL SINGH for all future purposes. Concerned may note. (Bank)

I, Shaveta D/o Kashmiri Lal & W/o Kunal Agarwal, R/o 12A Silver Prime Apartments, Ravinder Nagar, Jalandhar, Punjab declare that I have changed my name from Shaveta to Shaveta Agarwal. Kindly Note.

I, Mithun S/o Kailash Yadav R/o NH : 363, Neela Mahal, Jalandhar, Punjab, India have changed my name from Sahil Yadav to Mithun. All concerned please note.

I, hitherto Known as Saranjet Kaur W/o Subash R/o Vill. Bulle P.O. Mustfapur Distt. Jalandhar (Pb)-144801 have Changed my name and shall hereafter be known as Sharanjit Kaur. All Concerned please note.

I Balraj Singh Alias Baj Singh son of Jarnail Singh R/o village Jhok Mohre ( Ferozepur) I know by both names I.e. Baj Singh and Balraj Singh , so I correct Name as Balraj Singh please concerned Note

I, Pravash Kr Singh s/o Gopal Prasad Singh r/o Vill. Bulandpur Narpur, Nurpur, Distt. Jalandhar, Punjab have changed my name to Pravash Kumar Singh. All Please Note.

I, Vishaldeep Kalotra S/O Satpal, R/O House/Bldg./Apt.:Ward No 8 Hno 92, Street Road/Lane/:, Batala Road, Galli Atta Chakki, Mohalla Dashmesh Nagar, Gurdaspur, Punjab- 143521, Have Changed My Name And Shall Hereafter Be Known As Vishaldeep.

## Change of Name

I, Mamta Kr Singh w/o Pravash Kumar Singh r/o Vill. Bulandpur, Narpur, Nurpur, Distt. Jalandhar, Punjab have changed my name to Mamta Kumari. All Please Note.

I, Sukhminder Singh s/o Partap Singh r/o VPO. Khosa Pando, Distt.Moga, Punjab have changed my spelling name to Sukhmander Singh. All Please Note.

I, Kuldeep s/o Sajjan Kumar r/o H.No.815/21, Gali No.5-R, Hafed Road, Prem Nagar, Rohtak, Haryana have change my name to Kuldeep Raj. All Please Note.

I, Rohit S/o Mukesh R/o H.No. EM-65, Rasta Mohalla, Jalandhar-144001, Punjab have changed my name from Rohit to Rohit Chouhan. All Please Note.

I, Harvinder Kumar S/o Ram Parkash r/o HNo.35, Anoop Nagar, Basti Danishmandan, Jalandhar-144002, Punjab have changed my name to Harvinder Arora. All Please Note.

I Am Harpreet Kaur W/O Gurpreet Singh R/O Village Bharta Khurd, Tehsil Aur, Distt. S.b.s Nagar, Punjab, India (144518).that My Date Of Birth Is 04/01/2001. That From Today I Am Going To Use "Kaur" As My Surname.

I, Neetu Rana W/O Vaneet Kumar R/O H.no.14, Akash Colony, Hoshiarpur Road Jalandhar Have Changed My Name From Neetu Rana To Neetu After My Marriage, All Note.

I, Surekha Devi, W/O Suresh Kumar R/O Mohalla Dhakki, Kalanaur, Gurdaspur, Punjab-143512. Have Changed My Name And Shall Hereafter Be Known As Radha Rani.

I, Aditiya Singh s/o Pravash Kumar Singh r/o Vill. Bulandpur Narpur, Nurpur, Jalandhar (PB) have changed my name to Aditya Singh. All Please Note.

I, Chaitalibahen Dipakkumar Raval, W/O Amit Kohli R/O # 14-a, Ranbir Marg, Patiala, Punjab-147001. Have Changed My Name And Shall Hereafter Be Known As Chaitali Kohli.

## Change of Name

I, Sinder Kaur D/O Sarain Singh, W/O Karamjit Singh R/O Vill Badiullzaman, Dhariwal, Gurdaspur, Punjab- 143519. Have Changed My Name And Shall Hereafter Be Known As Surinder Kaur.

I Hitherto Known As Surjit Singh S/O Harbans Singh Toor R/O Vpo Dhaliwal Tehsil Nakodar, Jalandhar Punjab-144040 Have Changed My Name And Shall Hereafterbe Known As Surjit Singh Toor.

## ਨਾਂਅ ਦੀ ਬਦਲੀ

ਮੈਂ, ਵਰਿੰਦਰ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਮਕਾਨ ਨੰ. 34/243 ਏ, ਜੈਮਲ ਨਗਰ, ਜਲੰਧਰ-144009, ਪੰਜਾਬ ਨੇ ਆਪਣੀ ਨਾਬਾਲਗ ਲੜਕੀ ਦਾ ਨਾਮ ਪਲਕ ਤੋਂ ਬਦਲ ਕੇ ਪਲਕ ਭੱਟੀ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ। (ਰਪੀਟ)

## ਆਮ ਸੂਚਨਾ

ਮੋਟਰ ਕੁਨੈਕਸ਼ਨ ਖਾਤਾ ਨੰ: 3003128362, ਜੋ ਕਿ ਮਹਿੰਦਰ ਕੌਰ ਪੁੱਤਰੀ ਅਮਰ ਸਿੰਘ ਪਤਨੀ ਇੰਦਰਜੀਤ ਸਿੰਘ ਰਕਬਾ ਮੋਟਰ ਮਨਸੂਰਵਾਲ ਦੋਨਾ ਕਪੂਰਥਲਾ ਦੇ ਨਾਂਅ ਪਰ ਚੱਲ ਰਹੀ ਹੈ, ਨੂੰ ਗੁਰਪ੍ਰੀਤ ਸਿੰਘ ਪੁੱਤਰ ਬਲਵਿੰਦਰਜੀਤ ਸਿੰਘ, ਵਾਸੀ ਗਲੀ ਨੰਬਰ 13, ਜਲੰਧਰ ਰੋਡ, ਗੁਰੂ ਤੇਗ ਬਹਾਦਰ ਨਗਰ, ਮਨਸੂਰਵਾਲਾ ਦੋਨਾ ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ ਪਰ ਕਰਵਾਉਣ ਲਈ ਅਰਜ਼ੀ ਦਿੱਤੀ ਹੈ। ਇਸ ਸੰਬੰਧ ਵਿਚ ਕਿਸੇ ਨੂੰ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ ਪਾਵਰਕਾਮ ਦੇ ਦਫ਼ਤਰ ਸਿਟੀ ਨੰਬਰ-1, ਨੇੜੇ ਫੁਆਰਾ ਚੌਂਕ, ਸਾਹਮਣੇ ਐੱਸ. ਬੀ. ਆਈ. ਬੈਂਕ ਕਪੂਰਥਲਾ ਵਿਖੇ ਇਤਰਾਜ਼ ਪੇਸ਼ ਕਰੇ।

## ਬੇਦਖਲੀ ਨੋਟਿਸ

ਮੈਂ, ਸਤਪਾਲ ਸਿੰਘ ਪੁੱਤਰ ਮਹਿੰਦਰ ਸਿੰਘ ਬਾਜਵਾ ਕਲਾਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਦਿਲਪ੍ਰੀਤ ਸਿੰਘ ਅਤੇ ਉਸਦੀ ਪਤਨੀ ਰੀਨਾ ਰਾਣੀ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਤਰਸੇਮ ਲਾਲ ਪੁੱਤਰ ਲੇਟ ਦੌਲਤ ਰਾਮ ਵਾਸੀ ਮਕਾਨ ਨੰ. 11, ਕਾਲਾ ਸੰਘਿਆ ਰੋਡ, ਬਿੰਦ ਇਨਕਲੇਵ ਕੋਟ ਸਦੀਕ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਜਿੰਦਰ ਸਿੰਘ ਉਰਫ ਜਿੰਦਰ ਅਤੇ ਉਸਦੀ ਪਤਨੀ ਸੰਦੀਪ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਇਹਨਾਂ ਦੀ ਲੜਕੀ ਮੰਨਤ ਸਮੇਤ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

19-FEB-PAGE-7.qxd 2/18/2024 9:40 PM Page 1



# ਪਾਵਰਕਾਮ ਮੁਲਾਜ਼ਮਾਂ ਵੱਲੋਂ ਮੁੱਖ ਮੰਤਰੀ ਕੈਂਪ ਦਫਤਰ ਵਿਖੇ ਵਿਸ਼ਾਲ ਧਰਨਾ

**ਪਰਖਕਾਲ ਪੂਰਾ ਕਰ ਚੁੱਕੇ ਸਹਾਇਕ ਲਾਈਨਮੈਨਾਂ ਨੂੰ ਪੂਰੀਆਂ ਤਨਖਾਹਾਂ ਤੇ ਬਰਖਾਸਤ ਮੁਲਾਜ਼ਮਾਂ ਨੂੰ ਬਹਾਲ ਕੀਤਾ ਜਾਵੇ : ਬਲਕੌਰ ਸਿੰਘ ਮਾਨ**



**ਧੂਰੀ (ਰਾਜੇਸ਼ਵਰ ਪਿੰਟੂ, ਬਿਨੀ ਗਰਗ)**- ਪਾਵਰਕਾਮ ਦੀ ਮੁਲਾਜ਼ਮ ਸੰਘਰਸ਼ ਕਮੇਟੀ ਵੱਲੋਂ ਪਰਿਵਾਰਾਂ ਸਮੇਤ ਸਥਾਨਕ ਮੁੱਖ ਮੰਤਰੀ ਕੈਂਪ ਦਫ਼ਤਰ ਵਿਖੇ ਵਿਸ਼ਾਲ ਧਰਨਾ ਦੇਣ ਤੋਂ ਬਾਅਦ ਧੂਰੀ ਸ਼ਹਿਰ ਦੇ ਮੁੱਖ ਚੌਂਕਾਂ ਵਿੱਚ ਆਵਾਜਾਈ ਠੱਪ ਕਰਦਿਆਂ ਰੋਸ ਧਰਨਾ ਦਿੱਤਾ ਗਿਆ। ਕਨਵੀਨਰ ਬਲਕੌਰ ਸਿੰਘ ਮਾਨ ਦੀ ਅਗਵਾਈ ਹੇਠ ਇਸ ਧਰਨੇ ਵਿੱਚ ਮੁਲਾਜ਼ਮਾਂ ਨੇ ਪਰਿਵਾਰ ਸਮੇਤ ਸ਼ਮੂਲੀਅਤ ਕੀਤੀ। ਧਰਨੇ ਨੂੰ ਸੰਬੋਧਨ ਕਰਦਿਆਂ ਕੋ-ਕਨਵੀਨਰ ਹਿਤੇਸ਼ ਕੁਮਾਰ ਫਿਰੋਜ਼ਪੁਰ, ਹਰਿੰਦਰ ਧਰਾਂਗਵਾਲਾ, ਹਰਪ੍ਰੀਤ ਸਿੰਘ ਖਾਲਸਾ, ਪਰਨਾਮ ਸਿੰਘ, ਗੁਰਰਾਜ ਸਿੰਘ, ਜਗਜੀਤ ਸਿੰਘ ਢਿੱਲੋਂ, ਸ਼ਸ਼ੀਕਾਂਤ ਸ਼ਰਮਾ, ਰਜਿੰਦਰ ਸ਼ਰਮਾ, ਰਜਿੰਦਰ ਪਠਾਨਕੋਟ, ਮਲਕੀਤ ਸਿੰਘ ਬੂਟਾ ਜਖੇਪਲ ਆਦਿ ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਪਾਵਰਕਾਮ ਮੈਨੇਜਮੈਂਟ ਵੱਲੋਂ ਵਨ ਟਾਈਮ ਸੈਟਲਮੈਂਟ ਦੀ ਪਾਲਿਸੀ ਰਾਹੀਂ ਓਵਰ ਏਜ ਹੋ ਰਹੇ ਲਾਈਨਮੈਨਾਂ ਨੂੰ ਤਜਰਬੇ ਦੇ ਅਧਾਰ 'ਤੇ ਗਰੇਸ ਪੁਆਇੰਟ ਦੇ ਕੇ ਭਰਤੀ ਕੀਤਾ ਗਿਆ ਸੀ, ਕਿਉਂਕਿ ਕਿ ਇਸ਼ਤਿਹਾਰ 295/19 ਵਿੱਚ ਸਹਾਇਕ ਲਾਈਨਮੈਨ ਨੂੰ ਭਰਤੀ ਕਰਨ ਲਈ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ, ਜੋ ਸ਼ਰਤਾਂ ਇਸ਼ਤਿਹਾਰ ਵਿੱਚ ਰੱਖੀਆਂ ਗਈਆਂ ਸਨ, ਉਹ ਸਾਰੀਆਂ ਪੂਰੀਆਂ ਕਰਕੇ ਜ਼ੋਨ ਪੱਧਰ 'ਤੇ ਕਮੇਟੀਆਂ ਬਣਾ ਕੇ ਡਾਕੂਮੈਂਟ ਚੈੱਕ ਕਰਨ ਉਪਰੰਤ ਹੀ ਆਰਡਰ ਦਿੱਤੇ ਗਏ ਸਨ, ਪਰ ਹੁਣ ਕੋਰਟ ਕੇਸਾਂ ਦਾ ਬਹਾਨਾ ਬਣਾ ਕੇ ਸਾਡੇ 26 ਸਹਾਇਕ ਲਾਈਨਮੈਨਾਂ ਨੂੰ ਟਰਮੀਨੇਟ ਕਰ ਦਿੱਤਾ ਗਿਆ ਤੇ ਵੱਡੀ ਗਿਣਤੀ ਵਿੱਚ ਝੂਠੇ ਪਰਚੇ ਪਾ ਕੇ ਨਾਮਜ਼ਦ ਕੀਤਾ ਗਿਆ। ਪਾਵਰਕਾਮ ਮੈਨੇਜਮੈਂਟ ਵੱਲੋਂ ਮੁਲਾਜ਼ਮਾਂ ਦਾ ਪਰਖਕਾਲ ਤੋਂ ਵੀ ਵੱਧ ਚਾਰ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਪਰਖਕਾਲ ਪੂਰਾ ਕਰ ਚੁੱਕੇ ਸਹਾਇਕ ਲਾਈਨਮੈਨਾਂ ਨੂੰ ਰੈਗੂਲਰ ਸਕੇਲ ਨਹੀਂ ਦਿੱਤਾ ਜਾ ਰਿਹਾ ਹੈ, ਜਦਕਿ ਨਿਗੁਣੀਆਂ ਤਨਖਾਹਾਂ ਦੇ ਕੇ ਸ਼ੋਸ਼ਣ ਕੀਤਾ ਜਾ ਰਿਹਾ। ਬਿਜਲੀ ਮੰਤਰੀ ਤੇ ਪਾਵਰਕਾਮ ਮੈਨੇਜਮੈਂਟ ਨਾਲ ਕਈ ਮੀਟਿੰਗਾਂ ਹੋਣ ਦੇ ਬਾਵਜੂਦ ਸਾਡਾ ਕੋਈ ਸਾਰਥਕ ਹੱਲ ਨਹੀਂ ਕੱਢਿਆ ਗਿਆ, ਬਲਕਿ ਵਾਰ ਵਾਰ ਲਾਰੇ ਲਾ ਕੇ ਡੰਗ ਟਪਾਇਆ ਜਾ ਰਿਹਾ ਹੈ। ਪਾਵਰਕਾਮ ਮੈਨੇਜਮੈਂਟ ਵੱਲੋਂ ਵਾਅਦਾ ਖਿਲਾਫੀ ਕਰਦਿਆਂ 26 ਮੁਲਾਜ਼ਮਾਂ ਨੂੰ ਬਿਨਾਂ ਕਿਸੇ ਨੋਟਿਸ ਤੋਂ ਟਰਮੀਨੇਟ ਕਰ ਦਿੱਤਾ ਗਿਆ ਹੈ ਤੇ ਸਹਾਇਕ ਲਾਈਨਮੈਨਾਂ ਨੂੰ ਰੈਗੂਲਰ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ, ਜਿਸ ਦਾ ਸਮੂਹ ਮੁਲਾਜ਼ਮਾਂ ਤੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਉਪਰੰਤ ਮੌਕੇ 'ਤੇ ਪੁੱਜੇ ਐੱਸ. ਪੀ. ਸੰਗਰੂਰ ਨਵਰੀਤ ਸਿੰਘ ਵਿਰਕ ਤੇ ਡੀ.ਐੱਸ.ਪੀ. ਧੂਰੀ ਤਲਵਿੰਦਰ ਸਿੰਘ ਗਿੱਲ ਵੱਲੋਂ ਸੰਯੁਕਤ ਸਕੱਤਰ ਪੰਜਾਬ ਸਰਕਾਰ ਤੇ ਸਬੰਧਤ ਪਾਵਰਕਾਮ ਦੇ ਅਧਿਕਾਰੀਆਂ ਨਾਲ 21 ਫ਼ਰਵਰੀ ਨੂੰ ਯੂਨੀਅਨ ਦੇ ਵਫ਼ਦ ਦੀ ਲਿਖਤੀ ਮੀਟਿੰਗ ਦੇ ਦਿੱਤੇ ਗਏ ਭਰੋਸੇ ਤੋਂ ਬਾਅਦ ਧਰਨਾਕਾਰੀਆਂ ਨੇ ਧਰਨਾ ਸਮਾਪਤ ਕੀਤਾ।

## ਕਿਸਾਨਾਂ ਦੇ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਨ 'ਤੇ ਕੇਂਦਰ ਦੀ ਆਲੋਚਨਾ

**ਧੂਰੀ (ਰਾਜੇਸ਼ਵਰ ਪਿੰਟੂ, ਬਿਨੀ ਗਰਗ)**-ਆਮ ਆਦਮੀ ਪਾਰਟੀ ਦੇ ਸ਼ਹਿਰ ਬਲਾਕ ਪ੍ਰਧਾਨ ਐਡਵੋਕੇਟ ਰੌਮੀ ਗਰਗ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਦੇਸ਼ ਭਰ ਦੇ ਕਿਸਾਨੀ ਭਾਈਚਾਰੇ ਨਾਲ ਸਬੰਧਤ ਗੰਭੀਰ ਮੁੱਦਿਆਂ ਤੇ ਉਨ੍ਹਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਸਾਨ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਪ੍ਰਤੀ ਭਾਜਪਾ ਸਰਕਾਰਾਂ ਵੱਲੋਂ ਬੇਰੁਖ਼ੀ ਵਰਤਣ ਦੀ ਸਖ਼ਤ ਨਿੰਦਿਆ ਕਰਦਿਆਂ ਇਸ ਨੂੰ ਨਿਰਾਦਰ ਭਰਿਆ ਤੇ ਗੈਰ-ਜਮਹੂਰੀ ਕਰਾਰ ਦਿੱਤਾ। ਉਨ੍ਹਾਂ ਕਿਸਾਨਾਂ ਨਾਲ ਕੀਤੇ ਅਧਿਮ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਨਾਕਾਮ ਰਹਿਣ ਲਈ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ, ਜਿਸ ਵਿੱਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ, ਸਵਾਮੀਨਾਥਨ ਫਾਰਮੂਲੇ ਅਨੁਸਾਰ ਸਾਰੀਆਂ ਫਸਲਾਂ ਦੀ ਖਰੀਦ ਕਰਨ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੀ ਕਾਨੂੰਨੀ ਗਾਰੰਟੀ ਤੇ ਕਰਜ਼ਾ ਮੁਆਫ਼ੀ ਸ਼ਾਮਲ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਮੁੱਦਿਆਂ ਦਾ ਤੁਰੰਤ ਹੱਲ ਕਰਨ ਤੇ ਕੀਤੇ ਵਾਅਦੇ ਮੁਤਾਬਕ ਸੁਧਾਰਾਂ ਨੂੰ ਲਾਗੂ ਕਰਨ ਅਤੇ ਦੇਸ਼ ਦੀ ਖੁਰਾਕ ਸੁਰੱਖਿਆ ਤੇ ਪੇਂਡੂ ਖੇਤਰਾਂ ਦੀ ਖੁਸ਼ਹਾਲੀ ਲਈ ਕਿਸਾਨਾਂ ਦੀ ਭਲਾਈ ਨੂੰ ਤਰਜੀਹ ਦੇਣ ਦੀ ਅਪੀਲ ਕੀਤੀ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਕਿਸਾਨਾਂ ਨਾਲ ਡੱਟ ਕੇ ਖੜੀ ਹੈ। ਉਨ੍ਹਾ ਹਰਿਆਣਾ ਸਰਕਾਰ ਨੂੰ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਬੰਦ ਕਰਨ ਦੀ ਵੀ ਅਪੀਲ ਕੀਤੀ।

# ਟਰੇਡ ਯੂਨੀਅਨ ਕੌਂਸਲ ਵੱਲੋਂ ਕੇਂਦਰ ਸਰਕਾਰ ਖਿਲਾਫ ਧਰਨਾ



**ਜ਼ੀਰਾ (ਹਰਿੰਦਰ ਅਨੇਜਾ)** ਟਰੇਡ ਯੂਨੀਅਨ ਕੌਂਸਲ ਜ਼ੀਰਾ ਵੱਲੋਂ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਕਿਸਾਨ-ਮਜ਼ਦੂਰ ਤੇ ਮੁਲਾਜ਼ਮ ਮਾਰੂ ਨੀਤੀਆਂ ਦੇ ਵਿਰੋਧ ਵਿੱਚ ਭਾਰਤ ਬੰਦ ਦੀ ਕਾਲ ਨੂੰ ਸਫਲ ਬਣਾਉਣ ਲਈ ਪ੍ਰਧਾਨ ਤਰਸੇਮ ਸਿੰਘ ਹਰਾਜ ਦੀ ਪ੍ਰਧਾਨਗੀ ਹੇਠ ਕਿਸਾਨ ਅੰਦੋਲਨ ਨੂੰ ਪੁਰਜ਼ੋਰ ਸਮਰਥਨ ਦਿੱਤਾ ਤੇ ਘੰਟਾ ਘਰ ਚੌਕ ਜ਼ੀਰਾ ਵਿਖੇ ਕੇਂਦਰ ਤੇ ਪੰਜਾਬ ਸਰਕਾਰ ਵਿਰੁੱਧ ਰੋਸ ਧਰਨਾ ਲਗਾ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਸਿਹਤ ਵਿਭਾਗ, ਪੈੱਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ, ਟੈਕਨੀਕਲ ਸਰਵਿਸਿਜ਼ ਯੂਨੀਅਨ, ਜੰਗਲਾਤ ਵਿਭਾਗ, ਆਂਗਣਵਾੜੀ ਯੂਨੀਅਨ, ਬਾਰ ਐਸੋਸੀਏਸ਼ਨ, ਡੈਮੋਕ੍ਰੇਟਿਕ ਟੀਚਰਜ਼ ਯੂਨੀਅਨ, ਲੇਬਰ ਯੂਨੀਅਨ, ਪਨ ਬੱਸ ਵਰਕਰ ਯੂਨੀਅਨ, ਪੰਜਾਬ ਰੋਡਵੇਜ਼ ਯੂਨੀਅਨ (ਇੰਟਕ), ਨਹਿਰੀ ਵਿਭਾਗ, ਪਟਵਾਰ ਯੂਨੀਅਨ, ਮੰਡੀ ਬੋਰਡ ਵਰਕਰਜ਼ ਯੂਨੀਅਨ, ਸੀਨੀਅਰ ਸਿਟੀਜਨ ਯੂਨੀਅਨ ਤੋਂ ਇਲਾਵਾ ਆਜ਼ਾਦ ਜਥੇਬੰਦੀਆਂ ਦੇ ਆਗੂ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਇਸ ਮੌਕੇ ਕੌਂਸਲ ਦੇ ਪ੍ਰਧਾਨ ਤਰਸੇਮ ਸਿੰਘ ਹਰਾਜ, ਐਡਵੋਕੇਟ ਜੋਬਨਜੀਤ ਸਿੰਘ, ਆਂਗਣਵਾੜੀ ਪ੍ਰਧਾਨ ਪਿਆਰ ਕੌਰ, ਜੰਗੀਰ ਸਿੰਘ, ਬਲਕਾਰ ਸਿੰਘ ਭੁੱਲਰ, ਕਾਮਰੇਡ ਕਸ਼ਮੀਰ ਸਿੰਘ, ਐਡਵੋਕੇਟ ਹਰਦੀਪ ਸਿੰਘ, ਮਲਕੀਤ ਸਿੰਘ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਜਮਹੂਰੀ ਤੇ ਲੋਕ ਹੱਕਾਂ ਦੀਆਂ ਧੱਜੀਆਂ ਉਡਾ ਕੇ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਦਾ ਗੁਲਾਮ ਬਣਾ ਰਹੀ ਹੈ। ਉਨ੍ਹਾਂ ਦੇਸ਼ ਵਿਆਪੀ ਅੰਦੋਲਨ ਦਾ ਜ਼ੋਰਦਾਰ ਸਮਰਥਨ ਕਰਦਿਆਂ ਕਿਹਾ ਕਿ ਕੇਂਦਰੀ ਭਾਜਪਾ ਸਰਕਾਰ ਦੀਆਂ ਫੁੱਟ ਪਾਓ ਤੇ ਫਾਸ਼ੀ ਚਾਲਾਂ ਦਾ ਮੁਕਾਬਲਾ ਕਿਸਾਨਾਂ, ਮਜ਼ਦੂਰਾਂ ਤੇ ਦੇਸ਼ਵਾਸੀਆਂ ਦੀ ਜ਼ੋਰਦਾਰ ਏਕਤਾ ਦੁਆਰਾ ਹੀ ਕੀਤਾ ਜਾ ਸਕਦਾ ਹੈ। ਇਸ ਮੌਕੇ ਕਿੱਕਰ ਸਿੰਘ ਪ੍ਰਧਾਨ ਪੈਨਸ਼ਨਰਜ਼ ਯੂਨੀਅਨ, ਸਤਾਰਾ ਕਲੱਬ ਜ਼ੀਰਾ ਦੇ ਪ੍ਰਧਾਨ ਨਛੱਤਰ ਸਿੰਘ, ਨਵਜੋਤ ਨੀਲੇਵਾਲਾ, ਮਲਕੀਤ ਸਿੰਘ ਗਾਦੜੀਵਾਲਾ, ਬਲਵਿੰਦਰ ਕੌਰ ਲਹੁਕਾ, ਕਾਮਰੇਡ ਕੁਲਵੰਤ ਸਿੰਘ, ਰਿਟਾਇਰਡ ਐੱਸ ਪੀ ਰਾਮ ਪ੍ਰਕਾਸ, ਬਲਰਾਮ ਸ਼ਰਮਾ, ਅਮਰਜੀਤ ਸਿੰਘ ਸਨ੍ਹੇਵੀ, ਗੁਰਪ੍ਰੀਤ ਸਿੰਘ ਮੱਲੋਕੇ, ਸਾਧੂ ਸਿੰਘ ਆਦਿ ਹਾਜ਼ਰ ਸਨ।

# ਲੜਕੀਆਂ ਨੂੰ ਆਤਮ-ਨਿਰਭਰ ਹੋਣ ਦੀ ਲੋੜ : ਅਜੀਤ ਵਰਮਾ

**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਇਥੇ ਪ੍ਰਜਾਪਤ ਸਮਾਜ ਦੀ ਮੀਟਿੰਗ ਹੋਈ, ਜਿਸ ਵਿੱਚ ਇੱਕ ਲੋੜਵੰਦ ਗਰੀਬ ਪਰਿਵਾਰ ਦੀ ਲੜਕੀ ਨੂੰ ਸਿਲਾਈ ਮਸ਼ੀਨ ਦੀ ਮੱਦਦ ਕੀਤੀ ਗਈ। ਇਸ ਮੌਕੇ ਅਜੀਤ ਵਰਮਾ ਐਡਵੋਕੇਟ, ਚੌਧਰੀ ਖੁਸ਼ੀ ਰਾਮ, ਜੈ ਚੰਦ ਬੇਵਾਲ ਤੇ ਹੰਸ ਰਾਜ ਨੇ ਕਿਹਾ ਕਿ ਪ੍ਰਜਾਪਤ ਸਮਾਜ ਵੱਲੋਂ ਹਮੇਸ਼ਾ ਸਮਾਜ ਸੇਵੀ ਕੰਮ ਕੀਤੇ ਜਾਂਦੇ ਹਨ, ਜਿਨ੍ਹਾਂ 'ਚ ਪ੍ਰਜਾਪਤ ਸਮਾਜ ਵੱਲੋਂ ਲੋੜਵੰਦ ਬੱਚਿਆਂ ਲਈ ਪੜ੍ਹਾਈ ਤੇ ਸਵੈ-ਰੋਜ਼ਗਾਰ ਲਈ ਮੱਦਦ ਮੁਹੱਈਆ ਕਰਾਈ ਜਾਂਦੀ ਹੈ। ਅੱਜ ਲੜਕੀਆਂ ਨੂੰ ਆਤਮ ਨਿਰਭਰ ਹੋਣ ਦੀ ਲੋੜ ਹੈ, ਜੇਕਰ ਲੜਕੀਆਂ ਆਤਮ ਨਿਰਭਰ ਹੋਣਗੀਆਂ ਤਾਂ ਸਮਾਜ ਤਰੱਕੀ ਕਰੇਗਾ।ਆਸ਼ੀਸ਼ ਗਰੋਵਰ ਐਡੋਵਕੇਟ ਵੱਲੋਂ ਵਿਸ਼ੇਸ਼ ਯੋਗਦਾਨ ਪਾਇਆ ਗਿਆ।ਇਸ ਮੌਕੇ ਰਾਕੇਸ਼ ਕੁਮਾਰ, ਅਜੈ ਕੁਮਾਰ, ਮਾਸਟਰ ਖੇਮ ਚੰਦ ਆਦਿ ਹਾਜ਼ਰ ਸਨ।



## 'ਆਪ' ਦੀ ਸਰਕਾਰ ਆਪ ਦੇ ਦੁਆਰ ਤਹਿਤ ਕੈਂਪ ਲਾਇਆ



**ਹਠੂਰ (ਨਛੱਤਰ ਸੰਧੂ)**-ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਲੋਕਾਂ ਨੂੰ ਬਿਨਾਂ ਕਿਸੇ ਖੱਜਲ ਖੁਆਰੀ ਤੋਂ ਉਨ੍ਹਾਂ ਦੇ ਘਰਾਂ ਦੇ ਨੇੜੇ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਜਿਸ ਲਈ ਆਪ ਸਰਕਾਰ ਵੱਲੋਂ 'ਆਪ' ਦੀ ਸਰਕਾਰ ਆਪ ਦੇ ਦੁਆਰ ਉਪਰਾਲਾ ਲੋਕਾਂ ਲਈ ਵਰਦਾਨ ਸਿੱਧ ਹੋਇਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਉਰਫ਼ ਰਾਜਾ ਚਕਰ ਨੇ ਪਿੰਡ ਚਕਰ ਵਿਖੇ ਸਰਕਾਰ ਵੱਲੋਂ ਲਾਏ ਗਏ ਸਹੂਲਤਾਂ ਦੇ ਮੁਫ਼ਤ ਕੈਂਪ ਦੌਰਾਨ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੇ ਵਿਕਾਸ ਲਈ ਜੋ ਯਤਨ ਕੀਤੇ ਜਾ ਰਹੇ ਹਨ, ਉਸ ਤੋਂ ਸੂਬੇ ਦਾ ਹਰ ਵਰਗ ਪੂਰੀ ਤਰ੍ਹਾਂ ਖੁਸ਼ ਦਿਖਾਈ ਦੇ ਰਿਹਾ ਹੈ। ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਲਈ ਲੱਖਾਂ ਰੁਪਏ ਦੀਆਂ ਗ੍ਰਾਂਟਾਂ ਦੇ ਗੱਫ਼ੇ ਦੇ ਕੇ ਉਨ੍ਹਾਂ ਦੀ ਨੁਹਾਰ ਬਦਲੀ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਨਾਲ ਸੋਹਣ ਸਿੰਘ ਪੰਚ, ਸਾਬਕਾ ਸਰਪੰਚ ਮੇਜਰ ਸਿੰਘ, ਰਣਜੋਧ ਸਿੰਘ, ਗੁਰਦੇਵ ਸਿੰਘ ਜੈਦ, ਬਲਾਕ ਪ੍ਰਧਾਨ ਮਿੰਟੂ ਮਾਣੂੰਕੇ, ਜਰਨੈਲ ਸਿੰਘ ਬਰਾੜ ਲੱਖਾ, ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਡਾਂਗੀਆ, ਬਲਾਕ ਪ੍ਰਧਾਨ ਕਰਮਜੀਤ ਸਿੰਘ ਡੱਲਾ, ਬਲਾਕ ਪ੍ਰਧਾਨ ਸੁਖਦੇਵ ਸਿੰਘ ਕਾਉਕੇ ਕਲਾਂ ਤੇ ਬਲਾਕ ਪ੍ਰਧਾਨ ਤਰਸੇਮ ਸਿੰਘ ਹਠੂਰ ਆਦਿ ਹਾਜ਼ਰ ਸਨ।

# ਸਿਵਲ ਹਸਪਤਾਲ ਵਿਖੇ ਵਿਸ਼ਵ ਕੈਂਸਰ ਦਿਵਸ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਪੰਜਾਬ ਸਰਕਾਰ, ਸਿਹਤ ਵਿਭਾਗ ਪੰਜਾਬ ਤੇ ਸਿਵਲ ਸਰਜਨ ਡਾ. ਜਸਵੀਰ ਸਿੰਘ ਔਲਖ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਪ੍ਰਤਿਭਾ ਸਾਹੂ ਵਰਮਾ ਦੀ ਯੋਗ ਅਗਵਾਈ ਹੇਠ ਸਿਵਲ ਹਸਪਤਾਲ ਜਗਰਾਉਂ ਵਿਖੇ ਵਿਸ਼ਵ ਕੈਂਸਰ ਦਿਵਸ ਮਨਾਇਆ ਗਿਆ, ਜਿਸ ਵਿੱਚ ਡਾ. ਮਨੀਤ ਲੂਥਰਾ ਨੇ ਹਸਪਤਾਲ ਵਿੱਚ ਆਏ ਮਰੀਜ਼ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਕੈਂਸਰ ਬਾਰੇ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਕਿ ਸਰੀਰ ਵਿੱਚ ਆਈ ਤਬਦੀਲੀ ਜਿਵੇਂ ਭਾਰ ਘੱਟ ਹੋਣਾ, ਖੂਨ ਘੱਟ ਹੋਣਾ, ਸਰੀਰ ਵਿੱਚ ਗੰਢਾਂ ਦਾ ਹੋਣਾ ਜਾਂ ਛਾਤੀ ਵਿੱਚ ਗੰਢਾਂ ਦਾ ਹੋਣਾ, ਔਰਤਾਂ ਵਿੱਚ ਮਾਹਵਾਰੀ ਸਮੇਂ ਖੂਨ ਦਾ ਵਧ ਪੈਣਾ ਤੇ ਔਰਤਾਂ ਦੇ ਸਰਵਿਕਸ ਵਿੱਚ ਦਰਦ ਹੋਣਾ, ਮਰਦਾਂ ਦੇ ਪਿਸ਼ਾਬ ਦਾ ਘੱਟ ਆਉਣਾ ਤੇ ਗਾਦੂਦਾਂ ਦਾ ਵਧਣਾ ਆਦਿ ਕੈਂਸਰ ਦਾ ਕਾਰਨ ਹੋ ਸਕਦੀਆਂ ਹਨ। ਅਜਿਹੇ ਕਾਰਨਾਂ ਨੂੰ ਕਦੇ ਵੀ ਅਣਗਹਿਲੀ ਵਿੱਚ ਨਹੀਂ ਛੱਡਣਾ ਚਾਹੀਦਾ, ਸਮੇਂ ਸਿਰ ਆਪਣੇ ਸਰੀਰ ਦੀ ਜਾਂਚ ਕਰਵਾਉਣੀ ਚਾਹੀਦੀ ਹੈ, ਤਾਂ ਜੋ ਸਮੇਂ ਸਿਰ ਕੈਂਸਰ ਦਾ ਪਤਾ ਲੱਗ ਸਕੇ ਤੇ ਇਲਾਜ ਹੋ ਸਕੇ ਅਤੇ ਕੀਮਤੀ ਜਾਨ ਦਾ ਬਚਾ ਹੋ ਸਕੇ। ਉਨ੍ਹਾ ਕਿਹਾ ਕਿ ਅੱਜਕੱਲ੍ਹ ਸਰਵਿਕਸ ਦੇ ਕੈਂਸਰ ਤੋਂ ਬਚਾ ਲਈ ਵੈਕਸੀਨ ਵੀ ਆ ਗਈ ਹੈ, ਜਿਸ ਨੂੰ ਵਿਆਹਯੋਗ ਲੜਕੀਆਂ ਤੇ ਔਰਤਾਂ ਲਵਾ ਸਕਦੀਆਂ ਤੇ ਕੈਂਸਰ ਵਰਗੇ ਭਿਆਨਕ ਰੋਗ ਤੋਂ ਬਚਾ ਕਰ ਸਕਦੀਆਂ ਹਨ। ਇਸ ਸਮੇਂ ਡਾ. ਸੰਗੀਨਾ ਗਰਗ, ਡਾ. ਸਿਮਰਦੀਪ ਕੌਰ ਬੱਚਿਆਂ ਦੇ ਮਾਹਰ, ਡਾ. ਬੀਰੇਨ, ਡਾ. ਆਖਿਲ ਸਰੀਨ, ਡਾ. ਸੁਖਦੀਪ ਕੌਰ, ਡਾ. ਧੀਰਜ ਸਿੰਗਲਾ, ਡਾ. ਮਨੀਸ਼ਸ਼ ਮੈਣੀ, ਡਾ. ਮਨਪ੍ਰੀਤ ਸਿੰਘ ਸੀਹਰਾ, ਡਾ. ਅਮਨਦੀਪ ਕੌਰ, ਬਲਜਿੰਦਰ ਕੁਮਾਰ, ਹਰਜੀਤ ਕੌਰ ਸਮੇਤ ਸਟਾਫ ਹਾਜ਼ਰ ਸੀ।

# ਟੋਲ ਫਰੀ ਕੀਤੀਆਂ ਸੜਕਾਂ ਦੀ ਮੁਰੰਮਤ ਤੇ ਰੇਖ-ਦੇਖ ਪੰਜਾਬ ਸਰਕਾਰ ਕਰੇਗੀ : ਹਰਭਜਨ ਸਿੰਘ



**ਲੁਧਿਆਣਾ (ਰਾਜ ਸਿੰਗਲਾ)**-ਪੰਜਾਬ ਅੰਦਰ ਟੋਲ ਫਰੀ ਕੀਤੀਆਂ ਸੜਕਾਂ ਦੀ ਮੁਰੰਮਤ ਤੇ ਰੇਖ-ਦੇਖ ਪੰਜਾਬ ਸਰਕਾਰ ਕਰੇਗੀ। ਇਹ ਵਿਚਾਰ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਸਬਾ ਡੇਹਲੋਂ ਵਿਖੇ ਚਾਰ ਮਾਰਗੀ ਲੁਧਿਆਣਾ-ਮੇਲਰਕੋਟਲਾ ਸੜਕ ਦੀ ਮੁਰੰਮਤ ਦੇ ਕੰਮ ਦਾ ਨੀਂਹ ਪੱਥਰ ਰੱਖਦੇ ਸਮੇਂ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਇਹ ਸੜਕ 2016 ਵਿੱਚ ਬਣੀ ਸੀ ਤੇ ਸਤੰਬਰ 2022 ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਸ ਸੜਕ ਨੂੰ ਟੋਲ ਫ੍ਰੀ ਕਰ ਦਿੱਤਾ ਗਿਆ ਸੀ, ਜਿਸ ਨਾਲ ਲੋਕਾਂ ਨੂੰ ਕਾਫੀ ਫਾਇਦਾ ਹੋਇਆ। ਉਨ੍ਹਾ ਕਿਹਾ ਕਿ ਟੋਲ ਫ੍ਰੀ ਸੜਕਾਂ ਦੀ ਮੁਰੰਮਤ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੈ, ਸੋ ਇਸ ਕਰਕੇ ਇਸ ਸੜਕ ਦੀ ਮੁਰੰਮਤ ਪੰਜਾਬ ਸਰਕਾਰ ਵੱਲੋਂ ਕੀਤੀ ਜਾ ਰਹੀ ਹੈ। ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ 25 ਕਿਲੋਮੀਟਰ ਲੰਬੀ ਇਸ ਸੜਕ ਦੀ ਮਰੰਮਤ 'ਤੇ 47 ਕਰੋੜ ਰੁਪਏ ਦੀ ਲਾਗਤ ਆਵੇਗੀ ਤੇ ਲੁਧਿਆਣਾ ਤੋਂ ਸੰਗਰੂਰ ਤੱਕ ਇਸ 'ਤੇ 105.11 ਕਰੋੜ ਰੁਪਏ ਲੱਗਣਗੇ। ਉਨ੍ਹਾ ਦੱਸਿਆ ਕਿ ਸੜਕ ਅਗਲੇ ਸੱਤ-ਅੱਠ ਮਹੀਨਿਆਂ ਵਿੱਚ ਬਣ ਕੇ ਤਿਆਰ ਹੋ ਜਾਵੇਗੀ।

# ਪੰਛੀਆਂ ਲਈ ਰੈਣ ਬਸੇਰੇ ਦਾ ਪ੍ਰਬੰਧ ਕਰਨਾ ਬਹੁਤ ਵੱਡੀ ਸੇਵਾ : ਖਾਲਸਾ



**ਕੋਟਕਪੂਰਾ (ਰਛਪਾਲ ਭੁੱਲਰ)**

ਪਿੰਡ ਲਾਲੇਆਣਾ ਵਿਖੇ 'ਮਿਸ਼ਨ ਇੱਕ ਕਦਮ ਕੁਦਰਤ ਵੱਲ' ਦੀ ਟੀਮ ਵੱਲੋਂ ਜਿੱਥੇ ਕੁਦਰਤ ਦੀ ਸੇਵਾ ਵਿੱਚ ਸਮੇਂ-ਸਮੇਂ 'ਤੇ ਯੋਗਦਾਨ ਪਾਇਆ ਜਾਂਦਾ ਹੈ।, ਉਥੇ ਇੱਕ ਨਿਵੇਕਲੀ ਸੋਚ ਨਾਲ ਮਿਸ਼ਨ ਦੇ ਮੈਂਬਰਾਂ ਵੱਲੋਂ ਦੇ ਮੈਂਬਰਾਂ ਵੱਲੋਂ ਘਰਾਂ ਵਿੱਚ ਵਾਧੂ ਸਮਾਨ ਤੋਂ ਪੰਛੀਆਂ ਲਈ ਰੈਣ ਬਸੇਰੇ ਦਾ ਪ੍ਰਬੰਧ ਕੀਤਾ ਗਿਆ ਹੈ। ਮਿਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਖਾਲਸਾ ਵੱਲੋਂ ਦੱਸਿਆ ਗਿਆ ਕਿ ਇਹ ਸੇਵਾ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਪਿੰਡ ਦੇ ਘਰਾਂ ਦੇ ਨੇੜੇ ਦਰਖਤਾਂ ਉੱਪਰ ਟੰਗੇ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਸੇਵਾ ਕਰਨ ਦਾ ਮੁੱਖ ਮੰਤਵ ਪੰਛੀਆਂ ਅਤੇ ਮਨੁੱਖਾਂ ਦੀ ਸਾਂਝ ਨੂੰ ਵਧਾਉਣਾ ਹੈ, ਜਿੱਥੇ ਕਿ ਅਸੀਂ ਆਪਣੇ ਪੱਕੇ ਮਕਾਨਾਂ ਵਿੱਚ ਰਹਿਣ ਕਾਰਨ ਪੰਛੀ ਸਾਡੇ ਘਰਾਂ ਤੋਂ ਦੂਰ ਹੋ ਗਏ ਹਨ। ਉਨ੍ਹਾਂ ਨੂੰ ਆਪਣੇ ਨੇੜੇ ਬੁਲਾਉਣ ਦਾ ਇੱਕ ਯਤਨ ਹੈ। ਇਸ ਸੇਵਾ ਵਿੱਚ ਸੁਖਮੰਦਰ ਸਿੰਘ, ਜਗਸੀਰ ਸਿੰਘ, ਜਗਤਾਰ ਸਿੰਘ ਤਾਰਾ, ਕੁਲਦੀਪ ਸਿੰਘ, ਬਲਵਿੰਦਰ ਸਿੰਘ, ਕੁਲਦੀਪ ਸਿੰਘ ਮੋਟੂ ਆਦਿ ਵੀਰਾਂ ਨੇ ਇਸ ਸੇਵਾ ਨੂੰ ਸਫ਼ਲ ਬਣਾਇਆ।

# ਕਿਸਾਨਾਂ ਨੂੰ ਰਾਜਨੀਤਕ ਧਿਰਾਂ ਨੇ ਹਮੇਸ਼ਾ ਆਪਣੇ ਰਾਜਨੀਤਕ ਹਿੱਤਾਂ ਲਈ ਵਰਤਿਆ : ਐਡਵੋਕੇਟ ਬੱਲੀ



**ਮਾਨਸਾ (ਆਤਮਾ ਸਿੰਘ ਪਮਾਰ)**

ਸਮੁੱਚੇ ਰਾਜਨੀਤਕ ਦਲਾਂ ਵੱਲੋਂ ਕਿਸਾਨਾਂ ਤੇ ਆਮ ਲੋਕਾਂ ਨੂੰ ਸਦਾ ਹੀ ਆਪਣੇ ਰਾਜਨੀਤਕ ਹਿੱਤਾਂ ਲਈ ਵਰਤਿਆ ਹੈ।ਕਿਸੇ ਵੀ ਰਾਜਨੀਤਕ ਧਿਰ ਦੇ ਕਿਸੇ ਵੀ ਵਿਧਾਇਕ ਜਾਂ ਐਮ. ਪੀ ਨੇ ਵਿਧਾਨ ਸਭਾ ਜਾਂ ਸੰਸਦ ਦਾ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਕਿਸਾਨਾਂ ਜਾਂ ਕਿਸਾਨ ਆਗੂਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਦਾ ਪੱਖ ਸੁਣਨ ਦਾ ਜ਼ੋਖਮ ਨਹੀਂ ਲਿਆ, ਤਾਂ ਜੁ ਕਿਸਾਨਾਂ ਦੇ ਪੱਖ ਨੂੰ ਵਿਧਾਨ ਸਭਾ ਜਾਂ ਸੰਸਦ 'ਚ ਰੱਖਿਆ ਜਾ ਸਕੇ।

ਇਹ ਪ੍ਰਗਟਾਵਾ ਸੰਵਿਧਾਨ ਬਚਾਓ ਮੰਚ ਦੇ ਆਗੂ ਐਡਵੋਕੇਟ ਬਲਕਰਨ ਸਿੰਘ ਬੱਲੀ ਨੇ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਜਦ ਕਿਸਾਨਾਂ ਦਾ ਅੰਦੋਲਨ ਚੱਲਦਾ ਹੈ ਤਾਂ ਕਿਸਾਨਾਂ ਨੂੰ ਆਪਣੇ ਵੋਟ ਬੈਂਕ ਵਿਚ ਤਬਦੀਲ ਕਰਨ ਲਈ ਸਾਰੇ ਰਾਜਨੀਤਕ ਦਲ ਕਿਸਾਨ ਪੱਖੀ ਹੋਣ ਦਾ ਢੋਂਗ ਰਚਦੇ ਹਨ ਤੇ ਚੋਣਾਂ ਤੋਂ ਪਹਿਲਾਂ ਕਿਸਾਨਾਂ ਨਾਲ ਵੱਡੇ-ਵੱਡੇ ਵਾਅਦੇ ਦਾਅਵੇ ਕਰਦੇ ਹਨ, ਜਿਵੇਂ ਬੀ.ਜੇ.ਪੀ. ਦੀ ਮੋਦੀ ਸਰਕਾਰ ਨੇ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ ਪਰ ਸੱਤਾ ਹਥਿਆਉਣ ਉਪਰੰਤ ਮੋਦੀ ਸਰਕਾਰ ਨੇ ਕਿਸਾਨਾਂ ਨਾਲ ਆਮਦਨ ਦੁੱਗਣੀ ਕਰਨ ਦੇ ਵਾਅਦੇ ਨੂੰ ਵਿਸਾਰ ਦਿੱਤਾ ਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੀ ਥਾਂ ਕਿਸਾਨਾਂ ਦੇ ਕਰਜ਼ੇ ਅਤੇ ਖੇਤੀ ਲਾਗਤ ਖਰਚੇ ਦੁੱਗਣੇ ਕਰ ਦਿੱਤੇ।ਉਨ੍ਹਾਂ ਕਿਹਾ ਕਿ ਭਾਵੇਂ ਦੇਸ਼ ਦੀ ਸੰਸਦ ਵਿੱਚ ਬਹੁਤ ਸਾਰੇ ਐਮ.ਪੀ. ਆਪਣੇ ਆਪ ਨੂੰ ਕਿਸਾਨ ਕਹਾਉਂਦੇ ਹਨ ਤੇ ਕਿਸਾਨਾਂ ਦੀ ਵੋਟ ਨਾਲ ਸੰਸਦ ਵਿਚ ਪਹੁੰਚਦੇ ਵੀ ਹਨ, ਪਰ ਅੱਜ ਤੱਕ ਕਿਸੇ ਵੀ ਪਾਰਟੀ ਦੇ ਐਮ. ਪੀ. ਨੇ ਸੰਸਦ ਦਾ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਸੰਸਦੀ ਹਲਕੇ ਦੇ ਕਿਸਾਨਾਂ ਨਾਲ ਜਾਂ ਕਿਸਾਨ ਆਗੂਆਂ ਨਾਲ ਉਨ੍ਹਾਂ ਦੀਆਂ ਮੰਗਾਂ ਮਸਲਿਆਂ 'ਤੇ ਕਦੇ ਕੋਈ ਮੀਟਿੰਗ ਨਹੀਂ ਕੀਤੀ ਅਤੇ ਕਿਸਾਨਾਂ ਦੇ ਮਸਲਿਆਂ ਨੂੰ ਸੰਸਦ ਵਿੱਚ ਨਹੀਂ ਉਠਾਇਆ।

ਉਨ੍ਹਾਂ ਕਿਹਾ ਕਿ ਜਦ 2020 ਦਾ ਕਿਸਾਨ ਅੰਦੋਲਨ ਚੱਲਦਾ ਸੀ ਤਾਂ ਕਿਸਾਨਾਂ ਦੀ ਨਰਾਜ਼ਗੀ ਤੋਂ ਡਰਦਿਆਂ ਵਿਰੋਧੀ ਧਿਰ ਦੇ ਆਗੂਆਂ ਨੇ ਸੰਸਦ ਚੋਂ ਬਾਈਕਾਟ ਕਰਨ ਦੀ ਥਾਂ ਸੰਸਦ 'ਚ ਜ਼ਰੂਰ ਕਿਸਾਨੀ ਮੁੱਦਿਆਂ ਨੂੰ ਉਠਾਇਆ, ਪ੍ਰੰਤੂ ਉਸ ਤੋਂ ਬਾਅਦ ਸਭ ਧਿਰਾਂ ਨੇ ਕਿਸਾਨਾਂ ਨੂੰ ਵਿਸਾਰ ਕੇ ਸੰਸਦ 'ਚੋਂ ਬਾਈਕਾਟ ਕਰਨ ਦਾ ਰਾਹ ਅਪਣਾਇਆ ਅਤੇ ਸੱਤਾਧਾਰੀ ਧਿਰ ਨੂੰ ਮਨਮਰਜ਼ੀ ਕਰਨ ਦਾ ਮੌਕਾ ਦਿੱਤਾ।ਉਨ੍ਹਾਂ ਰਾਜਨੀਤਿਕ ਧਿਰਾਂ ਨੂੰ ਸਲਾਹ ਦਿੱਤੀ ਕਿ ਜੇਕਰ ਉਹ ਸੱਚਮੁੱਚ ਹੀ ਕਿਸਾਨਾਂ ਦਾ ਥੋੜ੍ਹਾ ਬਹੁਤਾ ਭਲਾ ਕਰਨਾ ਚਾਹੁੰਦੇ ਹਨ ਤਾਂ ਇਜਲਾਸ ਤੋਂ ਪਹਿਲਾਂ ਉਹਨਾਂ ਨੂੰ ਕਿਸਾਨਾਂ-ਮਜ਼ਦੂਰਾਂ ਦੀਆਂ ਧਿਰਾਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੀਆਂ ਮੰਗਾਂ ਮਸਲਿਆਂ ਨੂੰ ਸੁਣਨਾ ਚਾਹੀਦਾ ਹੈ ਤੇ ਇਜਲਾਸ ਵਿੱਚ ਉਨ੍ਹਾਂ ਦੇ ਮਸਲੇ ਜ਼ੋਰਦਾਰ ਢੰਗ ਨਾਲ ਰੱਖਣੇ ਚਾਹੀਦੇ ਹਨ।

# ਓਸ਼ੋ ਧਿਆਨ ਯਾਤਰਾ ਦਾ ਸੁਨਾਮ ਓਸ਼ੋ ਪ੍ਰੇਮੀਆਂ ਵੱਲੋਂ ਸਵਾਗਤ

**ਓਸ਼ੋ ਪੁਣੇ ਆਸ਼ਰਮ ਵਿਖੇ ਬਾਸੋ ਦੀ ਵਿੱਕਰੀ ਨੂੰ ਕਿਸੇ ਵੀ ਕੀਮਤ 'ਤੇ ਰੋਕਣਾ ਹੈ : ਸਵਾਮੀ ਗੋਪਾਲ ਭਾਰਤੀ**



**ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**-ਓਸ਼ੋ ਧਿਆਨ ਯਾਤਰਾ ਸੁਨਾਮ ਪਹੁੰਚ ਚੁੱਕੀ ਹੈ। ਗੀਤਕਾਰ ਤੇ ਧਿਆਨ ਸ਼ਿਵਰ ਸੰਚਾਲਕ ਸਵਾਮੀ ਗੋਪਾਲ ਭਾਰਤੀ ਪਿਛਲੇ ਇੱਕ ਮਹੀਨੇ ਤੋਂ ਮੁੰਬਈ, ਪੱਛਮੀ ਬੰਗਾਲ, ਨੇਪਾਲ, ਕਰਨਾਟਕਾ, ਗੋਵਾ, ਦਿੱਲੀ, ਹਰਿਆਣਾ ਤੇ ਪੰਜਾਬ ਦੇ ਫਰੀਦਕੋਟ ਪਟਿਆਲਾ ਹੁੰਦੇ ਹੋਏ ਧਿਆਨ ਯਾਤਰਾ ਲੈ ਕੇ ਸੁਨਾਮ ਪਹੁੰਚੇ। ਸ਼ਹੀਦ ਊਧਮ ਸਿੰਘ ਦੀ ਧਰਤੀ 'ਤੇ ਪਿਛਲੇ ਵਰ੍ਹੇ ਵੀ ਧਿਆਨ ਯਾਤਰਾ ਲੈ ਕੇ ਸਵਾਮੀ ਜੀ ਆਏ ਸੀ ਤੇ ਸੰਕਲਪ ਕੀਤਾ ਸੀ ਕਿ ਪੁਣੇ ਆਸ਼ਰਮ ਵਿਖੇ ਬਾਸੋ ਦੀ ਵਿੱਕਰੀ ਨੂੰ ਕਿਸੇ ਵੀ ਕੀਮਤ 'ਤੇ ਰੋਕਣਾ ਹੈ। ਸਤਿਕਾਰ ਯੋਗ ਚੈਰਿਟੀ ਕਮਿਸ਼ਨਰ ਮੁੰਬਈ ਨੇ ਸਮਾਧੀ ਦੇ ਨਾਲ ਵਾਲੀ ਜ਼ਮੀਨ ਵੇਚਣ 'ਤੇ ਰੋਕ ਲਗਾ ਦਿੱਤੀ ਤੇ ਬਜਾਜ ਗਰੁੱਪ ਨੂੰ 50 ਕਰੋੜ ਰੁਪਏ ਬਿਨਾਂ ਵਿਆਜ ਦੇ ਦੇਣ ਦਾ ਫੈਸਲਾ ਸੁਣਾਇਆ ਹੈ। ਇਸ ਲਈ ਯਾਤਰਾ ਸੰਚਾਲਕ ਗੋਪਾਲ ਭਾਰਤੀ ਓਸ਼ੋ ਪ੍ਰੇਮੀਆ ਦਾ ਧੰਨਵਾਦ ਕਰਨ ਲਈ ਸੁਨਾਮ ਪਹੁੰਚੇ ਹਨ। ਇਸ ਸੰਬੰਧ ਵਿੱਚ ਓਸ਼ੋ ਧਿਆਨ ਸ਼ਿਵਰ, ਅਮਰ ਔਰਗੈਨਿਕ ਸੁਨਾਮ ਵਿੱਚ ਹੋਵੇਗਾ। ਇਸ ਸ਼ਿਵਰ ਵਿੱਚ ਗੋਪਾਲ ਭਾਰਤੀ ਦੇ ਲਿਖੇ ਹੋਏ ਗੀਤਾਂ ਦੇ ਗਾਇਕ ਸਵਾਮੀ ਬੋਧੀ ਸੰਦੇਸ਼ ਤੇ ਉਨ੍ਹਾ ਦੀ ਪੁੱਤਰੀ ਸਿਮਰਨ ਆਪਣਾ ਸੰਗੀਤ ਦਾ ਪ੍ਰੋਗਰਾਮ ਪੇਸ਼ ਕਰਨਗੇ। ਸਵਾਮੀ ਗੋਪਾਲ ਭਾਰਤੀ ਨੇ ਕਿਹਾ ਕਿ ਇਹ ਧਿਆਨ ਯਾਤਰਾ ਅੰਮ੍ਰਿਤਸਰ ਹੁੰਦੇ ਹੋਏ ਇਸ ਮਹੀਨੇ ਨਾਂਦੇੜ ਸਾਹਿਬ ਪਹੁੰਚੇਗੀ।

# ਕੇਂਦਰ ਤੇ ਹਰਿਆਣਾ ਸਰਕਾਰ ਕਰ ਰਹੀ ਲੋਕਤੰਤਰ ਦਾ ਕਤਲ : ਬਹਿਰਾਮਕੇ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**

ਸ਼ੰਭੂ ਬਾਰਡਰ ਵਿਖੇ ਚੱਲ ਰਹੇ ਕਿਸਾਨ ਸੰਘਰਸ਼ ਦੇ ਚੱਲਦਿਆਂ ਹੋਇਆਂ ਇੱਕ ਕਿਸਾਨ ਗਿਆਨ ਸਿੰਘ ਪਿੰਡ ਚਾਚੋਕੇ ਜ਼ਿਲ੍ਹਾ ਗੁਰਦਾਸਪੁਰ ਦੀ ਮੌਤ ਹੋ ਗਈ ਤੇ ਉਥੇ ਨਾਲ ਹੀ ਸੈਂਕੜੇ ਕਿਸਾਨ ਜ਼ਖ਼ਮੀ ਵੀ ਹੋਏ। ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਦੇ ਸੂਬਾ ਪ੍ਰਧਾਨ ਬਲਵੰਤ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਕਿਸਾਨਾਂ ਪ੍ਰਤੀ ਵਿਹਾਰ ਨੂੰ ਬਹੁਤ ਹੀ ਸ਼ਰਮਨਾਕ ਕਰਾਰ ਦਿੰਦੇ ਹੋਏ ਕਿਹਾ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਦੇ ਵਿਚ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ। ਅੱਤਵਾਦੀਆਂ ਦੇ ਖਿਲਾਫ਼ ਜਿਸ ਤਰ੍ਹਾਂ ਦੇ ਹਥਿਆਰਾਂ ਦਾ ਇਸਤੇਮਾਲ ਪਾਕਿਸਤਾਨ ਤੇ ਕਸ਼ਮੀਰ ਵਿੱਚ ਕੀਤਾ ਜਾਂਦਾ ਹੈ। ਸ਼ੰਭੂ ਬਾਰਡਰ 'ਤੇ ਵੀ ਉਸੇ ਤਰ੍ਹਾਂ ਕੀਤਾ ਜਾ ਰਿਹਾ ਹੈ। ਬਲਵੰਤ ਸਿੰਘ ਬਹਿਰਾਮਕੇ ਨੇ ਕਿਹਾ ਕਿ ਲੋਕਤੰਤਰ ਵਿੱਚ ਲੋਕ ਵੱਢੇ ਹੁੰਦੇ ਹਨ। ਸਰਕਾਰ ਕੋਲ ਮੰਗਾਂ ਲੈ ਕੇ ਜਾਣਾ ਲੋਕਾਂ ਦਾ ਹੱਕ ਹੈ। ਲੋਕਤੰਤਰ ਲੋਕਾਂ ਨੂੰ ਇਸ ਦਾ ਅਧਿਕਾਰ ਦਿੰਦਾ ਹੈ। ਲੋਕਾਂ ਦੀਆਂ ਵੋਟਾਂ ਦੇ ਨਾਲ ਹੀ ਸਰਕਾਰ ਚੁਣੀ ਜਾਂਦੀ ਹੈ। ਲੋਕਾਂ ਵੱਲੋਂ ਚੁਣੀ ਹੋਈ ਸਰਕਾਰ ਦਾ ਫ਼ਰਜ਼ ਹੁੰਦਾ ਹੈ ਕਿ ਉਹ ਲੋਕਾਂ ਦੀ ਗੱਲ ਸੁਣੇ ਤੇ ਲੋਕਾਂ ਦੇ ਹੱਕ ਹਕੂਕਾਂ 'ਤੇ ਪਹਿਰਾ ਦੇਵੇ, ਨਾ ਕਿ ਆਪਣੇ ਹੀ ਲੋਕਾਂ ਦੇ ਉਪਰ ਦੁਸ਼ਮਣਾ ਵਾਲਾ ਰਵੱਈਆ ਅਖਤਿਆਰ ਕਰਕੇ ਰਸਤੇ ਬੰਦ ਕਰਕੇ ਅਤਿਆਚਾਰ ਕਰੋ। ਉਨ੍ਹਾਂ ਦੇ ਨਾਲ ਗੁਰਮੇਲ ਸਿੰਘ ਸ਼ਹਿਰੀ ਪ੍ਰਧਾਨ, ਦਿਲਬਾਗ ਸਿੰਘ ਮੁੱਠਿਆਂ ਵਾਲੀ ਜ਼ਿਲ੍ਹਾ ਪ੍ਰਧਾਨ ਫ਼ਿਰੋਜ਼ਪੁਰ, ਜਗਰੂਪ ਸਿੰਘ ਜ਼ਿਲ੍ਹਾ ਪ੍ਰਧਾਨ ਮੋਗਾ ਬਾਜ ਸਿੰਘ ਸੰਗਲਾ, ਮੈਂਬਰ ਕੋਰ ਕਮੇਟੀ ਜੀਤ ਸਿੰਘ ਪ੍ਰਧਾਨ ਇਕਾਈ ਅਮੀਵਾਲਾ ਤੋਂ ਇਲਾਵਾ ਕਸਾਨ ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਦੇ ਸੈਂਕੜੇ ਕਿਸਾਨ ਸ਼ੰਭੂ ਬਾਰਡਰ ਤੇ ਇਸ ਸ਼ਾਂਤਮਈ ਸੰਘਰਸ਼ ਦੌਰਾਨ ਹਾਜ਼ਰ ਹਨ।

# ਇਸਤਰੀ ਦਿਵਸ ਮੌਕੇ ਸ਼ਾਦੀਆਂ ਦੀ ਸਿਲਵਰ ਜੁਬਲੀ ਮਨਾਈ ਜਾਵੇਗੀ : ਢੋਸੀਵਾਲ

**ਜੋੜਿਆਂ ਨੂੰ ਦਿੱਤਾ ਜਾਵੇਗਾ ਆਸ਼ੀਰਵਾਦ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ, ਪਰਮਜੀਤ ਸਿੰਘ)**-ਇਲਾਕੇ ਦੀ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਐੱਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਆਪਣੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਸਮਾਜ ਸੇਵਾ ਦੇ ਕਾਰਜ ਕਰਦੀ ਆ ਰਹੀ ਹੈ। ਲੋੜਵੰਦ ਪਰਿਵਾਰਾਂ ਦੀ ਲੜਕੀਆਂ ਨੂੰ ਰੁਜ਼ਗਾਰ ਦੇ ਕਾਬਿਲ ਬਣਾਉਣ ਲਈ ਉਨ੍ਹਾਂ ਨੂੰ ਛੇ ਮਹੀਨੇ ਦੀ ਮੁਫਤ ਕਟਾਈ ਸਿਲਾਈ ਕੋਰਸ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਮੈਡੀਕਲ ਚੈੱਕਅਪ ਕੈਂਪ ਲਗਾਏ ਜਾਂਦੇ ਹਨ। ਕੋਰੋਨਾ ਦੇ ਮਹਾਂਕਾਲ ਦੌਰਾਨ ਜਾਗ੍ਰਿਤੀ ਕੈਂਪ ਲਗਾਏ ਗਏ ਤੇ ਵੀਹ ਹਜ਼ਾਰ ਦੇ ਕਰੀਬ ਮਾਸਕ ਮੁਫਤ ਵੰਡੇ ਗਏ। ਲੋਕ ਸਮੱਸਿਆਵਾਂ ਨੂੰ ਸ਼ਾਸਨ ਪ੍ਰਸ਼ਾਸਨ ਕੋਲ ਪਹੁੰਚਾ ਕੇ ਉਨ੍ਹਾਂ ਦਾ ਸਾਰਥਿਕ ਹੱਲ ਕਰਵਾਇਆ ਜਾਂਦਾ ਹੈ। ਇਸ ਤੋਂ ਇਲਾਵਾ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਵੀ ਕਰਵਾਈਆਂ ਜਾਂਦੀਆਂ ਹਨ। ਸੰਸਥਾ ਵੱਲੋਂ ਹੁਣ ਤੱਕ 157 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਕਰਵਾਈਆਂ ਜਾ ਚੁੱਕੀਆਂ ਹਨ। ਟਰੱਸਟ ਤੇ ਮੁਕਤਸਰ ਵਿਕਾਸ ਮਿਸ਼ਨ ਦੇ ਬਾਨੀ ਜਗਦੀਸ਼ ਰਾਏ ਢੋਸੀਵਾਲ ਨੇ ਉਕਤ ਜਾਣਕਾਰੀ ਦਿੰਦੇ ਹੋਏ ਇਥੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਇਸ ਵਾਰ ਅੰਤਰਰਾਸ਼ਟਰੀ ਇਸਤਰੀ ਦਿਵਸ ਵਿਲੱਖਣ ਢੰਗ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਵਿਸ਼ੇਸ਼ ਸਮਾਰੋਹ ਆਉਂਦੀ 10 ਮਾਰਚ ਨੂੰ ਆਯੋਜਤ ਕੀਤਾ ਜਾਵੇਗਾ। ਸਮਾਰੋਹ ਦੌਰਾਨ ਟਰੱਸਟ ਵੱਲੋਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਕਰਵਾਈਆਂ ਗਈਆਂ ਸ਼ਾਦੀਆਂ ਦੀ ਸਿਲਵਰ ਜੁਬਲੀ ਮਨਾਈ ਜਾਵੇਗੀ। ਇਸ ਮੌਕੇ ਸਿਲਵਰ ਜੁਬਨੀ ਮਨਾਉਣ ਵਾਲੇ ਜੋੜਿਆਂ ਨੂੰ ਵਿਸ਼ੇਸ਼ ਤੌਰ 'ਤੇ ਬੁਲਾ ਕੇ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਵੇਗਾ ਤੇ ਆਸ਼ੀਰਵਾਦ ਦਿੱਤਾ ਜਾਵੇਗਾ। ਢੋਸੀਵਾਲ ਨੇ ਅੱਗੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਸਮਾਰੋਹ ਦੌਰਾਨ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਲੜਕੀਆਂ/ਔਰਤਾਂ ਨੂੰ ਉਨ੍ਹਾਂ ਦੀ ਕਾਬਲੀਅਤ ਨੂੰ ਮੁੱਖ ਰੱਖਦੇ ਹੋਏ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

# ਵਿਦਿਆਰਥੀਆਂ ਦੀ ਪ੍ਰਤਿਭਾ ਪਛਾਨਣ ਲਈ ਟਾਈਨੀ ਟੋਟ ਈਵੈਂਟ ਕਰਾਇਆ



**ਨਾਭਾ (ਵਰਿੰਦਰ ਵਰਮਾ)**

ਜੀ.ਬੀ ਇੰਟਰਨੈਸ਼ਨਲ ਸਕੂਲ ਵਿਖੇ 2, 5 ਤੋਂ 6 ਸਾਲ ਦੀ ਉਮਰ ਦੇ ਵਿਦਿਆਰਥੀਆਂ ਦੀ ਪ੍ਰਤਿਭਾ ਦੀ ਪਛਾਣ ਕਰਨ ਲਈ ਟਾਈਨੀ ਟੋਟ ਈਵੈਂਟ ਮੁਕਾਬਲਾ ਕਰਾਇਆ ਗਿਆ।ਇਸ ਮੁਕਾਬਲੇ ਵਿੱਚ ਨੇੜਲੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਭਾਗ ਲਿਆ।ਸਕੂਲ ਦੇ ਡਾਇਰੈਕਟਰ ਅੰਸ਼ੂ ਬਾਂਸਲ ਨੇ ਪ੍ਰੋਗਰਾਮ ਵਿੱਚ ਜੱਜ ਦੀ ਭੂਮਿਕਾ ਨਿਭਾਈ ਤੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਸਕੂਲ ਦੇ ਚੇਅਰਮੈਨ ਸੰਦੀਪ ਬਾਂਸਲ ਨੇ ਕਿਹਾ ਕਿ ਅਜੋਕੇ ਮੁਕਾਬਲੇ ਦੇ ਦੌਰ ਵਿੱਚ ਅਜਿਹੇ ਸਮਾਗਮ ਵਿਦਿਆਰਥੀਆਂ ਦੇ ਉੱਜਲ ਭਵਿੱਖ ਲਈ ਕਈ ਨਵੇਂ ਦਰਵਾਜ਼ੇ ਖੋਲ੍ਹਦੇ ਹਨ।ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਹਰ ਮੁਕਾਬਲੇ ਅਤੇ ਗਤੀਵਿਧੀ ਲਈ ਆਤਮ ਵਿਸ਼ਵਾਸ, ਨਿਡਰਤਾ, ਉਤਸ਼ਾਹ ਤੇ ਮੁਕਾਬਲੇ ਦੀ ਭਾਵਨਾ ਪੈਦਾ ਕਰਨਾ ਸੀ।ਇਸ ਵਿੱਚ 2.5 ਤੋਂ 4 ਸਾਲ ਤੱਕ ਦੇ ਛੋਟੇ ਬੱਚਿਆਂ ਲਈ 'ਟਰੈਂਡੀ ਕਾਸਟਿਊਮ' ਨਾਂਅ ਦਾ ਮੁਕਾਬਲਾ ਚੁਣਿਆ ਗਿਆ, ਜਿਸ ਵਿੱਚ ਆਕਰਸ਼ਕ ਪੋਸ਼ਾਕਾਂ ਵਿੱਚ ਸਜੇ ਬੱਚਿਆਂ ਨੇ ਵਧੀਆ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ ਛੋਟੇ-ਛੋਟੇ ਬੱਚਿਆਂ ਨੂੰ ਕਾਰਟੂਨ ਦੇਖਣਾ ਬਹੁਤ ਪਸੰਦ ਹੈ, ਇਸ ਲਈ 4 ਤੋਂ 6 ਸਾਲ ਦੀ ਉਮਰ ਦੇ ਵਿਦਿਆਰਥੀਆਂ ਨੇ ਆਪਣੀ ਰੁਚੀ ਅਨੁਸਾਰ ਵੱਖ-ਵੱਖ ਕਾਰਟੂਨ ਕਿਰਦਾਰਾਂ ਦੀ ਅਦਾਕਾਰੀ ਕਰਕੇ ਆਪਣੀ ਪ੍ਰਤਿਭਾ ਨੂੰ ਨਿਖਾਰਨ ਦੀ ਕੋਸ਼ਿਸ਼ ਕੀਤੀ।ਸਕੂਲ ਦੀ ਪ੍ਰਿੰਸੀਪਲ ਪੂਨਮ ਰਾਣੀ ਨੇ ਸਾਰੇ ਪ੍ਰਤੀਯੋਗੀਆਂ ਦੇ ਜੋਸ਼, ਉਤਸ਼ਾਹ ਤੇ ਆਤਮ ਵਿਸ਼ਵਾਸ ਦੀ ਸ਼ਲਾਘਾ ਕੀਤੀ।ਸਕੂਲ ਦੇ ਉਪ-ਪ੍ਰਿੰਸੀਪਲ ਦਿਵਿਆ ਸ਼ਰਮਾ ਜੀ ਨੇ ਸਾਰੇ ਵਿਦਿਆਰਥੀਆਂ ਨੂੰ ਉਹਨਾਂ ਦੀ ਭਾਗੀਦਾਰੀ ਅਤੇ ਮੁਕਾਬਲੇ ਦੀ ਭਾਵਨਾ ਲਈ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਹਰ ਮੁਕਾਬਲੇ ਅਤੇ ਗਤੀਵਿਧੀ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।ਪ੍ਰੋਗਰਾਮ ਦੀ ਸਮਾਪਤੀ 'ਤੇ ਮਾਪਿਆਂ ਨੇ ਇਸ ਪ੍ਰਤੀਯੋਗਤਾ ਦੀ ਭਰਪੂਰ ਸ਼ਲਾਘਾ ਕੀਤੀ।

# ਸਿਵਲ ਸਰਜਨ ਵੱਲੋਂ ਹਰਿਆਣਾ ਹੱਦ ਨੇੜੇ ਲੱਗਦੀਆਂ ਸਿਹਤ ਸੰਸਥਾਵਾਂ ਦੀ ਚੈਕਿੰਗ



**ਬਰੇਟਾ (ਰੀਤਵਾਲ)**

ਕਿਸਾਨੀ ਅੰਦੋਲਨ ਦੇ ਮੱਦੇਨਜ਼ਰ ਸਿਵਲ ਸਰਜਨ ਮਾਨਸਾ ਡਾ. ਰਣਜੀਤ ਸਿੰਘ ਰਾਏ ਨੇ ਹਰਿਆਣਾ ਦੀ ਹੱਦ ਨਾਲ ਲੱਗਦੀਆਂ ਸਿਹਤ ਸੰਸਥਾਵਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਮੁਫਤ ਦਵਾਈਆਂ, ਐਕਸਰੇ, ਈ.ਸੀ.ਜੀ. ਤੇ ਅਲਟਰਾ ਸਾਊਂਡ ਤੋਂ ਇਲਾਵਾ ਹੋਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਖੋਲ੍ਹੇ ਪੀ.ਐੱਚ.ਸੀ. ਬਰੇਟਾ, ਆਮ ਆਦਮੀ ਕਲੀਨਕ ਰੰਘੜਿਆਲ, ਆਮ ਆਦਮੀ ਕਲੀਨਿਕ ਗੋਬਿੰਦਪੁਰਾ ਤੇ ਸਬ-ਸੈਂਟਰ ਦਾਤੇਵਾਸ ਦਾ ਅਚਨਚੇਤ ਦੌਰਾ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਰਣਜੀਤ ਸਿੰਘ ਰਾਏ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਨ੍ਹਾਂ ਸੰਸਥਾਵਾਂ ਵਿਖੇ ਜਾ ਕੇ ਪਿੰਡ ਦੇ ਸਰਪੰਚ ਤੇ ਹੋਰ ਮੋਹਤਬਰ ਵਿਅਕਤੀਆਂ ਨਾਲ ਗੱਲਬਾਤ ਕਰਕੇ ਸਿਹਤ ਸੰਸਥਾਵਾਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਹਤ ਸੰਸਥਾਵਾਂ ਵਿਖੇ ਆਉਣ ਵਾਲੇ ਮਰੀਜ਼ਾਂ ਨੂੰ ਸਾਰੀਆਂ ਦਵਾਈਆਂ ਤੇ ਟੈਸਟ ਹਸਪਤਾਲਾਂ ਦੇ ਅੰਦਰੋਂ ਅਤੇ ਮੁਫਤ ਮਿਲਣੇ ਚਾਹੀਦੇ ਹਨ। ਉਨ੍ਹਾ ਸਿਹਤ ਵਿਭਾਗ ਦੇ ਅਧਿਕਾਰੀਆਂ ਕਰਮਚਾਰੀਆਂ, ਪੈਰਾ ਮੈਡੀਕਲ ਸਟਾਫ ਤੇ ਆਸ਼ਾ ਵਰਕਰਾਂ ਨੂੰ ਕਿਹਾ ਕਿ ਮਰੀਜ਼ਾਂ ਨਾਲ ਵਿਹਾਰ ਤੇ ਇਲਾਜ ਤਸੱਲੀਬਖ਼ਸ਼ ਹੋਣਾ ਚਾਹੀਦਾ ਹੈ। ਮਰੀਜ਼ ਨੂੰ ਹਰ ਤਰ੍ਹਾਂ ਦੀਆਂ ਦਵਾਈਆਂ ਤੇ ਟੈਸਟ ਹਸਪਤਾਲਾਂ ਅੰਦਰੋਂ ਅਤੇ ਬਿਲਕੁਲ ਮੁਫ਼ਤ ਮਿਲਣੇ ਚਾਹੀਦੇ ਹਨ, ਤਾਂ ਜੋ ਕਿਸੇ ਵੀ ਮਰੀਜ਼ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਬਰੇਟਾ ਹਸਪਤਾਲ ਵਿਖੇ ਮੌਜੂਦ ਲੋਕਾਂ ਨਾਲ ਗੱਲਬਾਤ ਕੀਤੀ ਤੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਕੋਈ ਵੀ ਦਿੱਕਤ ਆਉਂਦੀ ਹੈ ਤਾਂ ਉਸ ਦਾ ਜਲਦ ਹੱਲ ਕੀਤਾ ਜਾਵੇਗਾ। ਉਨ੍ਹਾ ਸਿਹਤ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਨੂੰ ਸਿਹਤ ਸਹੂਲਤਾਂ, ਬਿਮਾਰੀਆਂ ਤੋਂ ਬਚਾਅ ਤੇ ਆਮ ਆਦਮੀ ਕਲੀਨਿਕ ਤੇ ਹਸਪਤਾਲਾਂ ਵਿੱਚ 40 ਕਿਸਮ ਦੇ ਟੈਸਟ ਤੇ 70 ਕਿਸਮ ਦੀਆਂ ਦਵਾਈਆਂ ਮੁਫਤ ਮਿਲ ਰਹੀਆਂ ਹਨ, ਪ੍ਰਤੀ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ।

# ਕੇਂਦਰ ਕਿਸਾਨਾਂ ਦੇ ਮਸਲਿਆਂ ਦਾ ਹੱਲ ਪਹਿਲ ਦੇ ਆਧਾਰ 'ਤੇ ਕਰੇ : 'ਆਪ' ਆਗੂ

**ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਤਹਿਤ ਲੋਕ ਵੱਡੇ ਪੱਧਰ 'ਤੇ ਫਾਇਦਾ ਲੈ ਰਹੇ**



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰਜੀਵ ਅਹੂਜਾ ਰਵੀ, ਪ੍ਰਸ਼ਾਂਤ ਕਟਾਰੀਆ, ਸੌਰਵ ਅਹੂਜਾ, ਇੰਦਰਜੀਤ ਸਿੰਘ ਚੱਕੀਆਂ।

**ਮੱਖੂ (ਰਛਪਾਲ ਸਿੰਘ ਸੰਧੂ)**

ਕੇਂਦਰ ਦੀ ਮੋਦੀ ਸਰਕਾਰ ਵੱਲੋਂ ਕਿਸਾਨੀ ਮੰਗਾਂ ਲਈ ਦਿੱਲੀ ਨੂੰ ਕੂਚ ਕਰ ਰਹੇ ਕਿਸਾਨਾਂ ਨੂੰ ਰਸਤੇ ਵਿੱਚ ਰੋਕਣ ਅਤੇ ਉਨ੍ਹਾਂ 'ਤੇ ਲਾਠੀਚਾਰਜ ਕਰਨ, ਅੱਥਰੂ ਗੈਸ ਦੇ ਗੋਲੇ ਦਾਗਣ, ਰਬੜ ਦੀਆਂ ਗੋਲੀਆਂ ਵਰ੍ਹਾਉਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਿਆਂ ਕਰਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ. ਰਜੀਵ ਅਹੂਜਾ ਰਵੀ ਸਾਬਕਾ ਐੱਮ ਸੀ, ਯੂਥ ਆਗੂ ਪ੍ਰਸ਼ਾਂਤ ਕਟਾਰੀਆ, ਬਲਾਕ ਪ੍ਰਧਾਨ ਸੌਰਵ ਅਹੂਜਾ, ਇੰਦਰਜੀਤ ਸਿੰਘ ਚੱਕੀਆਂ ਨੇ ਕਿਹਾ ਕਿ ਮੋਦੀ ਸਰਕਾਰ ਪੰਜਾਬ ਦੇ ਲੋਕਾਂ ਨਾਲ ਖਾਸ ਕਰਕੇ ਕਿਸਾਨਾਂ ਨਾਲ ਦੁਸ਼ਮਣਾਂ ਵਾਲਾ ਵਿਹਾਰ ਕਰ ਰਹੀ ਹੈ।ਸਾਰੀ ਦੁਨੀਆ ਦਾ ਪੇਟ ਭਰਨ ਵਾਲਾ ਅੰਨਦਾਤਾ ਕਿਸਾਨ ਜੇਕਰ ਸੜਕਾਂ 'ਤੇ ਰੁਲਦਾ ਹੈ ਤਾਂ ਦੇਸ਼ ਕਦੇ ਵੀ ਤਰੱਕੀ ਨਹੀਂ ਕਰ ਸਕਦਾ। ਇਸ ਲਈ ਕੇਂਦਰ ਸਰਕਾਰ ਕਿਸਾਨਾਂ ਨਾਲ ਮਿਲ ਬੈਠ ਕੇ ਕਿਸਾਨਾਂ ਦੇ ਸਾਰੇ ਮਸਲਿਆਂ ਦਾ ਹੱਲ ਪਹਿਲ ਦੇ ਅਧਾਰ 'ਤੇ ਕਰੇ।ਉਨ੍ਹਾਂ ਕਿਹਾ ਕਿ ਪੰਜਾਬ ਭਰ ਦੇ ਲੋਕ ਆਪਣੇ ਆਪ 'ਤੇ ਮਾਣ ਮਹਿਸੂਸ ਕਰ ਰਹੇ ਹਨ ਕਿ ਉਨ੍ਹਾਂ ਨੇ ਆਪਣੀ ਵੋਟ ਦਾ ਹੱਕ ਸਹੀ ਇਸਤੇਮਾਲ ਕਰਕੇ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੋਂਦ ਵਿੱਚ ਲਿਆਂਦਾ ਹੈ, ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ 'ਆਪ' ਦੀ ਸਰਕਾਰ ਤੁਹਾਡੇ ਦੁਆਰ ਪ੍ਰੋਗਰਾਮ ਤਹਿਤ ਪੰਜਾਬ ਭਰ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਕੈਂਪ ਲਗਾ ਕੇ ਲੋਕਾਂ ਦੇ ਰੋਜ਼ਮਰ੍ਹਾ ਦੇ ਕੰਮ ਕਰਵਾਏ ਜਾ ਰਹੇ ਹਨ।ਇਸ ਮੁਹਿੰਮ ਦਾ ਲੋਕ ਵੱਡੇ ਪੱਧਰ 'ਤੇ ਫਾਇਦਾ ਲੈ ਰਹੇ ਹਨ।ਇਸ ਮੌਕੇ ਅਜੇ ਕੰਧਾਰੀ, ਵਿਵੇਕ ਮੋਂਗਾ, ਸ਼ਮਸ਼ੇਰ ਸਿੰਘ ਸ਼ੇਰਾ, ਭੀਮ ਠੁਕਰਾਲ, ਸ਼ੇਰਾ ਮਨੇਸ ਵਾਰਸ ਵਾਲਾ, ਦੇਵ ਸੇਠੀ, ਥੋਮਸ ਭੱਟੀ, ਸਾਜਨ ਸਿਕਰੀ, ਸਾਹਿਲ ਖੁਰਾਣਾ ਆਦਿ ਹਾਜ਼ਰ ਸਨ।

# ਬੀ ਬੀ ਐੱਸ ਬੀ ਕਾਨਵੈਂਟ ਸਕੂਲ 'ਚ ਐਥਲੈਟਿਕਸ ਮੀਟ



**ਜਗਰਾਉਂ (ਅਮਿਤ ਖੰਨਾ)**-ਬੀ ਬੀ ਐੱਸ ਬੀ ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਪਹਿਲੀ ਜਮਾਤ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੀ ਐਥਲੈਟਿਕਸ ਮੀਟ ਕਰਵਾਈ ਗਈ। ਐਥਲੈਟਿਕਸ ਮੀਟ ਦੀ ਸ਼ੁਰੂਆਤ ਲਈ ਸਭ ਤੋਂ ਪਹਿਲਾਂ ਸਮੂਹ ਮੈਨੇਜਮੈਂਟ, ਜਿਸ ਵਿੱਚ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਅਡਵਾਈਜ਼ਰ ਰਾਜੀਵ ਸੱਗੜ, ਜਨਰਲ ਸੈਕਰੇਟਰੀ ਅੰਜੂ ਬਾਲਾ ਤੇ ਗਗਨਦੀਪ ਬਾਵਾ ਨੂੰ ਵਿਦਿਆਰਥੀਆਂ ਦੁਆਰਾ ਬੈਂਡ ਸਹਿਤ ਗਰਾਊਂਡ ਵਿੱਚ ਲਿਜਾਇਆ ਗਿਆ। ਇਸ ਉਪਰੰਤ ਰਿਬਨ ਕਟਿੰਗ ਦੀ ਰਸਮ ਅਦਾ ਕੀਤੀ ਗਈ। ਇਸ ਉਪਰੰਤ ਵਿਦਿਆਰਥੀਆਂ ਦੁਆਰਾ ਮਸ਼ਾਲ ਦੀ ਰਸਮ ਅਦਾ ਕੀਤੀ ਗਈ ਤੇ ਨਾਲ ਹੀ ਸਪੋਰਟਸ ਸਹੁੰ ਚੁੱਕੀ ਗਈ। ਸਮੂਹ ਮੈਨੇਜਮੈਂਟ ਵੱਲੋਂ ਕਲੈਪ ਕਰਕੇ ਖੇਡਾਂ ਦੀ ਸ਼ੁਰੂਆਤ ਕੀਤੀ ਗਈ। ਸਭ ਤੋਂ ਪਹਿਲਾਂ ਬੱਚਿਆਂ ਵੱਲੋਂ ਪੀ. ਟੀ. ਸ਼ੋਅ ਕੀਤਾ ਗਿਆ। ਇਸ ਈਵੈਂਟ ਉਪਰੰਤ ਕ੍ਰਮਵਾਰ ਪ੍ਰੀ ਨਰਸਰੀ ਤੋਂ ਯੂ. ਕੇ. ਜੀ. ਕਲਾਸ ਤੱਕ ਦੇ ਵਿਦਿਆਰਥੀਆਂ ਵੱਲੋਂ ਰੀਲੇਅ ਰੇਸ, ਜਿਗ ਜੈਗ ਰੇਸ, ਸੈਂਟ ਦਾ ਗਲਾਸ ਰੇਸ, ਬੈਗ ਰੇਸ, ਉਰੇਂਜ ਰੇਸ, ਬਰੇਕ ਦਿ ਬੋਟਲਸ ਰੇਸ, ਪਜਲ ਰੇਸ ਅਦਿ ਵਿੱਚ ਭਾਗ ਲਿਆ ਗਿਆ ਤੇ ਸ਼ਾਨਦਾਰ ਢੰਗ ਨਾਲ ਇਨ੍ਹਾਂ ਈਵੈਂਟਸ ਨੂੰ ਪੇਸ਼ ਕੀਤਾ ਗਿਆ। ਇਸ ਦੇ ਨਾਲ ਨਾਲ ਪੇਰੈਂਟਸ ਦੀਆਂ ਵੀ ਗੇਮਾਂ ਕਰਵਾਈਆਂ ਗਈਆਂ, ਜਿਸ ਵਿੱਚ ਉਨ੍ਹਾਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਸਮੂਹ ਮੈਨੇਜਮੈਂਟ ਤੇ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਵੱਲੋਂ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ ਅਤੇ ਨਾਲ-ਨਾਲ ਹੀ ਵਿਦਿਆਰਥੀਆਂ ਦੀ ਮਿਹਨਤ ਤੇ ਉਨ੍ਹਾਂ ਦੇ ਉਤਸ਼ਾਹ ਦੀ ਤਾਰੀਫ ਕੀਤੀ ਗਈ।

ਉਨ੍ਹਾਂ ਵੱਲੋਂ ਵਿਦਿਆਰਥੀਆਂ ਦੇ ਅਧਿਆਪਕ ਸਾਹਿਬਾਨਾਂ ਦੀ ਵੀ ਤਾਰੀਫ ਕੀਤੀ ਗਈ, ਜਿਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਵੱਖ ਵੱਖ ਈਵੈਂਟਸ ਲਈ ਤਿਆਰ ਕੀਤਾ ਗਿਆ। ਇਸ ਉਪਰੰਤ ਅਧਿਆਪਕਾਂ ਦੀ ਬੈਕ ਰੇਸ ਕਰਵਾਈ ਗਈ, ਜਿਸ ਵਿੱਚ ਅਧਿਆਪਕਾਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਮੂਹ ਮੈਨੇਜਮੈਂਟ ਤੇ ਪ੍ਰਿੰਸੀਪਲ ਮੈਡਮ ਵੱਲੋਂ ਇਨਾਮ ਤਕਸੀਮ ਕੀਤੇ ਗਏ ਅਤੇ ਬੱਚਿਆਂ ਨੂੰ ਐਥਲੈਟਿਕਸ ਮੀਟ ਦੀਆਂ ਵਧਾਈਆਂ ਦਿੱਤੀਆਂ ਗਈਆਂ।

19-Feb-PAGE-8.qxd 2/18/2024 10:31 PM Page 1



# ਵਿਭਾਗੀ ਮੰਗਾਂ ਹੱਲ ਨਾ ਹੋਣ 'ਤੇ ਸਿੱਖਿਆ ਮੰਤਰੀ ਦੇ ਪਿੰਡ ਪੁੱਜਿਆ ਡੀ ਟੀ ਐੱਫ ਵਫ਼ਦ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਆਪ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਦੀ ਢਿੱਲੀ ਕਾਰਗੁਜ਼ਾਰੀ ਤੋਂ ਖ਼ਫ਼ਾ ਹੋਏ ਅਧਿਆਪਕਾਂ ਵੱਲੋਂ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਦੇ ਬੈਨਰ ਹੇਠ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪਿੰਡ ਗੰਭੀਰਪੁਰ ਵਿਖੇ ਮਾਸ ਡੈਪੂਟੇਸ਼ਨ ਦੇ ਰੂਪ ਵਿੱਚ ਪੁਹੰਚ ਕੀਤੀ ਗਈ ਅਤੇ ਮਸਲੇ ਹੱਲ ਨਾ ਹੋਣ 'ਤੇ ਮੁੜ ਸੰਘਰਸ਼ੀ ਬਿਗ਼ੁਲ ਬਜਾਉਣ ਦਾ ਐਲਾਨ ਕੀਤਾ ਹੈ। ਪੰਜਾਬ ਦੇ ਸਮੂਹ ਜ਼ਿਲ੍ਹਿਆਂ ਤੋਂ ਪੁੱਜੇ 100 ਦੇ ਕਰੀਬ ਸੂਬਾ ਅਤੇ ਜ਼ਿਲ੍ਹਾ ਆਗੂਆਂ ਦੇ ਇੱਕ ਵਫ਼ਦ ਵੱਲੋਂ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਦੀ ਅਗਵਾਈ ਹੇਠ ਅਧਿਆਪਕਾਂ ਦੇ ਵੱਖ-ਵੱਖ ਵਿਭਾਗੀ ਮਸਲਿਆਂ ਸੰਬੰਧੀ ਐੱਸ ਐੱਚ ਓ ਹਿੰਮਤ ਸਿੰਘ ਨੂੰ ਮੰਗ ਪੱਤਰ ਸੌਂਪਿਆਂ ਗਿਆ ਅਤੇ ਪ੍ਰਸ਼ਾਸਨ ਵੱਲੋਂ ਮੌਕੇ 'ਤੇ ਹੀ ਸਿੱਖਿਆ ਮੰਤਰੀ ਨਾਲ 28 ਫਰਵਰੀ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਦਾ ਪੱਤਰ ਜਥੇਬੰਦੀ ਨੂੰ ਦਿੱਤਾ। ਇਸ ਦੌਰਾਨ ਪਿੰਡ ਗੰਭੀਰਪੁਰ ਵਿਖੇ ਹੀ ਪਿਛਲੇ ਚਾਰ ਮਹੀਨੇ ਤੋਂ 5994 ਈ.ਟੀ.ਟੀ. ਭਰਤੀ ਨੂੰ ਮੁਕੰਮਲ ਕਰਵਾਉਣ ਲਈ ਸੰਘਰਸ਼ ਕਰ ਰਹੇ ਬੇਰੁਜ਼ਗਾਰਾਂ ਦੇ ਧਰਨੇ ਵਿੱਚ ਵੀ ਸ਼ਮੂਲੀਅਤ ਕੀਤੀ ਗਈ ਅਤੇ ਭਰਤੀ ਪ੍ਰਕ੍ਰਿਆ ਪੂਰੀ ਕਰਦਿਆਂ ਨਿਯੁਕਤੀ ਪੱਤਰ ਜਾਰੀ ਕਰਨ ਦੀ ਮੰਗ ਕੀਤੀ ਗਈ।ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਸੂਬਾਈ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਪਿਛਲੇ 6 ਸਾਲ ਤੋਂ ਦੱਬ ਕੇ ਰੱਖੀ ਈ.ਟੀ.ਟੀ. ਤੋਂ ਮਾਸਟਰ ਕਾਡਰ ਦੀ ਪੈਂਡਿੰਗ ਤਰੱਕੀ, ਮਾਸਟਰ, ਲੈਕਚਰਾਰ, ਹੈਡਮਾਸਟਰ, ਪ੍ਰਿੰਸੀਪਲਾਂ, ਸੀ.ਐਂਡ.ਵੀ. ਅਤੇ ਨਾਨ ਟੀਚਿੰਗ ਕਾਡਰਾਂ ਦੀਆਂ ਲਟਕੀਆਂ ਤਰੱਕੀਆਂ ਨੇਪਰੇ ਚਾੜ੍ਹਨ, ਇਸੇ ਢੰਗ ਨਾਲ 3582 ਅਤੇ 4161 ਭਰਤੀਆਂ 'ਤੇ ਨਿਯੁਕਤ ਅਧਿਆਪਕਾਂ ਲਈ ਕ੍ਰਮਵਾਰ 16 ਜੁਲਾਈ 2018 ਅਤੇ 9 ਮਈ 2022 ਤੋਂ ਸਾਰੇ ਆਰਥਿਕ ਲਾਭ ਲੈਣ, 5178, 3442, 7654 ਅਸਾਮੀਆਂ 'ਤੇ ਨਿਯੁਕਤ ਅਧਿਆਪਕਾਂ ਨੂੰ ਮੁੱਢਲੀ ਠੇਕਾ ਅਧਾਰਤ ਨਿਯੁਕਤੀ ਦੀ ਚੋਣ ਮੈਰਿਟ ਅਨੁਸਾਰ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਤਿਆਰ ਕਰਨ, ਪ੍ਰਾਇਮਰੀ ਦੀਆਂ ਪੈਂਡਿੰਗ 5994, 2364, 6635 ਭਰਤੀਆਂ ਨੂੰ ਫੌਰੀ ਮੁਕੰਮਲ ਕਰਨ, ਪੁਰਸ਼ ਅਧਿਆਪਕਾਂ ਨੂੰ ਸਲਾਨਾ ਮਿਲਣਯੋਗ ਅਚਨਚੇਤ ਛੁੱਟੀਆਂ ਵਿੱਚ 10 ਤੋਂ 15 ਦਾ ਵਾਧਾ ਹੋਣ ਮੌਕੇ ਠੇਕਾ ਅਧਾਰਿਤ ਸੇਵਾ ਨੂੰ ਵੀ ਯੋਗ ਮੰਨਣ ਦਾ ਸਪੱਸ਼ਟੀਕਰਨ ਜ਼ਾਰੀ ਕਰਨ, ਸਿੱਧੀ ਭਰਤੀ ਸਕੂਲ ਮੁਖੀਆਂ ਅਤੇ ਲੈਕਚਰਾਂਰਾਂ ਨੂੰ ਉਚੇਰੀ ਜ਼ਿੰਮੇਵਾਰੀ ਇੰਕਰੀਮੈਂਟ ਦੇਣ, ਭ੍ਰਿਸ਼ਟਾਚਾਰ ਅਤੇ ਬੇਨਿਯਮੀਆਂ ਲਈ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਡੀ ਟੀ ਐੱਫ ਦੇ ਆਗੂਆਂ ਜਗਪਾਲ ਬੰਗੀ, ਬੇਅੰਤ ਸਿੰਘ ਫੂਲੇਵਾਲਾ, ਜਸਵਿੰਦਰ ਔਜਲਾ, ਹਰਜਿੰਦਰ ਸਿੰਘ, ਪਵਨ ਕੁਮਾਰ ਮੁਕਤਸਰ, ਹਰਵਿੰਦਰ ਅੱਲੂਵਾਲ, ਪ੍ਰਕਾਸ਼ ਰਾਮ ਫਾਜ਼ਿਲਕਾ, ਚਰਨਜੀਤ ਸਿੰਘ ਅੰਮ੍ਰਿਤਸਰ, ਅਮਰੀਕ ਸਿੰਘ ਮੋਹਾਲੀ, ਗਿਆਨ ਚੰਦ, ਪਰਮਿੰਦਰ ਸਿੰਘ ਮਾਨਸਾ, ਪ੍ਰਤਾਪ ਸਿੰਘ ਠੱਠਗੜ੍ਹ, ਪ੍ਰਿੰਸੀਪਲ ਲਖਵਿੰਦਰ ਸਿੰਘ ਜੋਸੀਲ ਤਿਵਾੜੀ, ਜਸਵੀਰ ਸਿੰਘ ਜਲੰਧਰ ਤੋਂ ਇਲਾਵਾ 4161 ਦੇ ਸੂਬਾ ਆਗੂ ਬਲਕਾਰ ਸਿੰਘ, ਈ ਟੀ ਟੀ 5994 ਦੇ ਸੂਬਾ ਪ੍ਰਧਾਨ ਬਲਿਹਾਰ ਸਿੰਘ ਨੇ ਵੀ ਸੰਬੋਧਨ ਕੀਤਾ। ਡੀ ਟੀ ਐੱਫ ਵੱਲੋਂ ਈ ਟੀ ਟੀ 5994 ਅਤੇ 1158 ਸਹਾਇਕ ਪ੍ਰੋਫੈਸਰ, ਲਾਇਬਰੇਰੀਅਨ ਦੇ ਚੱਲ ਰਹੇ ਪੱਕੇ ਧਰਨੇ ਵਿੱਚ ਸ਼ਮੂਲੀਅਤ ਕੀਤੀ ਗਈ।




# ਜੱਸਾ ਨਾਹਰ ਸ਼੍ਰੋਮਣੀ ਰੰਘਰੇਟਾ ਦਲ ਟਕਸਾਲੀ ਦੇ ਸ਼ਹਿਰੀ ਪ੍ਰਧਾਨ ਬਣੇ

**ਸ਼ਾਹਕੋਟ (ਗਿਆਨ ਸੈਦਪੁਰੀ)**

ਭਗਵਾਨ ਵਾਲਮੀਕਿ ਮੰਦਰ ਸਲੈਚਾਂ ਰੋਡ ਸ਼ਾਹਕੋਟ ਵਿਖੇ ਸ਼੍ਰੋਮਣੀ ਰੰਘਰੇਟਾ ਦਲ (ਟਕਸਾਲੀ) ਦੀ ਵਿਸ਼ੇਸ਼ ਮੀਟਿੰਗ ਸੂਬਾ ਪ੍ਰਧਾਨ ਅਮਰਜੀਤ ਸਿੰਘ ਈਦਾ ਦੀ ਅਗਵਾਈ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਮਾਜ ਦੀ ਤਰੱਕੀ ਲਈ ਨੌਜਵਾਨਾਂ ਦਾ ਅੱਗੇ ਆਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਸਾਨੂੰ ਡਾ. ਭੀਮ ਰਾਓ ਅੰਬੇਡਕਰ ਨੇ ਵੋਟ ਦੀ ਤਾਕਤ ਦਿੱਤੀ ਹੈ। ਉਨ੍ਹਾਂ ਵੱਲੋਂ ਦਿੱਤੇ ਨਾਅਰੇ 'ਪੜ੍ਹੋ, ਜੁੜੋ ਤੇ ਸੰਘਰਸ਼ ਕਰੋ' 'ਤੇ ਪਹਿਰਾ ਦੇਣ ਦੀ ਲੋੜ ਹੈ ਤਾਂ ਜੋ ਸਮਾਜ ਦੀ ਬਿਹਤਰੀ ਹੋ ਸਕੇ। ਇਸ ਮੌਕੇ ਸ਼੍ਰੋਮਣੀ ਰੰਘਰੇਟਾ ਦਲ (ਟਕਸਾਲੀ) ਸ਼ਾਹਕੋਟ ਸ਼ਹਿਰ ਦੀਆਂ ਨਵੀਆਂ ਅਹੁਦੇਦਾਰੀਆਂ ਦਿੱਤੀਆਂ ਗਈਆਂ। ਜਿਸ ਵਿੱਚ ਜੱਸਾ ਨਾਹਰ ਸ਼ਹਿਰੀ ਪ੍ਰਧਾਨ, ਰਵੀ ਸਹੋਤਾ ਸੀਨੀਅਰ ਵਾਈਸ ਪ੍ਰਧਾਨ, ਰਾਜਾ ਨਾਹਰ ਤਹਿਸੀਲ ਪ੍ਰਧਾਨ, ਸੰਦੀਪ ਸਿੱਧੂ ਜਨਰਲ ਸਕੱਤਰ ਅਤੇ ਸਲੀਮ ਨੂੰ ਵਾਈਸ ਪ੍ਰਧਾਨ ਬਣਾਇਆ ਗਿਆ। ਮੀਟਿੰਗ ਦੌਰਾਨ ਪਵਨ ਮੀਏਂਵਾਲ ਸੂਬਾ ਵਾਈਸ ਪ੍ਰਧਾਨ ਅਤੇ ਗੁਰਪ੍ਰੀਤ ਯਾਹਮਾ ਵਾਈਸ ਪ੍ਰਧਾਨ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵੀਰ ਸਿੰਘ ਕਪੂਰਥਲਾ ਸੇਵਾ ਮੁਕਤ ਡੀ. ਐਸ. ਪੀ. ਸੂਬਾ ਵਾਈਸ ਪ੍ਰਧਾਨ ਸ਼੍ਰੋਮਣੀ ਰੰਘਰੇਟਾ ਦਲ (ਟਕਸਾਲੀ), ਨਿਰਮਲ ਸਿੰਘ ਬਲਾਕ ਪ੍ਰਧਾਨ ਸ਼੍ਰੋਮਣੀ ਰੰਘਰੇਟਾ ਦਲ (ਟਕਸਾਲੀ), ਅਮਰੀਕ ਸਿੰਘ ਫਤਿਹਪੁਰ, ਹਰਪ੍ਰੀਤ ਸਿੰਘ ਗੋਪੀ ਤਲਵੰਡੀ ਭਰੋ, ਅਰੋੜਾ ਮਹਾਂ ਸਭਾ ਸ਼ਾਹਕੋਟ ਦੇ ਪ੍ਰਧਾਨ ਬੰਟੀ ਬਠੱਲਾ, ਤਾਰੀ ਗਿੱਲ ਨੰਬਰਦਾਰ, ਲਵ ਸਹੋਤਾ ਪ੍ਰਧਾਨ ਲਵ ਕੁਸ਼ ਮਹਾਂ ਸਭਾ ਸ਼ਾਹਕੋਟ, ਜੈ ਕੁਮਾਰ, ਕੁਮਾਰ ਨਾਹਰ, ਐਡਵਨ ਮੈਂਬਰ ਪੰਚਾਇਤ, ਸਟੀਫਨ ਸਿੱਧੂ, ਸਨੀ ਥਾਪਰ, ਸ਼ਿੰਦਾ ਬੜੈਚ, ਸਮਨਦੀਪ ਸਿੰਘ ਕਿਲੀ, ਰਵੀ ਸੱਬਰਵਾਲ, ਅਕੁੰਸ਼ ਸਹੋਤਾ, ਅਰਸ਼ ਨਾਹਰ, ਅਵਿਨਾਸ਼ ਨਾਹਰ ਆਦਿ ਮੌਜੂਦ ਸਨ।



# ਮਾਨ ਸਰਕਾਰ ਆਮ ਲੋਕਾਂ ਦੀਆਂ ਇੱਛਾਵਾਂ ਦਾ ਸਨਮਾਨ ਕਰਨ ਲਈ ਵਚਨਬੱਧ : ਰੰਧਾਵਾ

**ਮੋਹਾਲੀ, (ਗੁਰਜੀਤ ਬਿੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਪੰਜਾਬ ਦੇ ਲੋਕਾਂ ਦੀਆਂ ਇਛਾਵਾਂ ਦਾ ਸਨਮਾਨ ਕਰਨ ਲਈ ਵਚਨਬੱਧ ਹੈ ਅਤੇ ਪੰਜਾਬ ਭਰ ਵਿੱਚ 'ਆਪ ਦੀ ਸਰਕਾਰ ਆਪ ਦੇ ਦਵਾਰ' ਮੁਹਿੰਮ ਤਹਿਤ ਰੋਜਾਨਾ ਲੱਗ ਰਹੇ ਕੈਂਪ ਸਰਕਾਰ ਦੀ ਲੋਕਾਂ ਪ੍ਰਤੀ ਉਸੇ ਵਚਨਬੱਧਤਾ ਅਤੇ ਸੁਹਿਰਦਤਾ ਦਾ ਪ੍ਰਤੀਕ ਹੈ। ਡੇਰਾਬਸੀ ਸਬ ਡਵੀਜਨ ਦੇ ਵਾਰਡ ਨੰ: 15 ਜ਼ੀਰਕਪੁਰ, ਅਮਲਾਲਾ, ਰਾਮਗੜ੍ਹ ਰੁੜਕੀ ਅਤੇ ਬੇਹੜਾ 'ਚ ਲਾਏ ਕੈਂਪਾਂ 'ਚ ਵੱਡੀ ਗਿਣਤੀ ਵਿੱਚ ਆਏ ਲੋਕਾਂ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਹਿੱਤ ਸ਼ਮੂਲੀਅਤ ਕਰਨ ਉਪਰੰਤ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਵਲੋਂ ਲੋਕਾਂ ਵਾਸਤੇ ਰੋਜਾਨਾ ਲਏ ਜਾ ਰਹੇ ਇਤਿਹਾਸਕ ਫੈਸਲਿਆਂ ਦੀ ਲੜੀ 'ਚ 'ਆਪ ਦੀ ਸਰਕਾਰ ਆਪ ਦੇ ਦਵਾਰ' ਤਹਿਤ ਲਗਾਏ ਗਏ ਕੈਂਪਾਂ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲ ਰਹੀ ਹੈ। ਲੋਕਾਂ ਵੱਲੋਂ ਇੱਕੋ ਛੱਤ ਥੱਲ੍ਹੇ ਮਿਲ ਰਹੀਆਂ ਇਨ੍ਹਾਂ ਸਰਕਾਰੀ ਸੇਵਾਵਾਂ ਦਾ ਵੱਡੇ ਪੱਧਰ 'ਤੇ ਲਾਭ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਾਰਡ ਨੰ: 15 ਜ਼ੀਰਕਪੁਰ, ਅਮਲਾਲਾ, ਰਾਮਗੜ੍ਹ ਰੁੜਕੀ ਅਤੇ ਬੇਹੜਾ ਵਿਖੇ ਲਗੇ ਕੈਂਪਾਂ ਮੌਕੇ 'ਤੇ ਪਹੁੰਚ ਕੇ ਖੁਦ ਲੋਕਾ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਅਧਿਕਾਰੀਆਂ ਨੂੰ ਮੌਕੇ ਹੀ ਹੱਲ ਕਰਵਾਉਣ ਲਈ ਆਖਿਆ।

# ਨਡਾਲੋਂ 'ਚ ਬਸੰਤ ਪੰਚਮੀ ਤੇ ਮੂਰਤੀ ਸਥਾਪਨਾ ਦਿਵਸ ਨੂੰ ਸਮਰਪਤ ਧਾਰਮਿਕ ਸਮਾਗਮ





**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਨਡਾਲੋਂ ਵਿਖੇ ਸ੍ਰੀ ਰਾਮ ਮੰਦਰ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰੂ ਬਾਬਾ ਧਿਆਨ ਦਾਸ ਮਹਾਰਾਜ ਦੀ ਕਿਰਪਾ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਸੰਤ ਪੰਚਮੀ ਦਾ ਤਿਉਹਾਰ ਅਤੇ ਮੂਰਤੀ ਸਥਾਪਨਾ ਦਿਵਸ ਮੌਕੇ ਧਾਰਮਿਕ ਸਮਾਗਮ ਮੰਦਰ ਦੇ ਮੁੱਖ ਸੇਵਾਦਾਰ ਮਹੰਤ ਚਤੁਰਭੁਜ ਦਾਸ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਗੋਪੀ ਪਰਮਾਰ ਨੇ ਦੱਸਿਆ ਕਿ ਸ੍ਰੀ ਰਮਾਇਣ ਦੇ ਪਾਠ ਭੋਗ ਪਾਏ ਗਏ। ਇਸ ਮੌਕੇ ਸਮਾਗਮ ਦੌਰਾਨ ਹਵਨ ਦੀ ਪੂਜਾ ਆਹੂਤੀ ਹਾਜ਼ਰ ਸੰਗਤਾਂ ਵੱਲੋਂ ਪਾਈ ਗਈ। ਉਨ੍ਹਾਂ ਦੱਸਿਆ ਕਿ ਧਾਰਮਿਕ ਸਮਾਗਮ ਦੌਰਾਨ ਪੰਜਾਬ ਦੇ ਪ੍ਰਸਿੱਧ ਭਜਨ ਮੰਡਲੀਆਂ ਨੇ ਬਾਬਾ ਦੇ ਗੁਣ ਗਾਇਨ ਕੀਤੇ ਗਏ। ਇਸ ਸਮਾਗਮ ਦੌਰਾਨ ਮਹੰਤ ਪ੍ਰੇਮ ਦਾਸ ਜਲੰਧਰ, ਮਹੰਤ ਨਾਰੈਣੀ ਗੁਰਦਾਸਪੁਰ, ਮਹੰਤ ਰਾਮ ਪ੍ਰਕਾਸ ਦਾਸ ਤਾਰਾਗੜ੍ਹ,ਮਹੰਤ ਗੁਰਦਿੱਤ ਦਾਸ ਲਸੜਾ, ਮਹੰਤ ਸ੍ਰੀ ਨਿਵਾਸ ਦਸੂਹਾ, ਮਹੰਤ ਗੰਗਾ ਦਾਸ, ਮਹੰਤ ਗੋਪਾਲ ਦਾਸ, ਮਹੰਤ ਪੁਰਸ਼ੋਤਮ ਦਾਸ, ਮਹੰਤ ਜੈ ਰਾਮ ਦਾਸ ਕਾਹਰੀ ਸਾਹਰੀ ਨੇ ਪੁੱਜ ਕੇ ਹਾਜ਼ਰੀ ਭਰੀ। ਇਸ ਮੌਕੇ ਪਰਮਜੀਤ ਸਿੰਘ ਨੰਗਲਾ ਠੰਡਲਾ, ਉਂਕਾਰ ਸਿੰਘ ਨਡਾਲੋਂ, ਮਾਸਟਰ ਗਿਆਨ ਸਿੰਘ, ਧਰਮਜੀਤ ਸਿੰਘ, ਰਣਵੀਰ ਸਿੰਘ, ਬਲਵੀਰ ਸਿੰਘ, ਮਨੋਹਰ ਸਿੰਘ ਬਿੰਜਲ, ਦੇਸ ਰਾਜ ਬਿੰਜੋ, ਹਰਮੇਸ਼ ਕੁਮਾਰ ਬਿੰਜੋ, ਅੰਕਿਤ ਕੁਮਾਰ, ਸੂਬੇਦਾਰ ਪਿਆਰਾ ਸਿੰਘ, ਗੁਰਦਿਆਲ ਸਿੰਘ ਆਦਿ ਹਾਜਰ ਸਨ। ਇਸ ਮੌਕੇ ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

# ਇੱਕ ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ 'ਚ ਸਾਬਕਾ ਕਾਨੂੰਗੋ ਗ੍ਰਿਫਤਾਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਐਸ.ਬੀ.ਐਸ.ਨਗਰ ਜ਼ਿਲ੍ਹੇ ਦੇ ਕਸਬਾ ਰਾਹੋਂ ਦੇ ਇੱਕ ਸੇਵਾਮੁਕਤ ਕਾਨੂੰਗੋ ਸੁਤੰਤਰ ਸਿੰਘ ਨੂੰ ਇੱਕ ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗਿਫਤਾਰ ਕੀਤਾ ਹੈ। ਇਹ ਪ੍ਰਗਟਾਵਾ ਕਰਦੇ ਹੋਏ ਅੱਜ ਇੱਥੇ ਰਾਜ ਵਿਜੀਲੈਂਸ ਬਿਓਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਵਿਰੁੱਧ ਇਹ ਕੇਸ ਤਹਿਸੀਲ ਨਵਾਂਸ਼ਹਿਰ ਦੇ ਪਿੰਡ ਛੋਕਰਾਂ ਦੇ ਵਸਨੀਕ ਹਰਮੇਲ ਸਿੰਘ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵਿਖੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮ ਉਸ ਦੇ ਪਰਵਾਰ ਦੀ ਜੱਦੀ ਜ਼ਮੀਨ ਦੀ ਵੰਡ ਸਬੰਧੀ ਚੱਲਦੇ ਇੱਕ ਕੇਸ ਵਿੱਚ ਮਦਦ ਕਰਨ ਬਦਲੇ ਇੱਕ ਲੱਖ ਰੁਪਏ ਦੀ ਰਿਸ਼ਵਤ ਲੈ ਚੁੱਕਾ ਹੈ ਅਤੇ ਤਹਿਸੀਲਦਾਰ ਅਤੇ ਪਟਵਾਰੀ ਦੇ ਨਾਂ ਉੱਪਰ ਹੁਣ ਇੱਕ ਲੱਖ ਰੁਪਏ ਹੋਰ ਰਿਸ਼ਵਤ ਮੰਗ ਰਿਹਾ ਹੈ। ਸ਼ਿਕਾਇਤਕਰਤਾ ਨੇ ਉਕਤ ਕਾਨੂੰਗੋ ਵੱਲੋਂ ਰਿਸ਼ਵਤ ਦੀ ਮੰਗ ਕਰਦਿਆਂ ਕੀਤੀ ਗਈ ਮੰਗ ਦੀ ਰਿਕਾਰਡਿੰਗ ਵੀ ਸਬੂਤ ਵਜੋਂ ਵਿਜੀਲੈਂਸ ਬਿਊਰੋ ਨੂੰ ਸੌਂਪ ਦਿੱਤੀ। ਇਸ ਸਬੰਧੀ ਵਿਜੀਲੈਂਸ ਰੇਂਜ ਜਲੰਧਰ ਨੇ ਸ਼ਿਕਾਇਤ ਦੀ ਪੜਤਾਲ ਕਰਕੇ ਦੋਸ਼ਾਂ ਨੂੰ ਸਹੀ ਤੇ ਦਰੁਸਤ ਪਾਇਆ ਤੇ ਇਸ ਪੜਤਾਲੀਆ ਰਿਪੋਰਟ ਦੇ ਆਧਾਰ 'ਤੇ ਉਕਤ ਮੁਲਜ਼ਮ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਓਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਮੁਕੱਦਮਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।



# ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ 'ਚ ਵਰਕਸ਼ਾਪ



**ਗੁਰਾਇਆ (ਬਿੰਦਰ ਸੁੰਮਨ)**

ਸਿੱਖਿਆ ਜੀਵਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਸਿਰਫ਼ ਵਿਦਿਆਰਥਣਾਂ ਲਈ ਹੀ ਨਹੀਂ ਸਗੋਂ ਅਧਿਆਪਕਾਂ ਲਈ ਵੀ ਸਿੱਖਿਆ ਦਾ ਹੋਣਾ ਜ਼ਰੂਰੀ ਹੈ ਤਾਂ ਜੋ ਅਧਿਆਪਕ ਵਿਦਿਆਰਥੀਆਂ ਨੂੰ ਨਵੇਂ ਤਰੀਕਿਆਂ ਨਾਲ ਪੜ੍ਹਾ ਸਕਣ। ਇਸ ਉਦੇਸ਼ ਦੀ ਪੂਰਤੀ ਲਈ ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਗੁਰਾਇਆ ਵਿਖੇ ਪ੍ਰਿੰਸੀਪਲ ਆਰਤੀ ਸੋਬਤੀ ਦੀ ਪ੍ਰਧਾਨਗੀ ਹੇਠ ਇਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਦਾ ਉਦੇਸ਼ ਕਰਮਚਾਰੀਆਂ ਨੂੰ ਵੱਖ-ਵੱਖ ਵਿੱਤੀ ਨਿਵੇਸ਼ਾਂ, ਬੱਚਤਾਂ ਅਤੇ ਇਸ ਨਾਲ ਸਬੰਧਤ ਜੋਖਮਾਂ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਹੈ। ਪ੍ਰਭਸ਼ਰਨ ਸਿੰਘ, ਸੀ ਬੀ ਐਸ ਈ ਦੇ ਇੱਕ ਤਜਰਬੇਕਾਰ ਸਰੋਤ ਨੇ ਅਮੁੱਲ ਸੇਧ ਪ੍ਰਦਾਨ ਕਰਦੇ ਹੋਏ ਸੈਸ਼ਨ ਦੀ ਅਗਵਾਈ ਕੀਤੀ। ਭਾਗੀਦਾਰਾਂ ਨੇ ਬੁੱਧੀਮਾਨ ਵਿੱਤੀ ਫੈਸਲੇ ਲੈਣ ਦੀ ਇੱਕ ਵਿਆਪਕ ਸਮਝ ਪ੍ਰਾਪਤ ਕੀਤੀ। ਵਰਕਸ਼ਾਪ ਨੇ ਇੱਕ ਮਹੱਤਵਪੂਰਨ ਪਹਿਲਕਦਮੀ ਦੀ ਨਿਸ਼ਾਨਦੇਹੀ ਕੀਤੀ ਜਿਸ ਨੇ ਸ੍ਰੀ ਹਨੂਮਤ ਦੇ ਕਰਮਚਾਰੀਆਂ ਨੂੰ ਆਪਣੇ ਵਿੱਤੀ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਲੋੜੀਂਦੇ ਗਿਆਨ ਨਾਲ ਲੈਸ ਕੀਤਾ। ਪ੍ਰਿੰਸੀਪਲ ਆਰਤੀ ਸੋਬਤੀ ਨੇ ਵਿੱਤੀ ਸਾਖਰਤਾ ਵਰਕਸ਼ਾਪ ਦੀ ਸਫਲਤਾ ਵਿੱਚ ਪਾਏ ਯੋਗਦਾਨ ਲਈ ਪ੍ਰਭਸ਼ਰਨ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ। ਪ੍ਰਭ ਸ਼ਰਨ ਨੂੰ ਮੈਡਮ ਸੋਬਤੀ ਵੱਲੋਂ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ।

# ਹਰਿਆਣਾ ਦੇ ਵਿਦਿਆਰਥੀਆਂ ਨੇ ਸਿੱਕਮ 'ਚ ਮਾਊਂਟ ਰੇਹਨੋਕ 'ਤੇ ਫਹਿਰਾਇਆ ਝੰਡਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਹਰਿਆਣਾ ਦੇ ਸਕੂਲ ਸਿੱਖਿਆ ਮੰਤਰੀ ਕੰਵਰ ਪਾਲ ਨੇ ਵਿਭਾਗ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਟੀਮ ਨੂੰ ਐਡਵੇਂਚਰ ਅਤੇ ਪਰਬਤਰੋਹਨ ਦੇ ਖੇਤਰ ਵਿਚ ਵਿਸ਼ਵ ਰਿਕਾਰਡ ਬਣਾ ਕੇ ਪੂਰੇ ਸੂਬੇ ਦਾ ਨਾਂਅ ਰੋਸ਼ਨ ਕਰਨ 'ਤੇ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ। ਹਰਿਆਣਾ ਸਕੂਲ ਸਿਖਿਆ ਵਿਭਾਗ ਨੇ ਬੇਸਿਕ ਮਾਊਂਟੇਨਿਯਰਿੰਗ ਕੋਰਸ-ਅਤੇ-ਰੇਹਨੋਕ ਸਿਖਰ 16500 ਫੁੱਟ ਪਰਬਤਰੋਹਨ ਮੁਹਿੰਮ 'ਚ ਹਿੱਸਾ ਲੈਣ ਲਈ 51 ਪ੍ਰਤੀਭਾਗੀਆਂ ਨੂੰ ਭੇਜਿਆ ਸੀ ਜਿਸ ਵਿਚ ਗਿਆਰ੍ਹਵੀਂ ਕਲਾਸ ਦੇ 22 ਮੁੰਡੇ ਅਤੇ 22 ਕੁੜੀਆਂ, 3 ਪੁਰਸ਼ ਅਤੇ 3 ਮਹਿਲਾ ਅਧਿਆਪਕ ਅਤੇ 1 ਕਨਟਿਨਜੇਂਟ ਲੀਡਰ ਸ਼ਾਮਲ ਸੀ। ਇਸ ਪ੍ਰੋਗ੍ਰਾਮ ਦਾ ਪ੍ਰਬੰਧ ਰੱਖਿਆ ਮੰਤਰਾਲੇ ਭਾਰਤ ਸਰਕਾਰ ਵੱਲੋਂ ਸੰਚਾਲਿਤ ਹਿਮਾਲਯ ਪਰਬਤਰੋਹਨ ਸੰਸਥਾਨ (ਐਚ ਐਮ ਆਈ) ਦਾਰਜਲਿੰਗ (ਪੱਛਮ ਬੰਗਾਲ) ਦੇ ਸਹਿਯੋਗ ਨਾਲ ਸਿੱਕਿਮ ਖੇਤਰ ਵਿਚ ਕੀਤਾ ਗਿਆ ਸੀ। ਹਰਿਆਣਾ ਭਾਰਤ ਦਾ ਇਕਲੌਤਾ ਸੂਬਾ ਹੈ, ਜਿੱਥੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਵਿਭਾਗ ਦੇ ਪੱਧਰ 'ਤੇ ਪਰਵਤਰੋਹਨ ਮੁਹਿੰਮ ਪ੍ਰਬੰਧਿਤ ਕੀਤੀ ਜਾਂਦੀ ਹੈ।

# ਬਲੱਡ ਬੈਂਕ ਦੇ ਹੈਰੀਟੇਜ ਹੱਬ ਵਿਖੇ ਕਰਵਾਇਆ ਬਸੰਤ ਮਹਾਂਉਤਸਵ ਨੂੰ ਸਮਰਪਿਤ ਸਮਾਗਮ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਸਥਾਨਕ ਗੁਰੂ ਹਰਗੋਬਿੰਦ ਨਗਰ ਸਥਿਤ ਹੈਰੀਟੇਜ ਹੱਬ ਵਿਖੇ ਬਸੰਤ ਮਹਾਉਤਸਵ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਮਲਕੀਅਤ ਸਿੰਘ ਰਘਬੋਤਰਾ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਦੀ ਆਰੰਭਤਾ ਮੁੱਖ ਮਹਿਮਾਨ ਵਜੋਂ ਪਹੁੰਚੀ ਫਾਈਨ ਆਰਟਸ ਮਾਹਿਰ ਨੀਰੂ ਗਰੋਵਰ ਨੇ ਸੰਗੀਤ, ਕਲਾ ਤੇ ਗਿਆਨ ਦੀ ਦੇਵੀ ਸਰਸਵਤੀ ਦੀ ਪੂਜਾ ਉਪਰੰਤ ਸ਼ਮਾ ਰੌਸ਼ਨ ਕਰਕੇ ਕੀਤੀ। ਉਨ੍ਹਾਂ ਨਾਲ ਸਮਾਜ ਸੇਵਿਕਾ ਪ੍ਰਿਤਪਾਲ ਕੌਰ ਤੁਲੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਦੌਰਾਨ ਫੂਡ ਸਪਲਾਈ ਵਿਭਾਗ ਦੇ ਸਾਬਕਾ ਇੰਸਪੈਕਟਰ ਕ੍ਰਿਸ਼ਨ ਕੁਮਾਰ ਨੇ ਦੱਸਿਆ ਕਿ ਬਸੰਤ ਤਿਉਹਾਰ ਨੂੰ ਸੰਗੀਤ, ਕਲਾ ਅਤੇ ਗਿਆਨ ਦੀ ਦੇਵੀ ਮਾਂ ਸਰਸਵਤੀ ਦੇ ਜਨਮ ਦਿਨ ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਸ਼ਾਸਤਰਾਂ ਅਨੁਸਾਰ ਇਸ ਦਿਨ ਮਾਂ ਸਰਸਵਤੀ ਦੀ ਪੂਜਾ ਦਾ ਵਿਸ਼ੇਸ਼ ਮਹੱਤਵ ਹੈ। ਇਸ ਮੌਕੇ ਸੰਬੋਧਨ ਕਰਦਿਆਂ ਰਜਿੰਦਰ ਕੁਮਾਰ ਸਾਹਨੀ ਨੇ ਕਿਹਾ ਕਿ ਇਸ ਦਿਨ ਨਾਮਧਾਰੀ ਸੰਪਰਦਾ ਦੇ ਬਾਨੀ ਸਤਿਗੁਰੂ ਰਾਮ ਸਿੰਘ ਦਾ ਪ੍ਰਕਾਸ਼ ਪੁਰਬ ਵੀ ਹੁੰਦਾ ਹੈ। ਵੀਰ ਹਕੀਕਤ ਰਾਏ ਅੱਜ ਦੇ ਦਿਨ ਲਾਹੌਰ ਵਿੱਚ ਸਿਰਫ਼ ਚੌਦਾਂ ਸਾਲ ਦੀ ਉਮਰ ਵਿੱਚ ਸ਼ਹੀਦ ਕਰ ਦਿੱਤੇ ਗਏ ਸਨ, ਕਿਉਂਕਿ ਉਨ੍ਹਾਂ ਨੇ ਮੁਗ਼ਲ ਸ਼ਾਸਕਾਂ ਅੱਗੇ ਆਪਣਾ ਧਰਮ ਬਦਲਣ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਅੱਜ ਵੀ ਲਾਹੌਰ (ਪਾਕਿਸਤਾਨ) ਵਿੱਚ ਉਨ੍ਹਾਂ ਦੀ ਸਮਾਧ 'ਤੇ ਭਾਰੀ ਮੇਲਾ ਲੱਗਦਾ ਹੈ ਅਤੇ ਪਤੰਗਬਾਜ਼ੀ ਹੁੰਦੀ ਹੈ। ਪ੍ਰਿਤਪਾਲ ਕੌਰ ਤੁਲੀ ਨੇ ਪਤੰਗ ਉਡਾਉਣ ਵਿੱਚ ਚਾਈਨਾ ਡੋਰ ਦੀ ਵਰਤੋਂ ਨਾ ਕਰਨ ਦਾ ਸੁਨੇਹਾ ਦਿੱਤਾ। ਇਸ ਦੌਰਾਨ ਸਵਾਗਤ ਡਾਂਸ ਸਟੂਡੀਓ ਗੁਰੂ ਹਰਗੋਬਿੰਦ ਨਗਰ ਦੇ ਬੱਚਿਆਂ ਨੇ ਖੂਬਸੂਰਤ ਡਾਂਸ ਪੇਸ਼ ਕਰਕੇ ਮਾਂ ਸਰਸਵਤੀ ਦਾ ਆਸ਼ੀਰਵਾਦ ਲਿਆ। ਅੰਤ ਵਿੱਚ ਪੀਲੇ ਰੰਗ ਦੇ ਚੌਲਾਂ ਦਾ ਪ੍ਰਸ਼ਾਦ ਅਤੇ ਮਠਿਆਈਆਂ ਵੰਡੀਆਂ ਗਈਆਂ। ਮਲਕੀਅਤ ਸਿੰਘ ਰਘਬੋਤਰਾ ਨੇ ਸਾਰਿਆਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਸਮਾਜ ਸੇਵਕ ਮੋਹਨ ਲਾਲ ਤਨੇਜਾ, ਰੂਪ ਲਾਲ, ਸੁਧੀਰ ਸ਼ਰਮਾ, ਗੁਲਸ਼ਨ ਕਪੂਰ, ਰਮਨ ਨਹਿਰਾ, ਰਾਮ ਸ਼ਰਨ ਚੱਢਾ ਆਦਿ ਹਾਜ਼ਰ ਸਨ।



# ਸਾਢੇ ਨੌ ਸਾਲਾਂ ਤੋਂ ਹਰਿਆਣਾ ਨੇ ਲਿੰਗਾਨੁਪਾਤ 'ਚ ਕੀਤਾ ਵਰਨਣਯੋਗ ਸੁਧਾਰ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** - ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ 22 ਜਨਵਰੀ, 2015 ਨੂੰ ਪਾਣੀਪਤ ਤੋਂ ਸ਼ੁਰੂ ਕੀਤੇ ਗਏ ਰਾਸ਼ਟਰ ਵਿਆਪੀ ਮੁਹਿੰਮ ਨੂੰ ਹਰਿਆਣਾ ਨੇ ਸਰਕਾਰੀ ਯਤਨਾਂ ਦੇ ਨਾਲ-ਨਾਲ ਸਮਾਜਿਕ ਸੰਗਠਨਾਂ ਤੇ ਖਾਪ ਪੰਚਾਇਤਾਂ ਦੇ ਸਹਿਯੋਗ ਨਾਲ ਸਫਲ ਬਣਾਇਆ ਹੈ, ਜਿਸ ਦੇ ਫਲਸਰੂਪ ਸੂਬੇ ਦਾ ਲਿੰਗਨੁਪਾਤ ਸੁਧਰ ਕੇ 1000 ਮੁੰਡਿਆਂ ਦੇ ਪਿੱਛੇ 916 ਕੁੜੀਆਂ ਦਾ ਦਰਜ ਕੀਤਾ ਗਿਆ ਹੈ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਜੀ ਅਨੁਪਮਾ ਨੇ ਚੰਡੀਗੜ੍ਹ ਵਿਚ ਬੇਟੀ ਬਚਾਓ-ਬੇਟੀ ਪੜ੍ਹਾਓ ਤੇ ਰਾਜ ਪੱਧਰੀ ਹਿਤਧਾਰਕਾਂ ਦੀ ਮੀਟਿੰਗ ਦੀ ਅਗਵਾਈ ਕੀਤੀ। ਮੀਟਿੰਗ ਵਿੱਚ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਹਰਿਆਣਾ ਦੀ ਕਮਿਸ਼ਨਰ ਅਤੇ ਸਕੱਤਰ ਅਮਨੀਤ ਪੀ ਕੁਮਾਰ ਵੀ ਮੌਜੂਦ ਸੀ। ਮੀਟਿੰਗ ਵਿਚ ਦਸਿਆ ਗਿਆ ਕਿ ਪ੍ਰਧਾਨ ਮੰਤਰੀ ਵੱਲੋਂ ਪਾਣੀਪਤ, ਹਰਿਆਣਾ ਤੋਂ ਇਸ ਆਦਰਸ਼ ਵਾਕ ਦੇ ਨਾਲ ਲਾਂਚ ਕੀਤਾ ਗਿਆ ਸੀ ਸਾਨੂੰ ਕੁੜੀਆਂ ਨੂੰ ਮਾਰਨ ਦਾ ਅਧਿਕਾਰ ਨਹੀਂ ਹੈ ਅਤੇ ਸਾਡਾ ਮੰਤਰ ਬੇਟਾ ਬੇਟੀ ਇਕ ਸਮਾਨ ਹੋਣਾ ਚਾਹੀਦਾ ਹੈ, ਜਿਸ ਨੂੰ ਹਰਿਆਣਾ ਨੇ ਸਫਲ ਕੀਤਾ ਹੈ।

# ਬੈਂਸ 'ਚ 25 ਨੂੰ ਅੱਖਾਂ ਦਾ ਮੁਫ਼ਤ ਅਪ੍ਰੇਸ਼ਨ ਕੈਂਪ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਵਲੋਂ ਅੱਖਾਂ ਦਾ ਮੁਫ਼ਤ ਆਪ੍ਰੇਸ਼ਨ ਕੈਂਪ ਪਿੰਡ ਬੈਂਸ ਵਿਖੇ 25 ਫਰਵਰੀ ਨੂੰ ਗੁਰਦੁਆਰਾ ਗੁਰੂ ਰਵਿਦਾਸ ਜੀ ਵਿਖੇ ਲਗਾਇਆ ਜਾਵੇਗਾ। ਇਹ ਜਾਣਕਾਰੀ ਸਾਂਝੀ ਕਰਦਿਆਂ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਇਹ ਕੈਂਪ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਫਾਊਂਡਰ ਮੈਂਬਰ ਅਤੇ ਅਣਥੱਕ ਸੇਵਾਦਾਰ ਸਵ: ਗੁਰਦੇਵ ਸਿੰਘ ਦੀ ਯਾਦ ਨੂੰ ਸਮਰਪਤ ਹੋਵੇਗਾ। ਉਨਾਂ ਦੱਸਿਆ ਕਿ ਗੁਰਦੇਵ ਸਿੰਘ ਜੋ ਕਿ ਥੋੜ੍ਹੇ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ, ਨੇ ਆਪਣੀ ਸੁਸਾਇਟੀ ਵਲੋਂ ਉਨਾਂ ਦੀ ਨਿੱਘੀ ਯਾਦ ਨੂੰ ਸਮਰਪਤ ਉਨਾਂ ਦੇ ਜੱਦੀ ਪਿੰਡ ਬੈਂਸ ਵਿਖੇ ਅੱਖਾਂ ਦਾ ਮੁਫ਼ਤ ਆਪ੍ਰੇਸ਼ਨ ਲਗਾਉਣਾ ਉਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।ਭਾਈ ਸਰਬਜੀਤ ਸਿੰਘ ਦੀ ਸਰਪ੍ਰਸਤੀ ਹੇਠ ਅੱਖਾਂ ਦਾ ਇਹ ਮੁਫਤ ਅਪਰੇਸ਼ਨ ਕੈਂਪ ਗ੍ਰਾਮ ਪੰਚਾਇਤ ਅਤੇ ਗੁਰਦੁਆਰਾ ਗੁਰੂ ਰਵਿਦਾਸ ਜੀ ਕਮੇਟੀ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ ਜਿਸ ਦੌਰਾਨ ਅੱਖਾਂ ਦੇ ਮਾਹਰ ਡਾ. ਮਨਦੀਪ ਕੌਰ ਐਮ ਐਸ (ਆਈ) ਮਨਦੀਪ ਆਈ ਹਸਪਤਾਲ ਨਵਾਂਸ਼ਹਿਰ ਵਾਲੇ ਮਰੀਜ਼ਾਂ ਦੀ ਜਾਂਚ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 03:30 ਵਜੇ ਤੱਕ ਕਰਨਗੇ। ਜਾਂਚ ਉਪਰੰਤ ਅਪਰੇਸ਼ਨ ਯੋਗ ਮਰੀਜ਼ਾਂ ਦੇ ਅਪਰੇਸ਼ਨ ਮਨਦੀਪ ਹਸਪਤਾਲ ਨਵਾਂਸ਼ਹਿਰ ਵਿਖੇ ਬਾਅਦ ਵਿਚ ਕੀਤੇ ਜਾਣਗੇ।ਇਸ ਮੌਕੇ ਸੁਸਾਇਟੀ ਦੇ ਕੈਸ਼ੀਅਰ ਜਗਦੀਪ ਸਿੰਘ ਨੇ ਦੱਸਿਆ ਕਿ ਕੈਂਪ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਵੀ ਮੁਫ਼ਤ ਦਿੱਤੀਆਂ ਜਾਣਗੀਆਂ। ਉਨ੍ਹਾ ਇਲਾਕੇ ਦੀਆਂ ਸੰਗਤਾਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।ਇਸ ਮੌਕੇ ਬਲਵੰਤ ਸਿੰਘ ਸੋਇਤਾ, ਉੱਤਮ ਸਿੰਘ ਸੇਠੀ, ਇੰਦਰਜੀਤ ਸਿੰਘ ਬਾਹੜਾ, ਹਕੀਕਤ ਸਿੰਘ, ਕੁਲਜੀਤ ਸਿੰਘ ਖਾਲਸਾ, ਰਮਣੀਕ ਸਿੰਘ, ਪਲਵਿੰਦਰ ਸਿੰਘ ਕਰਿਆਮ, ਬਲਦੇਵ ਸਿੰਘ ਅਤੇ ਮਨਮੋਹਨ ਸਿੰਘ ਵੀ ਮੌਜੂਦ ਸਨ।

# ਸ੍ਰੀ ਗੁਰੂ ਰਵਿਦਾਸ ਪ੍ਰਕਾਸ਼ ਪੁਰਬ ਮਨਾਉਣ ਜਾ ਰਹੀਆਂ ਸੰਗਤਾਂ ਨੂੰ ਕੋਈ ਸਮੱਸਿਆ ਨਾ ਆਉਣ ਦਿੱਤੀ ਜਾਵੇ : ਮਾਹਲ

**ਫਿਲੌਰ (ਨਿਰਮਲ)**

ਬੀ ਕੇ ਯੂ ਰਾਜੇਵਾਲ ਜ਼ਿਲ੍ਹਾ ਜਲੰਧਰ ਦੇ ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ ਮਾਹਲ ਨੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਅਪੀਲ ਕੀਤੀ ਜੋ ਪਿਛਲੇ ਸਮੇਂ ਕਿਸਾਨੀ ਅੰਦੋਲਨ ਦੇ ਵਿੱਚ ਕੇਂਦਰ ਸਰਕਾਰ ਵੱਲੋਂ ਮੰਗਾਂ ਨਹੀਂ ਮੰਨੀਆਂ ਗਈਆਂ ਉਸ ਦੇ ਰੋਸ ਦੇ ਵਿੱਚ ਪੂਰੇ ਦੇਸ਼ ਦੇ ਵਿੱਚ ਧਰਨੇ ਦਿੱਤੇ ਜਾ ਰਹੇ ਹਨ। ਬਲਜੀਤ ਸਿੰਘ ਮਾਹਲ ਨੇ ਕਿਸਾਨਾਂ ਮਜ਼ਦੂਰਾਂ ਨੂੰ ਅਪੀਲ ਕੀਤੀ ਕਿਸਾਨੀ ਅੰਦੋਲਨ ਦੇ ਵਿੱਚ ਵੱਧ ਤੋਂ ਵੱਧ ਪਹੁੰਚੋ ਤਾਂ ਜੋ ਕੇਂਦਰ ਸਰਕਾਰ ਕੋਲੋਂ ਰਹਿੰਦੀਆਂ ਆਪਣੀਆਂ ਮੰਗਾਂ ਮਨਵਾਈਆਂ ਜਾਣ। ਜੇਕਰ ਕੇਂਦਰ ਸਰਕਾਰ ਨੇ ਸਾਡੀਆਂ ਮੰਗਾਂ ਨਾ ਮੰਨੀਆਂ ਤੇ ਸਾਡਾ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਨੇ ਇਸ ਮੌਕੇ ਅਪੀਲ ਕੀਤੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਉਤਸਵ ਮਨਾਉਣ ਲਈ ਸੰਗਤਾਂ ਕਾਂਸ਼ੀ ਨੂੰ ਜਾ ਰਹੀਆਂ ਹਨ ਤੇ ਕਿਸਾਨ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਸੰਗਤਾਂ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਨਾ ਆਉਣ ਦਿੱਤੀ ਜਾਵੇ, ਕਾਂਸ਼ੀ ਨੂੰ ਜਾ ਰਹੀਆਂ ਸੰਗਤਾਂ ਨੂੰ ਗੁਰੂ ਕੇ ਅਤੁੱਟ ਲੰਗਰ ਛਕਾਏ ਜਾਣ। ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਦੀਆਂ ਦੇਸ਼ ਵਿਦੇਸ਼ ਦੀਆਂ ਸਮੂਹ ਸੰਗਤਾਂ ਨੂੰ ਭੀ ਕੇ ਯੂ ਰਾਜੇਵਾਲ ਦੀ ਸਮੂਹ ਟੀਮ ਵੱਲੋਂ ਦੇਸ਼ ਦੀਆਂ ਸੰਗਤਾਂ ਨੂੰ ਲੱਖ ਲੱਖ ਵਧਾਈਆਂ ਦਿੱਤੀਆਂ।



# ਕੈਬਨਿਟ ਮੰਤਰੀ ਜਿੰਪਾ ਨੇ ਤੀਰਥ ਯਾਤਰਾ ਸਕੀਮ ਤਹਿਤ ਬੱਸ ਨੂੰ ਦਿਖਾਈ ਹਰੀ ਝੰਡੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਅੱਜ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਗੁਰਦੁਆਰਾ ਸ੍ਰੀ ਮਿੱਠਾ ਟਿਵਾਣਾ ਤੋਂ ਸ੍ਰੀ ਤਲਵੰਡੀ ਸਾਬੋ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੀ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸਭ ਤੋਂ ਪਹਿਲਾਂ ਉਹ ਗੁਰਦੁਆਰਾ ਸਾਹਿਬ ਵਿਚ ਨਤਮਸਤਕ ਹੋਏ ਅਤੇ ਇਸ ਦੌਰਾਨ ਉਨ੍ਹਾਂ ਨੇ ਸੰਤ ਮਹਾਪੁਰਸ਼ਾਂ ਦਾ ਅਸ਼ੀਰਵਾਦ ਵੀ ਲਿਆ। ਇਸ ਮੌਕੇ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਕਮਿਸ਼ਨਰ ਨਗਰ ਨਿਗਮ ਜਿਯੋਤੀ ਬਾਲਾ ਮੱਟੂ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਆਗਿਆਪਾਲ ਸਿੰਘ ਸਾਹਨੀ, ਪ੍ਰੋ: ਬਹਾਦੁਰ ਸਿੰਘ ਸੁਨੇਤ, ਧੀਰਜ ਸ਼ਰਮਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ। ਹੁਸ਼ਿਆਰਪੁਰ ਤੋਂ ਸ੍ਰੀ ਤਲਵੰਡੀ ਸਾਬੋ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਯਾਤਰਾ ਲਈ ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕਰਨ ਮੌਕੇ ਕੈਬਨਿਟ ਮੰਤਰੀ ਜਿੰਪਾ ਨੇ ਕਿਹਾ ਕਿ ਇਸ ਸਕੀਮ ਦੇ ਸ਼ੁਰੂ ਹੋਣ ਨਾਲ ਪੰਜਾਬ ਵਾਸੀਆਂ ਨੂੰ ਦੇਸ਼ ਭਰ ਵਿਚ ਵੱਖ-ਵੱਖ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਜਾਣ ਲਈ ਸਫ਼ਰ ਵੀ ਸੁਵਿਧਾ ਮੁਫ਼ਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਯਾਤਰਾ 'ਤੇ ਜਾਣ ਵਾਲੇ ਯਾਤਰੀਆਂ ਦਾ ਖਰਚਾ ਪੰਜਾਬ ਸਰਕਾਰ ਕਰੇਗੀ, ਜਿਸ ਵਿਚ ਉਨ੍ਹਾਂ ਦੇ ਆਉਣ-ਜਾਣ, ਠਹਿਰਨ ਅਤੇ ਖਾਣ-ਪੀਣ ਦਾ ਸਾਰਾ ਖਰਚਾ ਸ਼ਾਮਲ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਸਕੀਮ ਤਹਿਤ ਲੋਕਾਂ ਨੂੰ ਵੱਖ-ਵੱਖ ਤੀਰਥ ਸਥਾਨਾਂ ਦੀ ਯਾਤਰਾ ਕਰਵਾਈ ਜਾ ਰਹੀ ਹੈ। ਉਨ੍ਹਾਂ ਯਾਤਰੀਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਵੱਧ ਉਮਰ ਅਤੇ ਆਰਥਕ ਤੰਗੀ ਕਾਰਨ ਪੰਜਾਬ ਅਤੇ ਭਾਰਤ ਦੇ ਪ੍ਰਮੁੱਖ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਤੋਂ ਵੰਚਿਤ ਲੋਕਾਂ ਲਈ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਵਰਦਾਨ ਸਿੱਧ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਦੀ ਇਸ ਵਿਸ਼ੇਸ਼ ਯੋਜਨਾ ਲਈ ਵਿੱਤੀ ਸਾਲ 2023-24 ਦੌਰਾਨ 40 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ।



# ਸਿੱਖ ਨੈਸ਼ਨਲ ਕਾਲਜ ਬੰਗਾ ਦੀਆਂ ਸਾਲਾਨਾ ਖੇਡਾਂ ਸ਼ੁਰੂ

**ਬਹਿਰਾਮ (ਅਵਤਾਰ ਕਲੇਰ)**

ਸਿੱਖ ਨੈਸ਼ਨਲ ਕਾਲਜ ਚਰਨ ਕੰਵਲ ਬੰਗਾ ਦੀਆਂ ਸਲਾਨਾ ਕਾਲਜ ਖੇਡਾਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਦੀ ਅਗਵਾਈ ਹੇਠ ਸਮੂਹ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਦੇ ਸਹਿਯੋਗ ਨਾਲ ਆਰੰਭ ਕਰਵਾਈਆਂ ਗਈਆਂ, ਜਿਨ੍ਹਾਂ ਦੇ ਉਦਘਾਟਨੀ ਸਮਾਰੋਹ 'ਤੇ ਅਮਰੀਕਾ ਨਿਵਾਸੀ ਮਨਤੇਜ ਸਿੰਘ ਢਿੱਲੋਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨਾਲ ਮੈਡਮ ਕਮਲਜੀਤ ਕੌਰ, ਪ੍ਰੋ. ਪਰਗਣ ਸਿੰਘ ਤੇ ਜਰਨੈਲ ਸਿੰਘ ਪੱਲੀ ਝਿੱਕੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਵਿਦਿਆਰਥੀਆਂ ਵਲੋਂ ਕਾਲਜ ਸ਼ਬਦ ਗਾਇਨ ਕਰਨ ਉਪਰੰਤ ਉਦਘਾਟਨੀ ਰਸਮਾਂ ਨਿਭਾਉਂਦਿਆਂ ਮੁੱਖ ਮਹਿਮਾਨ ਨੇ ਰੰਗ ਬਿਰੰਗੇ ਗੁਬਾਰੇ ਛੱਡ ਕੇ ਤੇ ਝੰਡਾ ਲਹਿਰਾ ਕੇ ਰਸਮੀ ਤੌਰ 'ਤੇ ਖੇਡਾਂ ਦਾ ਆਗਾਜ਼ ਕੀਤਾ। ਸਵਾਗਤੀ ਸ਼ਬਦ ਸਾਂਝੇ ਕਰਕੇ ਪ੍ਰਿੰ. ਡਾ. ਤਰਸੇਮ ਸਿੰਘ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਕਾਲਜ ਦੀਆਂ ਖੇਡ ਪ੍ਰਾਪਤੀਆਂ 'ਤੇ ਚਾਨਣਾ ਪਾਇਆ ਤੇ ਆਖਿਆ ਕਿ ਮਨਤੇਜ ਸਿੰਘ ਢਿੱਲੋਂ ਕਾਲਜ ਦੇ ਉਹ ਸਾਬਕਾ ਵਿਦਿਆਰਥੀ ਹਨ ਜਿਨ੍ਹਾਂ ਨੇ ਵਿਦੇਸ਼ਾਂ 'ਚ ਵੀ ਪੰਜਾਬੀਅਤ ਦੇ ਝੰਡੇ ਬੁਲੰਦ ਕਰਕੇ ਕਾਲਜ ਦਾ ਮਾਣ ਵਧਾਇਆ ਹੈ। ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਮਨਤੇਜ ਸਿੰਘ ਢਿੱਲੋਂ ਨੇ ਕਿਹਾ ਕਿ ਮੇਰੀ ਕਾਮਯਾਬੀ ਪਿੱਛੇ ਸਭ ਤੋਂ ਵੱਡਾ ਹਿੱਸਾ ਮੇਰੀ ਇਸ ਵਿੱਦਿਅਕ ਸੰਸਥਾ ਦਾ ਹੈ। ਇਸ ਮੌਕੇ ਚਾਰ ਵੱਖ-ਵੱਖ ਹਾਊਸਾਂ ਵਿੱਚ ਵੰਡੇ ਵਿਦਿਆਰਥੀਆਂ ਨੇ ਮਾਰਚ ਪਾਸਟ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ ਦੌੜ ਸੌ ਅਤੇ ਦੋ ਸੌ ਮੀਟਰ, ਲੰਬੀ ਛਾਲ, ਗੋਲਾ ਸੁੱਟਣ ਆਦਿ ਦੇ ਮੁਕਾਬਲੇ ਕਰਵਾਏ ਗਏ ਤੇ ਜੇਤੂ ਖਿਡਾਰੀਆਂ ਮੈਡਲਾਂ ਦੇ ਨਾਲ ਪ੍ਰਮਾਣ ਪੱਤਰ ਵੀ ਤਕਸੀਮ ਕੀਤੇ ਗਏ। ਭਾਗੀਦਾਰ ਵਿਦਿਆਰਥੀਆਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਵੀ ਕੀਤਾ ਗਿਆ। ਖਿਡਾਰੀਆਂ ਵਲੋਂ ਸੌਂਹ ਰਾਸ਼ਟਰੀ ਖਿਡਾਰੀ ਵਿੱਕੀ ਫਰਾਂਸਿਸ ਨੇ ਚੁੱਕੀ। ਇਸ ਮੌਕੇ ਪ੍ਰੋ. ਆਬਿਦ ਵਕਾਰ, ਪ੍ਰੋ. ਇੰਦੂ ਰੱਤੀ, ਡਾ. ਹਰਜੋਤ ਸਿੰਘ, ਹਰਜੋਤ, ਪ੍ਰੋ. ਚਰਨਜੀਤ ਕੁਮਾਰ, ਪ੍ਰੋ. ਮਨੀਸ਼ ਸੰਧੀਰ, ਪ੍ਰੋ. ਵਿਪਨ, ਪ੍ਰੋ. ਜੋਤੀ ਪ੍ਰਕਾਸ਼, ਮਨਮੰਤ ਸਿੰਘ ਲਾਇਬ੍ਰੇਰੀਅਨ, ਪਰਮਜੀਤ ਸਿੰਘ ਸੁਪ੍ਰਿੰਟੈਂਡੈਂਟ ਸਮੇਤ ਕਾਲਜ ਦਾ ਸਮੁੱਚਾ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਹਾਜ਼ਰ ਸੀ।



# ਐਸ ਡੀ ਐਮ ਨੇ ਫਿਲੌਰ ਵਿਖੇ ਲਾਏ ਵਿਸ਼ੇਸ਼ ਕੈਂਪਾਂ ਦਾ ਲਿਆ ਜਾਇਜ਼ਾ

**ਫਿਲੌਰ (ਨਿਰਮਲ)**

ਪੰਜਾਬ ਸਰਕਾਰ ਲੋਕਾਂ ਨੂੰ ਬਰੂਹਾਂ 'ਤੇ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਦੇ ਉਪਰਾਲੇ 'ਆਪ ਦੀ ਸਰਕਾਰ, ਆਪ ਦੇ ਦੁਆਰ' ਤਹਿਤ ਅੱਜ ਸਬ ਡਵੀਜ਼ਨ ਫਿਲੌਰ ਵਿਖੇ ਵੱਖ-ਵੱਖ ਥਾਈਂ ਲਾਏ ਗਏ ਵਿਸ਼ੇਸ਼ ਕੈਂਪਾਂ ਦਾ ਉਪ ਮੰਡਲ ਮੈਜਿਸਟ੍ਰੇਟ ਅਮਨਪਾਲ ਸਿੰਘ ਨੇ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਉਨ੍ਹਾਂ ਨੂੰ ਜਲਦ ਤੋਂ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕੈਂਪਾਂ ਵਿੱਚ ਮੌਜੂਦ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕੈਂਪਾਂ ਵਿੱਚ ਸਰਕਾਰੀ ਸੇਵਾਵਾਂ ਸਬੰਧੀ ਪ੍ਰਾਪਤ ਦਰਖਾਸਤਾਂ ਦਾ ਸਮਾਂਬੱਧ ਢੰਗ ਨਾਲ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਕੈਂਪਾਂ ਵਿੱਚ ਆਉਣ ਵਾਲੇ ਬਿਨੈਕਾਰਾਂ ਨੂੰ ਸੇਵਾਵਾਂ ਪ੍ਰਾਪਤ ਕਰਨ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ। ਲੋਕਾਂ ਨੂੰ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕਰਦਿਆਂ ਐਸ.ਡੀ.ਐਮ. ਨੇ ਦੱਸਿਆ ਕਿ 'ਆਪ ਦੀ ਸਰਕਾਰ, ਆਪ ਦੇ ਦੁਆਰ' ਉਪਰਾਲੇ ਤਹਿਤ 19 ਫਰਵਰੀ ਨੂੰ ਸਬ ਡਵੀਜ਼ਨ ਫਿਲੌਰ ਵਿਖੇ 9 ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਸ਼ਾਮਲ ਹੋ ਕੇ ਲੋਕ ਜਨਮ ਸਰਟੀਫਿਕੇਟ, ਆਮਦਨ ਸਰਟੀਫਿਕੇਟ, ਵਜ਼ੀਫੇ, ਰਿਹਾਇਸ਼ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਪੈਨਸ਼ਨ ਆਦਿ ਸਮੇਤ 44 ਤਰ੍ਹਾਂ ਦੀਆਂ ਸਰਕਾਰੀ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਪੰਜਾਬ ਸਰਕਾਰ ਦੀ ਇਸ ਲੋਕ ਪੱਖੀ ਪਹਿਲਕਦਮੀ ਤਹਿਤ ਅੱਜ ਜ਼ਿਲ੍ਹੇ ਭਰ ਵਿੱਚ 33 ਵਿਸ਼ੇਸ਼ ਕੈਂਪ ਲਗਾਏ ਗਏ, ਜਿਨ੍ਹਾਂ ਵਿੱਚ ਸਬ ਡਵੀਜ਼ਨ ਜਲੰਧਰ-1, ਜਲੰਧਰ-2, ਆਦਮਪੁਰ ਅਤੇ ਨਕੋਦਰ ਵਿਖੇ 4-4, ਫਿਲੌਰ ਵਿਖੇ 11 ਅਤੇ ਸ਼ਾਹਕੋਟ ਸਬ ਡਵੀਜ਼ਨ ਵਿਖੇ 6 ਕੈਂਪ ਸ਼ਾਮਲ ਹਨ। ਸ਼ਨੀਵਾਰ ਨੂੰ ਪਿੰਡ ਪੱਤੀ ਕਮਾਲਪੁਰ, ਵਾਰਡ ਨੰ.7, 8 ਫਿਲੌਰ, ਦਾਨੇਵਾਲ, ਬੁੱਢਣਵਾਲ, ਸਾਬੂਵਾਲ, ਚੱਕ ਹਥਿਆਣਾ, ਹਾਜੀਪੁਰ, ਜਮਸ਼ੇਰ, ਦਸਮੇਸ਼ ਨਗਰ ਫਿਲੌਰ, ਹਰੀਪੁਰ ਖਾਲਸਾ, ਬੜਾ ਪਿੰਡ, ਪੱਤੀ ਮਸੰਦਪੁਰ, ਭੰਗਾਲਾ, ਬਤੂਰਾ, ਕਿਸ਼ਨਗੜ੍ਹ, ਦੌਲਤਪੁਰ, ਮਨਸੂਰਪੁਰ, ਧੀਰੋਵਾਲ, ਅਬਾਦੀ ਦਾਦੂਵਾਲ, ਬੁਲੰਦਪੁਰ, ਰੰਧਾਵਾ ਮਸੰਦਾ ਤੇ ਗਦਈਪੁਰ, ਮੋਖੇ, ਕਾਲਾ ਬਾਹੀਆ, ਬਾਲ ਕੋਹਨਾ, ਸਿੰਘਪੁਰ, ਬਿਟਲਾਂ, ਬੀੜ ਪਿੰਡ, ਮੇਨ ਬਾਜ਼ਾਰ ਬਸਤੀ ਗੁਜ਼ਾਂ, ਵਾਰਡ ਨੰ. 20, 55 ਜਲੰਧਰ ਅਤੇ ਖੁਸਰੋਪੁਰ ਵਿਖੇ ਕੈਂਪ ਲਾ ਕੇ ਵੱਡੀ ਗਿਣਤੀ ਲੋਕਾਂ ਨੂੰ ਨਾਗਰਿਕ ਸੇਵਾਵਾਂ ਦਾ ਲਾਭ ਦਿੱਤਾ ਗਿਆ।



# ਜੇ ਈ ਈ ਮੇਨਸ 'ਚ 'ਹਿਜ ਐਕਸੀਲੈਂਟ' ਦੇ ਨਾਨ-ਮੈਡੀਕਲ ਵਿੰਗ ਦਾ ਸ਼ਾਨਦਾਰ ਪ੍ਰਦਰਸ਼ਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ ਦੇ ਪ੍ਰਸਿੱਧ ਕੋਚਿੰਗ ਸੈਂਟਰ ਐਕਸੀਲੈਂਟ ਦੇ ਬੱਚਿਆਂ ਨੇ ਜੇ ਈ ਈ ਮੇਨਸ ਪੇਪਰ 'ਚ ਸ਼ਾਨਦਾਰ ਨਤੀਜੇ ਦਿੱਤੇ ਹਨ। ਇਸ ਦੇ ਪਿੱਛੇ ਹਿਜ਼ ਦੇ ਅਧਿਆਪਕ, ਵਿਦਿਆਰਥੀਆਂ ਦੀ ਮਿਹਨਤ ਅਤੇ ਉਨ੍ਹਾਂ ਦੇ ਮਾਤਾ-ਪਿਤਾ ਦਾ ਪੂਰਾ ਸਹਿਯੋਗ ਹੈ। ਇਸ ਮੌਕੇ ਨਾਨ ਮੈਡੀਕਲ ਵਿੰਗ ਅਤੇ ਕੰਪੀਟੀਸ਼ਨ ਵਿੰਗ ਦੇ ਪ੍ਰਮੁੱਖ ਕੇ.ਗਣੇਸ਼ਨ ਨੇ ਦੱਸਿਆ ਕਿ ਵਿਦਿਆਰਥੀਆਂ ਦੀ ਕੰਪੀਟੀਸ਼ਨ ਦੀ ਤਿਆਰੀ 11ਵੀਂ ਤੋਂ ਹੀ ਸ਼ੁਰੂ ਜਾਂਦੀ ਹੈ ਅਤੇ ਇਹ ਖੁਦ ਚੰਡੀਗੜ੍ਹ ਤੋਂ ਤਿਆਰੀ ਕਰਵਾਉਂਦੇ ਹਨ। ਇਸ ਲਈ ਵਿਦਿਆਰਥੀਆਂ ਨੂੰ ਉੱਚ ਪੱਧਰ ਦੇ ਨੋਟਿਸ ਅਤੇ ਤਕਨੀਕਾਂ ਤੋਂ 11ਵੀਂ ਤੋਂ ਹੀ ਰੁਬਰੂ ਕਰਵਾ ਦਿੱਤਾ ਜਾਂਦਾ ਹੈ। ਇਸ ਮੌਕੇ ਡਾ.ਆਸ਼ੀਸ਼ ਸਰੀਨ ਨੇ ਦੱਸਿਆ ਕਿ ਸੌਰਵ ਸ਼ਰਮਾ ਨੇ 96.43, ਨਲਿਨ 94.88, ਨੇਹਾ 93.39, ਯਗਨਿਕ 89.92, ਤੀਕਸ਼ਾ 89.1, ਅਭਿਸ਼ੇਕ ਭੱਟੀ 88.77 ਅਤੇ ਅਮਨ ਨੇ 82.65 ਪਰਸੇਂਟਾਈਲ ਲੈ ਕੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਨੇ ਕਿਹਾ ਅਸੀਂ ਫਾਈਵ-ਸੀ ਮਾਡਲ ਅਪਣਾਇਆ ਹੈ। ਇਸ 'ਚ ਕਨੈਕਟ, ਕਾਊਂਸਲਿੰਗ, ਕਾਸਟੈਂਟ ਮੋਟੀਵੇਸ਼ਨ, ਕਿਊਰਿਓਸਿਟੀ ਅਤੇ ਕ੍ਰਿਏਟਿਵ ਥਿੰਕਿੰਗ ਸ਼ਾਮਲ ਹੈ। ਇਸ ਮੌਕੇ ਤੇ ਡਾ.ਸਰੀਨ ਨੇ ਦੱਸਿਆ ਕਿ ਭਵਿੱਖ ਵਿੱਚ ਵੀ 'ਹਿਜ਼' ਇਸ ਤਰ੍ਹਾਂ ਦੇ ਉਤਸ਼ਾਹ ਦੇਣ ਵਾਲੇ ਨਤੀਜੇ ਦਿੰਦਾ ਰਹੇਗਾ।

# ਮਾਨਸਿਕ ਤਣਾਅ ਤੇ ਨਸ਼ਿਆਂ ਤੋਂ ਬਚਾਅ ਸੰਬੰਧੀ ਭਾਸ਼ਣ ਮੁਕਾਬਲਾ




**ਸੁਲਤਾਨਪੁਰ ਲੋਧੀ, (ਹਨੀ)**

ਗੁਰੂ ਨਾਨਕ ਖਾਲਸਾ ਕਾਲਜ ਵਿਖੇ ਰੈੱਡ ਰੀਬਨ ਕਲੱਬ ਵੱਲੋਂ ਪ੍ਰੋਗਰਾਮ ਅਫਸਰ ਡਾ. ਮਨੀ ਛਾਬੜਾ ਦੀ ਅਗਵਾਈ ਹੇਠ 'ਮਾਨਸਿਕ ਸਿਹਤ - ਚੰਗੇ ਜੀਵਨ ਦਾ ਅਧਾਰ' ਵਿਸ਼ੇ 'ਤੇ ਭਾਸ਼ਣ ਮੁਕਾਬਲੇ ਕਰਵਾਏ ਗਏ । ਇਸ ਦੌਰਾਨ ਵਿਦਿਆਰਥੀਆਂ ਨੇ ਪੂਰੇ ਜੋਸ਼-ਓ-ਖਰੋਸ਼ ਨਾਲ ਭਾਗ ਲਿਆ ਅਤੇ ਆਪਣੇ ਹੁਨਰ ਦੀ ਪੇਸ਼ਕਾਰੀ ਕੀਤੀ । ਰਾਸ਼ਟਰੀ ਸਿਹਤ ਮਿਸ਼ਨ ਤਹਿਤ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਾਨਸਿਕ ਸਿਹਤ ਨੂੰ ਠੀਕ ਰੱਖਣ ਅਤੇ ਮਾਨਸਿਕ ਤਣਾਅ ਅਤੇ ਨਸ਼ਿਆਂ ਤੋਂ ਬਚਾਅ ਸਬੰਧੀ ਜਾਗਰੂਕ ਕਰਨ ਲਈ ਇਹ ਭਾਸ਼ਣ ਮੁਕਾਬਲਾ ਕਰਵਾਇਆ ਗਿਆ। ਭਾਸ਼ਣ ਮੁਕਾਬਲੇ ਵਿੱਚ ਕਰਮਜੋਤ ਕੌਰ ਬੀ.ਸੀ.ਏ. ਸਮੈਸਟਰ ਦੂਜਾ ਅਤੇ ਰੁਪਿੰਦਰ ਕੌਰ ਬੀ.ਸੀ.ਏ. ਸਮੈਸਟਰ ਛੇਵਾਂ ਨੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਹਾਸਲ ਕੀਤਾ। ਰਾਮਵੀਰ ਸਿੰਘ ਬੀ.ਸੀ.ਏ. ਸਮੈਸਟਰ ਛੇਵਾਂ ਅਤੇ ਸਿਮਰਨਜੀਤ ਕੌਰ ਬੀ.ਸੀ.ਏ. ਸਮੈਸਟਰ ਦੂਜਾ ਨੇ ਸਾਂਝੇ ਤੌਰ 'ਤੇ ਦੂਜਾ ਸਥਾਨ ਹਾਸਲ ਕੀਤਾ । ਜਦਕਿ ਜਸਮੀਤ ਕੌਰ ਬੀ.ਕਾਮ. ਸਮੈਸਟਰ ਦੂਜਾ ਨੇ ਤੀਸਰਾ ਸਥਾਨ ਹਾਸਲ ਕੀਤਾ। ਪ੍ਰੋ. ਰਾਜਦੀਪ ਕੌਰ ਜੋਸਨ, ਪ੍ਰੋ. ਜੁਗਰਾਜ ਸਿੰਘ, ਪ੍ਰੋ. ਹਰਜਾਪ ਸਿੰਘ ਨੇ ਜੱਜਾਂ ਦੀ ਭੂਮਿਕਾ ਨਿਭਾਈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਮਾਨਸਿਕ ਸਿਹਤ ਦੀ ਮਹੱਤਤਾ ਨੂੰ ਸਮਝਾਉਂਦੇ ਹੋਏ, ਡਿਪਰੈਸ਼ਨ ਅਤੇ ਤਣਾਅ ਵਰਗੀਆਂ ਸਮੱਸਿਆਵਾਂ ਤੋਂ ਬਚਣ ਲਈ ਮੈਡੀਟੇਸ਼ਨ, ਸਰੀਰਕ ਕਸਰਤ ਅਤੇ ਉਚਿਤ ਖਾਣ ਪਾਣ ਅਪਣਾਉਣ ਲਈ ਪ੍ਰੇਰਿਤ ਕੀਤਾ । ਸਮਾਗਮ ਦੌਰਾਨ ਮੰਚ ਸੰਚਾਲਨ ਪ੍ਰੋ. ਸਿਮਰਜੀਤ ਕੌਰ ਨੇ ਕੀਤਾ। ਇਸ ਮੌਕੇ ਪ੍ਰੋ. ਅਮਨਦੀਪ ਕੌਰ, ਅਰਸ਼ਪ੍ਰੀਤ ਕੌਰ, ਹਰਪ੍ਰੀਤ ਸਿੰਘ, ਸੁਖਪਾਲ ਸਿੰਘ, ਰਾਜਪ੍ਰੀਤ ਕੌਰ, ਅਮਰੀਕ ਸਿੰਘ, ਅਜਮੇਰ ਸਿੰਘ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

19-Feb-PAGE-9.qxd 2/18/2024 10:30 PM Page 1



# ਸਰਕਾਰੀਆ ਵੱਲੋਂ ਵੱਖ-ਵੱਖ ਪ੍ਰੀਖਿਆ ਕੇਂਦਰਾਂ ਦਾ ਦੌਰਾ

**ਮੋਹਾਲੀ, (ਗੁਰਜੀਤ ਬਿੱਲਾ)**

ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਸਾਲਾਨਾ ਪ੍ਰੀਖਿਆਵਾਂ ਦੌਰਾਨ ਬੋਰਡ ਦੇ ਕੰਟਰੋਲਰ ਪ੍ਰੀਖਿਆਵਾਂ ਡਾ. ਮਨਿੰਦਰ ਸਿੰਘ ਸਰਕਾਰੀਆ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਵੱਖੋ-ਵੱਖ ਪ੍ਰੀਖਿਆ ਕੇਂਦਰਾਂ ਦੇ ਦੌਰੇ ਕੀਤੇ ਅਤੇ ਪ੍ਰੀਖਿਆਰਥੀਆਂ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ। ਕੰਟਰੋਲਰ ਡਾ. ਸਰਕਾਰੀਆ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 'ਚ ਬਲਾਚੌਰ ਅਤੇ ਆਸ-ਪਾਸ ਸਥਾਪਿਤ ਕੀਤੇ ਪਰੀਖਿਆ ਕੇਂਦਰਾਂ ਵਿੱਚ ਆਪ ਜਾ ਕੇ ਪ੍ਰੀਖਿਆ ਪ੍ਰਬੰਧਾ ਦੀ ਚੈਕਿੰਗ ਕੀਤੀ। ਇਸ ਮੌਕੇ ਪ੍ਰੀਖਿਆ ਕੇਂਦਰਾਂ 'ਚ ਤਾਇਨਾਤ ਸੁਪਰਵਾਈਜ਼ਰੀ ਸਟਾਫ਼ ਨੇ ਦੱਸਿਆ ਕਿ ਸਿੱਖਿਆ ਬੋਰਡ ਵੱਲੋਂ ਪ੍ਰੀਖਿਆਵਾਂ ਲਈ ਇਸ ਸਾਲ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਪ੍ਰੀਖਿਆ ਕੇਂਦਰਾਂ ਵੱਲੋਂ ਪ੍ਰਸ਼ਨ ਪੱਤਰ ਪ੍ਰਾਪਤ ਕਰਨ ਲਈ ਸਿੱਖਿਆ ਬੋਰਡ ਵੱਲੋਂ ਤਿਆਰ ਕੀਤੀ ਗਈ ਐਪ ਨਾਲ ਪਰੀਖਿਆ ਪ੍ਰਬੰਧਾਂ ਦਾ ਪੱਧਰ ਹੋਰ ਵੀ ਉੱਚਾ ਹੋਇਆ ਹੈ।



ਕੰਟਰੋਲਰ ਪ੍ਰੀਖਿਆਵਾਂ ਡਾ. ਸਰਕਾਰੀਆ ਨੇ ਪਰੀਖਿਆ ਪ੍ਰਬੰਧਾਂ ਸੰਬੰਧੀ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਸਾਲ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੇ ਇਮਤਿਹਾਨ ਇੱਕ ਹੀ ਸ਼ਿਫਟ 'ਚ ਕਰਵਾਏ ਜਾ ਰਹੇ ਹਨ ਅਤੇ ਜ਼ਿਆਦਾਤਰ ਪਰੀਖਿਆ ਕੇਂਦਰਾਂ 'ਚ ਕੇਂਦਰ ਸੁਪਰਡੰਟ ਅਤੇ ਸੁਪਰਵਾਈਜ਼ਰੀ ਸਟਾਫ਼ ਵਜੋਂ ਫ਼ੀਮੇਲ ਸਟਾਫ਼ ਦੀ ਤਾਇਨਾਤੀ ਕੀਤੀ ਗਈ ਹੈ। ਪ੍ਰੀਖਿਆਵਾਂ 'ਚ ਸ਼ਨੀਵਾਰ ਦਸਵੀਂ ਸ਼੍ਰੇਣੀ ਦੀ ਵਿਸ਼ਾ ਪੰਜਾਬੀ ਬੀ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਵਿਸ਼ਾ ਪਬਲਿਕ ਐਡਮਿਨਿਸਟ੍ਰੇਸ਼ਨ ਦੀ ਪ੍ਰੀਖਿਆ ਕਰਵਾਈ ਗਈ। ਇਸ ਪ੍ਰੀਖਿਆ ਲਈ ਸਿੱਖਿਆ ਬੋਰਡ ਵੱਲੋਂ ਦਸਵੀਂ ਸ਼੍ਰੇਣੀ ਦੇ 297326 ਪ੍ਰੀਖਿਆਰਥੀਆਂ ਲਈ ਕੁੱਲ 3832 ਅਤੇ ਬਾਰ੍ਹਵੀਂ ਸ਼੍ਰੇਣੀ ਦੇ 345 ਪਰੀਖਿਆਰਥੀਆਂ ਲਈ ਕੁੱਲ 52 ਪ੍ਰੀਖਿਆ ਕੇਂਦਰਾਂ ਦੀ ਸਥਾਪਨਾ ਕੀਤੀ ਗਈ।

# ਕਿਸਾਨਾਂ ਨਾਲ ਜਬਰ-ਜ਼ੁਲਮ ਕਰ ਰਹੀਆਂ ਹਰਿਆਣਾ ਤੇ ਕੇਂਦਰ ਦੀਆਂ ਸਰਕਾਰਾਂ : ਮਾਨ

**ਫਗਵਾੜਾ (ਡਾ. ਰਮਨ)**

ਆਮ ਆਦਮੀ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਪੰਜਾਬ-ਹਰਿਆਣਾ ਦੇ ਸ਼ੰਭੂ ਬਾਰਡਰ 'ਤੇ ਅੰਦੋਲਨ ਕਰ ਰਹੇ ਕਿਸਾਨਾਂ ਦੀ ਹਮਾਇਤ ਕਰਦਿਆਂ ਉਨ੍ਹਾਂ ਦੀਆਂ ਮੰਗਾਂ ਨੂੰ ਬਿਲਕੁਲ ਜਾਇਜ਼ ਕਰਾਰ ਦਿੱਤਾ ਹੈ। ਅੱਜ ਇਥੇ ਗੱਲਬਾਤ ਕਰਦਿਆਂ ਮਾਨ ਨੇ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਇਸ ਮੁੱਦੇ ਨੂੰ ਜਾਣਬੁੱਝ ਕੇ ਵਧਾ ਰਹੀ ਹੈ ਅਤੇ ਹਰਿਆਣਾ ਪੁਲਿਸ ਰਾਹੀਂ ਕਿਸਾਨਾਂ 'ਤੇ ਅੱਤਿਆਚਾਰ ਕੀਤਾ ਜਾ ਰਿਹਾ ਹੈ, ਜਿਸ ਕਾਰਨ ਇਕ ਕਿਸਾਨ ਸ਼ਹੀਦ ਅਤੇ ਕਈ ਜ਼ਖਮੀ ਹੋ ਚੁੱਕੇ ਹਨ। ਉਨ੍ਹਾਂ ਕਿਸਾਨਾਂ ਨਾਲ ਹਰ ਹਾਲਤ ਵਿੱਚ ਇਕਮੁੱਠ ਹੋਣ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪਹਿਲਾਂ ਹੀ ਕਿਸਾਨਾਂ ਦੀ ਹਰ ਸੰਭਵ ਸਹਾਇਤਾ ਕਰਨ ਦੀ ਗੱਲ ਕਹਿ ਚੁੱਕੇ ਹਨ। ਅੰਦੋਲਨ ਵਿੱਚ ਜ਼ਖ਼ਮੀ ਹੋਏ ਕਿਸਾਨਾਂ ਦਾ ਭਗਵੰਤ ਮਾਨ ਸਰਕਾਰ ਵੱਲੋਂ ਰਾਜਪੁਰਾ ਅਤੇ ਹੋਰ ਨੇੜਲੇ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕੇਂਦਰ 'ਤੇ ਦੋਹਰੇ ਮਾਪਦੰਡਾਂ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇੱਕ ਪਾਸੇ ਕੇਂਦਰੀ ਮੰਤਰੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਹਾਜ਼ਰੀ ਵਿੱਚ ਚੰਡੀਗੜ੍ਹ ਵਿਖੇ ਐਤਵਾਰ ਨੂੰ ਮੁੜ ਕਿਸਾਨਾਂ ਨਾਲ ਮੀਟਿੰਗ ਕਰਨ ਦੀ ਗੱਲ ਆਖੀ ਹੈ, ਜਦਕਿ ਦੂਜੇ ਪਾਸੇ ਹਰਿਆਣਾ ਪੁਲੀਸ ਲਗਾਤਾਰ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਛੱਡ ਰਹੀ ਹੈ। ਉਨ੍ਹਾਂ ਕੇਂਦਰ ਅਤੇ ਹਰਿਆਣਾ ਸਮੇਤ ਦੇਸ਼ ਦੇ ਸਾਰੇ ਰਾਜਾਂ ਦੀਆਂ ਭਾਜਪਾ ਸਰਕਾਰਾਂ ਨੂੰ ਕਿਸਾਨ ਵਿਰੋਧੀ ਦੱਸਦਿਆਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਕਿਸਾਨਾਂ ਨਾਲ ਕੀਤੀ ਜਾ ਰਹੀ ਬੇਇਨਸਾਫ਼ੀ ਦਾ ਹਿਸਾਬ ਜ਼ਰੂਰ ਦੇਣਾ ਪਵੇਗਾ। ਪੰਜਾਬ ਦੀਆਂ ਕੁੱਲ ਤੇਰਾਂ ਸੀਟਾਂ 'ਤੇ ਭਾਜਪਾ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋਣ ਦਾ ਦਾਅਵਾ ਕਰਦਿਆਂ ਮਾਨ ਨੇ ਕਿਹਾ ਕਿ ਮੋਦੀ ਸਰਕਾਰ ਨੇ ਦਿੱਲੀ ਮੋਰਚੇ 'ਤੇ ਕਿਸਾਨਾਂ ਨਾਲ ਕੀਤੇ ਵਾਅਦਿਆਂ ਤੋਂ ਮੁਕਰ ਕੇ ਵੱਡਾ ਧੋਖਾ ਕੀਤਾ ਹੈ। ਸਿਰਫ ਇਹੋ ਨਹੀਂ ਬਲਕਿ ਮੋਦੀ ਸਰਕਾਰ ਨੇ ਸੰਸਦ ਵਿੱਚ ਦੋ ਸਾਲ ਪਹਿਲਾਂ ਸਿੰਘੂ ਮੋਰਚੇ ਵਿੱਚ ਜਾਨਾਂ ਗੁਆਉਣ ਵਾਲੇ ਪੰਜਾਬ ਦੇ ਕਿਸਾਨਾਂ ਨਾਲ ਕੋਈ ਹਮਦਰਦੀ ਪ੍ਰਗਟ ਕਰਨ ਅਤੇ ਸ਼ਰਧਾਂਜਲੀ ਵਜੋਂ ਦੋ ਮਿੰਟ ਦਾ ਮੌਨ ਰੱਖਣ ਤੋਂ ਵੀ ਸਾਫ਼ ਇਨਕਾਰ ਕਰ ਦਿੱਤਾ ਸੀ। ਹੁਣ ਕਿਸਾਨਾਂ ਨੂੰ ਸ਼ੰਭੂ ਸਰਹੱਦ 'ਤੇ ਦਿੱਲੀ ਜਾਣ ਤੋਂ ਰੋਕਣਾ ਸੰਵਿਧਾਨ ਅਤੇ ਲੋਕਤੰਤਰ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਕਿਸਾਨ ਭਾਰਤ ਦਾ ਅੰਨਦਾਤਾ ਹੈ ਅਤੇ ਆਮ ਆਦਮੀ ਪਾਰਟੀ ਅੰਨਦਾਤਾ ਨਾਲ ਬੇਇਨਸਾਫ਼ੀ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ 25 ਦੀ ਰੈਲੀ ਸੰਬੰਧੀ ਵਿਚਾਰ-ਚਰਚਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**



ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ ਪੀ ਪੀ ਐੱਫ) ਦੀ ਇੱਕ ਅਹਿਮ ਮੀਟਿੰਗ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਵਿਖੇ ਹੋਈ ਜਿਸ ਵਿੱਚ ਜਥੇਬੰਦੀ ਦੇ ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਜ਼ਿਲ੍ਹਾ ਕਨਵੀਨਰ ਗੁਰਜਿੰਦਰ ਸਿੰਘ ਮੰਝਪੁਰ, ਡੈਮੋਕਰੈਟਿਕ ਹੈਲਥ ਵਰਕਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਜਦੀਪ ਸਿੰਘ ਭੰਗਾਲਾ, ਮਨਜੀਤ ਸਿੰਘ ਦਸੂਹਾ, ਬਲਜੀਤ ਸਿੰਘ ਮਹਿਮੋਵਾਲ, ਰੇਸ਼ਮ ਸਿੰਘ ਧੁੱਗਾ, ਪਰਵੀਨ ਸ਼ੇਰਪੁਰ, ਪਰਮਿੰਦਰ ਸਿੰਘ, ਹਰਵਿੰਦਰ ਕਲਸੀ, ਯਸ਼ਪਾਲ ਸਿੰਘ ਮੰਝਪੁਰ ਅਤੇ ਰਮੇਸ਼ ਕੁਮਾਰ ਬੱਗਾ ਆਦਿ ਆਗੂ ਸ਼ਾਮਿਲ ਹੋਏ। ਮੀਟਿੰਗ ਵਿੱਚ ਆਗੂਆਂ ਨੇ ਇਸ ਗੱਲ ਉੱਤੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਕਿ ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੇ ਕੀਤੇ ਐਲਾਨ ਨੂੰ ਇੱਕ ਸਾਲ ਤੋਂ ਵੀ ਵੱਧ ਦਾ ਸਮਾਂ ਬੀਤ ਚੁੱਕਾ ਹੈ ਅਤੇ ਇਸ ਸੰਬੰਧੀ ਨੋਟੀਫਿਕੇਸ਼ਨ ਵੀ ਜਾਰੀ ਹੋ ਚੁੱਕਾ ਹੈ ਪਰ ਇਸ ਸਭ ਦੇ ਬਾਵਜੂਦ ਵੀ ਪੰਜਾਬ ਸਰਕਾਰ ਵਲੋਂ ਪੰਜਾਬ ਦੇ ਮੁਲਾਜ਼ਮਾਂ ਦੇ ਜਨਰਲ ਪਰਾਵੀਡੈਂਟ ਫ਼ੰਡ (ਜੀ.ਪੀ.ਐੱਫ.) ਦੇ ਖ਼ਾਤੇ ਹੀ ਖੋਲ੍ਹੇ ਗਏ ਹਨ ਅਤੇ ਨਾ ਹੀ ਕੇਂਦਰੀ ਪੈਨਸ਼ਨ ਏਜੰਸੀ ਕੋਲ਼ ਜਮ੍ਹਾਂ ਪਿਆ ਪੰਜਾਬ ਦੇ ਮੁਲਾਜ਼ਮਾਂ ਦਾ ਕਰੋੜਾਂ ਰੁਪਇਆ ਹੀ ਮੁਲਾਜ਼ਮਾਂ ਨੂੰ ਵਾਪਿਸ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਅੜੀਅਲ ਰਵੱਈਏ ਦੇ ਖ਼ਿਲਾਫ਼ ਅਤੇ ਪੁਰਾਣੀ ਪੈਨਸ਼ਨ ਸਕੀਮ ਨੂੰ ਹਕੀਕੀ ਰੂਪ ਵਿੱਚ ਲਾਗੂ ਕਰਵਾਉਣ ਲਈ ਚੱਲ ਰਹੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਪੁਰਾਣੀ ਪੈਨਸ਼ਨ ਨਾਲ਼ ਸੰਬੰਧਿਤ ਤਿੰਨ ਜਥੇਬੰਦੀਆਂ ਵਲੋਂ ਇਕੱਠਿਆਂ ਹੁੰਦਿਆਂ ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੋਰਚਾ ਬਣਾਇਆ ਗਿਆ ਹੈ ਅਤੇ ਇਸ ਮੋਰਚੇ ਵਲੋਂ 25 ਫ਼ਰਵਰੀ ਨੂੰ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਸੂਬਾ ਪੱਧਰੀ ਪੁਰਾਣੀ ਪੈਨਸ਼ਨ ਪ੍ਰਾਪਤੀ ਮਹਾਂ ਰੈਲੀ ਕੀਤੀ ਜਾ ਰਹੀ ਹੈ ਜਿਸ ਵਿੱਚ ਪੰਜਾਬ ਦੇ ਕੋਨੇ-ਕੋਨੇ ਤੋਂ ਨਵੀਂ ਪੈਨਸ਼ਨ ਸਕੀਮ ਤੋਂ ਪੀੜਤ ਹਜ਼ਾਰਾਂ ਮੁਲਾਜ਼ਮ ਸ਼ਾਮਿਲ ਹੋਣਗੇ ਅਤੇ ਪੰਜਾਬ ਸਰਕਾਰ ਤੋਂ ਪੁਰਾਣੀ ਪੈਨਸ਼ਨ ਸਕੀਮ ਦੀ ਮੁੜ ਬਹਾਲੀ ਦੀ ਮੰਗ ਕਰਨਗੇ। 25 ਫ਼ਰਵਰੀ ਦੀ ਇਸ ਰੈਲੀ ਦੀ ਸਫ਼ਲਤਾ ਲਈ ਜ਼ਿਲ੍ਹੇ ਦੇ ਹਰੇਕ ਬਲਾਕ ਵਿੱਚ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ 25 ਫ਼ਰਵਰੀ ਦੀ ਰੈਲੀ ਲਈ ਲਾਮਬੰਦੀ ਨੂੰ ਹੋਰ ਤੇਜ਼ ਕੀਤਾ ਜਾਵੇਗਾ।

## ਪਰਾਲੀ ਨੂੰ ਅੱਗ ਲੱਗਣ ਨਾਲ ਲੱਖਾਂ ਦਾ ਸਾਮਾਨ ਸੜ ਕੇ ਸੁਆਹ

**ਫਿਲੌਰ, (ਨਿਰਮਲ)**-ਫਿਲੌਰ ਦੇ ਨਜਦੀਕ ਪੈਂਦੇ ਪਿੰਡ ਨਗਰ ਵਿਖੇ ਸ਼ੁੱਕਰਵਾਰ ਸ਼ਾਮ ਨੂੰ ਗੁੱਜਰ ਭਾਈਚਾਰੇ ਦੇ ਘਰ ਵਿੱਚ ਪਈ ਪਰਾਲੀ ਦੇ ਕੁੱਪਾਂ ਨੂੰ ਅਚਾਨਕ ਅੱਗ ਲੱਗ ਗਈ। ਲੱਗ ਲੱਗਣ ਦੀ ਖਬਰ ਮਿਲਦਿਆਂ ਹੀ ਫਿਲੌਰ ਫਾਇਰ ਬ੍ਰਿਗੇਡ ਸਰਵਿਸ ਦੇ ਮੁਲਾਜਮਾਂ ਨੇ ਤੁਰੰਤ ਪਹੁੰਚ ਕੇ ਅੱਗ 'ਤੇ ਕਾਬੂ ਪਾਉਣ ਦੇ ਯਤਨ ਕੀਤੇ, ਪਰ ਕਾਫੀ ਜੱਦੋ ਜਹਿਦ ਉਪਰੰਤ ਅੱਗ ਤੇ ਕਾਬੂ ਪਾਇਆ ਗਿਆ। ਜਾਣਕਾਰੀ ਦਿੰਦੇ ਘਰ ਦੇ ਮਾਲਕ ਅਲੀ ਨੇ ਦੱਸਿਆ ਕਿ ਅੱਗ ਲੱਗਣ ਸਮੇਂ ਉਹ ਘਰ ਵਿੱਚ ਮੌਜੂਦ ਨਹੀਂ ਸੀ। ਉਸ ਨੂੰ ਬਾਅਦ ਵਿੱਚ ਅੱਗ ਲੱਗਣ ਦਾ ਪਤਾ ਲੱਗਾ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਕਾਰਨ ਇੱਕ ਲੱਖ ਰੁਪਏ ਕੀਮਤ ਦੀ ਪਰਾਲੀ ਸੜਕੇ ਸੁਆਹ ਹੋ ਗਈ ਹੈ।



## ਰੇਲ ਗੱਡੀ ਦੀ ਫੇਟ ਵੱਜਣ ਨਾਲ ਜ਼ਖਮੀ

**ਫਿਲੌਰ, (ਨਿਰਮਲ)**



ਸ਼ੁੱਕਰਵਾਰ ਸ਼ਾਮ 4 ਵਜੇ ਦੇ ਕਰੀਬ ਫਿਲੌਰ ਦੇ ਰੇਲਵੇ ਫਾਟਕਾਂ 'ਤੇ ਰੇਲ ਗੱਡੀ ਦੀ ਫੇਟ ਲੱਗਣ ਕਾਰਨ ਇਕ ਵਿਅਕਤੀ ਦੀ ਲੱਤ ਟੁੱਟ ਗਈ। ਜਿਸ ਨੂੰ ਤੁਰੰਤ ਰਾਹਗੀਰਾਂ ਨੇ 108 ਐਂਬੂਲੈਂਸ ਦੀ ਮਦਦ ਨਾਲ ਇਲਾਜ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਦਾਖਲ ਕਰਵਾਇਆ। ਜਖਮੀ ਵਿਅਕਤੀ ਦੀ ਪਹਿਚਾਣ ਰਜਿੰਦਰ ਕੁਮਾਰ ਵਾਸੀ ਫਿਲੌਰ ਵਜੋਂ ਹੋਈ ਹੈ। ਰਾਹਗੀਰਾਂ ਨੇ ਦੱਸਿਆ ਕਿ ਉਕਤ ਜਖਮੀ ਵਿਅਕਤੀ ਰੇਲਵੇ ਲਾਈਨ ਪਾਰ ਕਰ ਰਿਹਾ ਸੀ ਕਿ ਉਸ ਨੇ ਰੇਲ ਗੱਡੀ ਵੱਲ ਧਿਆਨ ਨਹੀਂ ਦਿੱਤਾ। ਜੋ ਰੇਲ ਗੱਡੀ ਦੇ ਹੇਠਾਂ ਆਉਣ ਲੱਗਾ ਸੀ ਕਿ ਉਸ ਨੂੰ ਇੱਕ ਵਿਅਕਤੀ ਵੱਲੋਂ ਉਸ ਨੂੰ ਖਿੱਚ ਲਿਆ, ਪਰ ਫਿਰ ਵੀ ਰੇਲ ਗੱਡੀ ਦੀ ਫੇਟ ਲੱਗਣ ਕਾਰਨ ਉਸ ਦੀ ਲੱਤ ਟੁੱਟ ਗਈ, ਜੋ ਜੇਰੇ ਇਲਾਜ ਹੈ।

## ਜਿੰਪਾ ਨੇ ਨਾਰਾ ਤੇ ਬੱਸੀ ਪੁਰਾਣੀ 'ਚ ਲੱਗੇ ਕੈਂਪਾਂ ਦਾ ਲਿਆ ਜਾਇਜ਼ਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਪੰਜਾਬ ਸਰਕਾਰ ਲਗਾਤਾਰ ਲੋਕਾਂ ਦੀਆਂ ਸ਼ਿਕਾਇਤਾਂ/ਮਸਲਿਆਂ ਦਾ ਬਿਨਾਂ ਕਿਸੇ ਦੇਰੀ ਅਤੇ ਪ੍ਰੇਸ਼ਾਨੀ ਦੇ ਹੱਲ ਕਰਨ ਲਈ ਪੂਰੇ ਸੂਬੇ ਦੇ ਪਿੰਡਾਂ ਅਤੇ ਵਾਰਡਾਂ ਵਿਚ ਆਪ ਦੀ ਸਰਕਾਰ ਆਪ ਦੇ ਦੁਆਰ ਕੈਂਪਾਂ ਦਾ ਆਯੋਜਨ ਕਰ ਰਹੀ ਹੈ, ਜਿਸ ਦਾ ਲੋਕਾਂ ਨੂੰ ਬਹੁਤ ਲਾਭ ਪਹੁੰਚ ਰਿਹਾ ਹੈ ਅਤੇ ਲੋਕ ਇਨ੍ਹਾਂ ਕੈਂਪਾਂ ਵਿਚ ਕਾਫ਼ੀ ਖੁਸ਼ ਵੀ ਹਨ। ਇਹ ਵਿਚਾਰ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਹੁਸ਼ਿਆਰਪੁਰ ਦੇ ਵਾਰਡ ਨੰਬਰ 20, 22, ਪਿੰਡ ਨਾਰਾ ਅਤੇ ਬੱਸੀ ਪੁਰਾਣੀ ਵਿਚ ਲੱਗੇ ਕੈਂਪਾਂ ਦਾ ਜਾਇਜ਼ਾ ਲੈਣ ਦੌਰਾਨ ਰੱਖੇ। ਕੈਬਨਿਟ ਮੰਤਰੀ ਨੇ ਕਿਹਾ ਕਿ ਉਹ ਖੁਦ ਰੋਜ਼ਾਨਾ ਕੈਂਪਾਂ ਦਾ ਦੌਰਾ ਕਰ ਰਹੇ ਹਨ, ਜਿਥੇ ਵੱਖ-ਵੱਖ ਵਿਭਾਗਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ, ਉਥੇ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦਾ ਲਾਭ ਯੋਗ ਲਾਭਪਾਤਰੀਆਂ ਤੱਕ ਪਹੁੰਚਾਉਣ ਲਈ ਇਨ੍ਹਾਂ ਕੈਂਪਾਂ ਵਿਚ ਵੱਖ-ਵੱਖ ਵਿਭਾਗਾਂ ਦੀ ਕਾਰਗੁਜ਼ਾਰੀ ਵੀ ਚੈਕ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਵਿਅਕਤੀਗਤ ਸਮੱਸਿਆਵਾਂ ਅਤੇ ਆਮ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕਰਨ ਦੇ ਨਿਰਦੇਸ਼ ਦਿੱਤੇ ਜਾ ਰਹੇ ਹਨ ਅਤੇ ਪੈਂਡਿੰਗ ਸਮੱਸਿਆਵਾਂ ਨੂੰ ਨਿਸ਼ਚਿਤ ਸਮੇਂ ਵਿਚ ਨਿਪਟਾਉਣ ਦੇ ਨਿਰਦੇਸ਼ ਦਿੱਤੇ ਜਾ ਰਹੇ ਹਨ।

# ਮਾਨ ਸਰਕਾਰ ਨਵਾਂ ਕੀਰਤੀਮਾਨ ਕਾਇਮ ਕਰ ਰਹੀ : ਬਲਕਾਰ ਸਿੰਘ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ 'ਆਪ ਦੀ ਸਰਕਾਰ, ਆਪ ਦੇ ਦੁਆਰ' ਤਹਿਤ ਸ਼ੁਰੂ ਕੀਤੀ ਗਈ ਨਿਵੇਕਲੀ ਪਹਿਲ ਸੂਬੇ ਦੇ ਲੋਕਾਂ ਨੂੰ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ 'ਚ ਸਫ਼ਲਤਾ ਦਾ ਨਵਾਂ ਇਤਿਹਾਸ ਸਿਰਜ ਰਹੀ ਹੈ ਕਿਉਂਕਿ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਉਨਾਂ ਦੇ ਘਰਾਂ 'ਚ ਮਿਲਣਾ ਸ਼ੁਰੂ ਹੋ ਗਿਆ ਹੈ। ਉਨ੍ਹਾਂ ਨੇ ਸੂਬਾ ਸਰਕਾਰ ਦੇ ਇਸ ਅਹਿਮ ਪ੍ਰੋਗਰਾਮ ਤਹਿਤ ਵਿਧਾਨ ਸਭਾ ਹਲਕਾ ਕਰਤਾਰਪੁਰ ਦੇ ਪਿੰਡ ਪੱਤੜ ਕਲਾਂ ਅਤੇ ਦੇਸਲਪੁਰ ਵਿਖੇ ਲਗਾਏ ਗਏ ਵਿਸ਼ੇਸ਼ ਕੈਂਪ ਦਾ ਦੌਰਾ ਕਰਦਿਆਂ ਕੈਂਪ 'ਚ ਆਉਣ ਵਾਲੇ ਲੋਕਾਂ ਤੋਂ ਵੱਡਮੁੱਲੇ ਸੁਝਾਅ ਵੀ ਲਏ। ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਜ਼ਿਲ੍ਹੇ 'ਚ ਇਸ ਤਰ੍ਹਾਂ ਦੇ 900 ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ ਅਤੇ ਲੋਕਾਂ ਵਲੋਂ ਮੌਕੇ 'ਤੇ ਹੀ 44 ਤਰ੍ਹਾਂ ਦੀਆਂ ਨਾਗਰਿਕ ਸੇਵਾਵਾਂ ਦਾ ਲਾਭ ਪ੍ਰਾਪਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਹਿਲੀ ਅਜਿਹੀ ਸਰਕਾਰ ਹੈ ਜਿਸ ਵਲੋਂ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਉਨਾਂ ਦੇ ਘਰਾਂ ਨੇੜੇ ਮੁਹੱਈਆ ਕਰਵਾਉਣ ਦੇ ਮਕਸਦ ਤਹਿਤ ਅਜਿਹੇ ਸੰਜੀਦਾ ਉਪਰਾਲੇ ਕੀਤਾ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਸੂਬਾ ਸਰਕਾਰ ਵਲੋਂ 1076 ਹੈਲਪਲਾਈਨ ਸੁਵਿਧਾ ਦੀ ਵੀ ਸ਼ੁਰੂਆਤ ਕੀਤੀ ਗਈ ਹੈ ਜਿਸ ਤਹਿਤ ਸੂਬਾ ਵਾਸੀ ਲੋਕ ਭਲਾਈ ਸਕੀਮਾਂ ਦਾ ਲਾਭ ਘਰ ਬੈਠੇ ਹੀ ਪ੍ਰਾਪਤ ਕਰ ਸਕਦੇ ਹਨ।



## ਬੱਚਿਆਂ ਨੂੰ ਚਾਈਨਾ ਡੋਰ ਦੇ ਇਸਤੇਮਾਲ ਦੇ ਜਾਨਲੇਵਾ ਪ੍ਰਭਾਵ ਬਾਰੇ ਕੀਤਾ ਜਾਗਰੂਕ

**ਲੋਹੀਆਂ ਖਾਸ, (ਯੋਗੇਸ਼ਵਰ)**- ਬੀ ਕੇ ਇੰਟਰਨੈਸ਼ਨਲ ਕਾਨਵੈਂਟ ਸਕੂਲ, ਵਾੜਾ ਜੋਧ ਸਿੰਘ ਵਿਖੇ ਵਿਸ਼ੇਸ਼ ਅਸੈਂਬਲੀ ਵਿੱਚ ਵਿਦਿਆਰਥੀਆਂ ਨੂੰ ਜ਼ਿੰਮੇਦਾਰ ਨਾਗਰਿਕ ਬਣਾਉਣ ਲਈ ਅਤੇ ਸਮਾਜ ਪ੍ਰਤੀ ਆਪਣੇ ਜ਼ਿੰਮੇਦਾਰੀ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ। ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਚਾਈਨਾ ਡੋਰ ਦੇ ਇਸਤੇਮਾਲ ਦੇ ਜਾਨਲੇਵਾ ਪ੍ਰਭਾਵ ਬਾਰੇ ਦੱਸਿਆ ਗਿਆ। ਉਪਰੰਤ ਮੈਨੇਜਮੈਂਟ ਅਤੇ ਪ੍ਰਿੰਸੀਪਲ ਸ੍ਰੀਮਤੀ ਨਿਤੀਮਾ ਦੀ ਅਗਵਾਈ ਹੇਠ ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਵੱਲੋਂ ਕਦੇ ਵੀ ਚਾਈਨਾ ਡੋਰ ਦਾ ਇਸਤੇਮਾਲ ਨਾ ਕਰਨ ਦੀ ਅਤੇ ਆਪਣੇ ਕਾਰਜ ਰਾਹੀਂ ਕਿਸੇ ਵੀ ਜੀਵ ਨੂੰ ਨੁਕਸਾਨ ਨਾ ਪਹੁੰਚਾਉਣ ਦੀ ਸਹੁੰ ਚੁਕਾਈ ਗਈ।



# ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ ਸੈਕਟਰ 40-ਏ ਦੀ ਹੋਈ ਚੋਣ

**ਚੰਡੀਗੜ੍ਹ/ਮੋਹਾਲੀ, (ਗੁਰਜੀਤ ਬਿੱਲਾ)**



ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ, ਸੈਕਟਰ 40-ਏ, ਚੰਡੀਗੜ੍ਹ ਦੇ ਵਾਸੀਆਂ ਦੀ ਇਕ ਅਹਿਮ ਮੀਟਿੰਗ ਹੋਈ। ਸੰਸਥਾ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਰਕਰਾਂ ਦੀ ਵਿਚ ਸਮੇਂ ਸਮੇਂ ਉਤੇ ਚੋਣ ਕੀਤੀ ਜਾਂਦੀ ਹੈ। ਮੀਟਿੰਗ ਵਿਚ ਸਰਬਸੰਮਤੀ ਨਾਲ ਆਰ ਡਬਲਿਊ.ਏ. ਸੈਕਟਰ 40-ਏ ਦੀ ਨਵੀਂ ਟੀਮ ਦੀ ਚੋਣ ਕੀਤੀ ਗਈ, ਜਿਸ ਵਿੱਚ ਪ੍ਰਧਾਨ ਹਰਵਿੰਦਰ ਸਿੰਘ, ਜਨਰਲ ਸਕੱਤਰ ਮਨਜੀਤ ਸਿੰਘ ਚਾਨਾ, ਰਮੇਸ਼ ਗੋਇਲ ਨੂੰ ਸੀਨੀਅਰ ਵਾਇਸ ਪ੍ਰਧਾਨ, ਕਮਲਜੀਤ ਅਰੋੜਾ ਨੂੰ ਵਾਇਸ ਪ੍ਰਧਾਨ, ਜਤਿਨ ਨਾਗਪਾਲ ਅਤੇ ਬੀ.ਐਸ. ਕੋਹਲੀ ਨੂੰ ਜੁਆਇੰਟ ਸਕੱਤਰ, ਰੋਹਿਤ ਚੌਹਾਨ ਨੂੰ ਵਿੱਤ ਸਕੱਤਰ, ਅਸ਼ੋਕ ਗਰਗ ਨੂੰ ਮੁੱਖ ਸਲਾਹਕਾਰ ਅਤੇ ਐਡਵੋਕੇਟ ਬਲਰਾਮ ਸਿੰਘ ਨੂੰ ਕਾਨੂੰਨੀ ਸਲਾਹਕਾਰ ਚੁਣਿਆ ਗਿਆ। ਇਸ ਦੌਰਾਨ ਸਮੂਹ ਹਾਜ਼ਰੀਨ ਵਲੋਂ ਹਰਵਿੰਦਰ ਸਿੰਘ ਅਤੇ ਉਹਨਾਂ ਦੀ ਨਵੀਂ ਚੁਣੀ ਟੀਮ ਨੂੰ ਫੁੱਲਾਂ ਦੇ ਹਾਰ ਪਾ ਕੇ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਇਲਾਕਾ ਐਮ ਸੀ ਮੈਡਮ ਗੁਰਬਖ਼ਸ਼ ਰਾਵਤ ਨੇ ਪ੍ਰਧਾਨ ਹਰਵਿੰਦਰ ਸਿੰਘ ਦੀ ਅਗਵਾਈ ਵਾਲੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਨਵੀਂ ਟੀਮ ਦੀ ਨਿਯੁਕਤੀ ਨਾਲ ਸੈਕਟਰ 40-ਏ ਵਿਚ ਵਿਕਾਸ ਕਾਰਜਾਂ ਦੀ ਆਸ ਬੱਝੇਗੀ। ਇਸ ਮੌਕੇ ਫੋਸਵਾ ਦੇ ਪ੍ਰਧਾਨ ਦਲਵਿੰਦਰ ਸਿੰਘ ਸੈਣੀ ਨੇ ਕਿਹਾ ਕਿ ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ ਸੈਕਟਰ 40-ਏ ਦੀ ਨਵੀਂ ਟੀਮ ਨੂੰ ਵਧਾਈ ਦਿੱਤੀ ਅਤੇ ਸੈਕਟਰ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਸਹਿਯੋਗ ਦਾ ਭਰੋਸਾ ਦਿੱਤਾ। ਇਸ ਦੌਰਾਨ ਫੋਸਵੈਕ ਦੇ ਚੇਅਰਮੈਨ ਬਲਜਿੰਦਰ ਬਿੱਟੂ ਨੇ ਕਿਹਾ ਕਿ ਮੇਰੀਆਂ ਸ਼ੁੱਭ ਇਛਾਵਾਂ ਨਵੀਂ ਟੀਮ ਨਾਲ ਹਨ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਸੰਘਰਸ਼ਸ਼ੀਲ ਜਥੇਬੰਦੀਆਂ ਨਾਲ ਇੱਕਜੁਟਤਾ ਦਿਖਾਉਂਦੇ ਹੋਏ ਟੋਲ ਪਲਾਜ਼ੇ ਕੀਤੇ ਫਰੀ



**ਸਾਹਕੋਟ (ਗਿਆਨ ਸੈਦਪੁਰੀ)**

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਆਪਣੀਆਂ ਹੱਕੀ ਅਤੇ ਜਾਇਜ ਮੰਗਾਂ ਲਈ ਦਿੱਲੀ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਹੋਇਆ ਸੀ, ਪਰ ਕੇਂਦਰ ਅਤੇ ਹਰਿਆਣਾ ਸਰਕਾਰ ਨੇ ਦਿੱਲੀ ਵੱਲ ਜਾਣ ਵਾਲੇ ਸਾਰੇ ਰਸਤਿਆਂ ਦੀ ਬੈਰੀਕੇਡਿੰਗ ਕਰਕੇ ਦਿੱਲੀ ਵੱਲ ਵੱਧ ਰਹੇ ਕਿਸਾਨਾਂ 'ਤੇ ਅੰਨਾ ਤਸ਼ੱਦਦ ਕੀਤਾ। ਜਿਸ 'ਚ ਸੈਂਕੜੇ ਕਿਸਾਨ ਜਖਮੀ ਹੋਏ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਸਰਕਾਰ ਦੀ ਇਸ ਵਹਿਸੀਆਨਾ ਕਾਰਵਾਈ ਦਾ ਗੰਭੀਰ ਨੋਟਿਸ ਲਿਆ ਹੈ। ਜਥੇਬੰਦੀ ਦੇ ਫੈਸਲੇ ਅਨੁਸਾਰ ਸਰਕਾਰਾਂ ਦੀ ਇਸ ਜਾਲਮਾਨਾ ਕਾਰਵਾਈ ਵਿਰੁੱਧ ਪੰਜਾਬ 'ਚ ਭਾਜਪਾ ਦੇ ਤਿੰਨ ਵੱਡੇ ਲੀਡਰਾਂ ਦੇ ਘਰ ਘੇਰਨ ਅਤੇ ਟੋਲ ਪਲਾਜੇ ਫਰੀ ਕਰਨ ਦੇ ਪ੍ਰੋਗਰਾਮ ਨੂੰ ਚੱਕ ਬਾਹਮਣੀਆਂ ਟੋਲ ਪਲਾਜਾ(-703) ਫ੍ਰੀ ਕਰਕੇ ਬੀਕੇਯੂ ਉਗਰਾਹਾਂ ਜਿਲਾ ਜਲੰਧਰ ਨੇ ਲਾਗੂ ਕੀਤਾ। ਧਰਨੇ ਨੂੰ ਜਿਲਾ ਪ੍ਰਧਾਨ ਮੋਹਣ ਸਿੰਘ ਬੱਲ, ਜਿਲ੍ਹਾ ਸਕੱਤਰ ਗੁਰਚਰਨ ਸਿੰਘ ਚਾਹਲ, ਮਨਜੀਤ ਸਿੰਘ ਮਲਸੀਆ, ਬਲਕਾਰ ਸਿੰਘ ਫਾਜਲਵਾਲ ਅਤੇ ਸੁਰਜੀਤ ਸਿੰਘ ਸੰਢਾਵਾਲ ਨੇ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਸਾਡੀ ਜਥੇਬੰਦੀ ਵੱਡੇ ਸੰਘਰਸ਼ ਲਈ ਤਿਆਰ ਹੈ। 18 ਫਰਵਰੀ ਦੀ ਮੀਟਿੰਗ ਤੋਂ ਬਾਅਦ ਅਗਲੇ ਸਖਤ ਐਕਸ਼ਨ ਦੀ ਕਾਲ ਦੀ ਉਡੀਕ ਹੈ। ਧਰਨੇ 'ਚ ਬਲਵਿੰਦਰ ਸਿੰਘ ਮੁਰੀਦਵਾਲ, ਜਥੇਦਾਰ ਗੁਰਦਿਆਲ ਸਿੰਘ ਰਾਈਵਾਲ, ਹਜੂਰਾ ਸਿੰਘ, ਸਾਧੂ ਸਿੰਘ, ਜੀਵਨ ਸਿੰਘ, ਜਸਪਾਲ ਸਿੰਘ, ਨਿਰਮਲ ਸਿੰਘ ਡੱਬਰੀ, ਪਰਮਜੀਤ ਸਿੰਘ, ਲਖਬੀਰ ਲੋਹੀਆ, ਸਾਭਾ ਢਿੱਲੋਂ, ਨਿਰਮਲ ਸਿੰਘ, ਬਲਵਿੰਦਰ ਪੈਂਤੀ, ਲਾਡੀ, ਮਨਜੀਤ ਸਾਬੀ, ਗੁਰਮੇਲ ਸਿੰਘ, ਗੁਰਮੀਤ ਸਿੰਘ, ਬਲਵੰਤ ਪ੍ਰਧਾਨ, ਕੁੰਦਨ ਸਿੰਘ, ਮਲਕੀਤ ਈਦਾ, ਬਲਕਾਰ ਸਿੰਘ, ਮਨਵੀਰ ਸਿੰਘ, ਕਰਨ ਧਾਲੀਵਾਲ, ਗੁਰਚਰਨ ਸਿੰਘ, ਗੁਰਦੇਵ ਸਿੰਘ ਆਦਿ ਹਾਜ਼ਰ ਸਨ।

# ਸਮਾਜ ਸੇਵਕ ਰਜਨੀਸ਼ ਤਿਵਾੜੀ ਨੂੰ ਸਦਮਾ, ਸਾਲੇ ਦਾ ਦੇਹਾਂਤ

## ਅੰਤਿਮ ਰਸਮ ਪਗੜੀ 23 ਨੂੰ

**ਕਾਲਾ ਸੰਘਿਆਂ (ਮਨਜੀਤ ਮਾਨ)**- ਉੱਘੇ ਸਮਾਜ ਸੇਵਕ ਰਜਨੀਸ਼ ਤਿਵਾੜੀ ਉੱਗੀ ਮੈਨੇਜਰ ਕੋਅਪ੍ਰੇਟਿਵ ਸੁਸਾਇਟੀ ਸੰਮੀਪੁਰ ਨੂੰ ਉਸ ਸਮੇਂ ਬਹੁਤ ਹੀ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਸਾਲਾਂ ਸਾਹਿਬ ਜੀਵਨ ਕੁਮਾਰ ਕਾਲੀਆਂ 49 ਪੁੱਤਰ ਸਵ ਧਰਮ ਪਾਲ ਕਾਲੀਆਂ ਦਾ ਸੰਖੇਪ ਜਿਹੀ ਬਿਮਾਰੀ ਪਿੱਛੋਂ ਦੇਹਾਂਤ ਹੋ ਗਿਆ। ਇੱਥੇ ਦੱਸਣਯੋਗ ਹੈ ਕਿ ਸਵ. ਜੀਵਨ ਕੁਮਾਰ ਕਾਲੀਆਂ ਜਗਜੀਤ ਇੰਡਸਟਰੀਜ ਹਮੀਰਾ ਫੈਕਟਰੀ 'ਚ ਇੰਪਲਾਈਜ਼ ਮੁਲਾਜਮ ਯੂਨੀਅਨ ਦੇ ਜਨਰਲ ਸਕੱਤਰ ਸਨ। ਇਸ ਮੌਕੇ ਪੀੜਤ ਪਰਵਾਰ ਨਾਲ ਤੇ ਰਜਨੀਸ਼ ਤਿਵਾੜੀ ਨਾਲ ਸੁਖਪਾਲ ਸਿੰਘ ਖਹਿਰਾ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਉੱਘੇ ਸਮਾਜ ਸੇਵਕ ਸੇਵਾ ਮੁਕਤ ਇਸਪੈਕਟਰ ਪੰਜਾਬ ਪੁਲਸ ਅਵਤਾਰ ਸਿੰਘ ਭੋਲਾ ਪਹਿਲਵਾਨ ਉੱਗੀ, ਸਰਪੰਚ ਜੁਵਾਹਰ ਲਾਲ ਖੁੰਗਰ, ਕ੍ਰਿਸ਼ਨ ਲਾਲ ਬਠਲਾ, ਡਾਕਟਰ ਕੁਲਵਿੰਦਰ ਸਿੰਘ, ਮਨਜੀਤ ਮਾਨ ਪੱਤਰਕਾਰ ਸੂਬਾ ਪ੍ਰਧਾਨ ਜਰਨਲਿਸਟ ਪ੍ਰੈੱਸ ਕਲੱਬ ਰਜਿ. ਪੰਜਾਬ, ਪ੍ਰਧਾਨ ਸਾਬੀ ਰਸੂਲਪੁਰੀ ਨੇ ਪੀੜ੍ਹਤ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਮਰਹੂਮ ਜੀਵਨ ਕੁਮਾਰ ਕਾਲੀਆਂ ਦੀ ਅੰਤਿਮ ਰਸਮ ਪਗੜੀ ਉਨ੍ਹਾਂ ਦੇ ਗ੍ਰਹਿ ਪਿੰਡ ਮੁਨਾਰ ਨੇੜੇ ਪਿੰਡ ਹਮੀਰਾ ਜਿਲ੍ਹਾ ਕਪੂਰਥਲਾ ਵਿਖੇ ਮਾਤਾ ਦੇ ਮੰਦਰ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਹੋਵੇਗੀ।



## ਕੈਲੋਂ, ਲਖਨੌਰ, ਲਾਂਡਰਾਂ ਤੇ ਛੜਬੜ ਵਿਖੇ ਲਗਾਏ ਸੁਵਿਧਾ ਕੈਂਪ



**ਮੋਹਾਲੀ, (ਗੁਰਜੀਤ ਬਿੱਲਾ)**- "ਆਪ ਦੀ ਸਰਕਾਰ, ਆਪ ਦੇ ਦੁਆਰ" ਕੈਂਪਾਂ ਦਾ ਮੰਤਵ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਨੇੜੇ ਅਤੇ ਇੱਕੋਂ ਛੱਤ ਥੱਲ੍ਹੇ ਸਰਕਾਰੀ ਸੇਵਾਵਾਂ ਦਾ ਲਾਭ ਮੁਹੱਈਆ ਕਰਾਉਣਾ, ਲੋਕਾਂ ਦੀਆਂ ਮੁਸ਼ਕਲਾਂ ਸੁਣਨਾ ਅਤੇ ਉਨ੍ਹਾਂ ਦਾ ਮੌਕੇ 'ਤੇ ਹੀ ਹੱਲ ਕਰਨਾ ਹੈ। ਇਹ ਕੈਂਪ ਲੋਕਾਂ ਲਈ ਵਰਦਾਨ ਸਾਬਤ ਹੋ ਰਹੇ ਹਨ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਐਸ ਡੀ ਐਮ ਦੀਪਾਂਕਰ ਗਰਗ ਨੇ ਆਪ ਦੀ ਸਰਕਾਰ, ਆਪ ਦੇ ਦੁਆਰ ਸਕੀਮ ਤਹਿਤ ਪਿੰਡ ਕੈਲੋਂ, ਲਖਨੌਰ, ਲਾਂਡਰਾਂ ਤੇ ਛੜਬੜ ਵਿਖੇ ਲਗਾਏ ਗਏ ਕੈਂਪਾਂ ਦਾ ਜਾਇਜਾ ਲੈਂਦਿਆਂ ਕਿਹਾ। ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਖੱਜਲ-ਖੁਆਰੀ ਨੂੰ ਰੋਕਣ ਲਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਜਲਦ ਤੋਂ ਜਲਦ ਹੱਲ ਕਰਨ ਲਈ ਇਹ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਦਫਤਰਾਂ 'ਚ ਆਉਣ ਦੀ ਬਜਾਏ ਸਰਕਾਰ ਖ਼ੁੱਦ ਲੋਕਾਂ ਤੱਕ ਪਹੁੰਚ ਕੇ ਉਨ੍ਹਾਂ ਦੀਆਂ ਸਮੱਸਿਆਵਾ ਦਾ ਮੌਕੇ 'ਤੇ ਹੀ ਹੱਲ ਕਰੇ। ਐਸ ਡੀ ਐਮ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਜਿੱਥੇ ਕੈਂਪ ਦਾ ਜਾਇਜ਼ਾ ਲਿਆ ਉੱਥੇ ਹੀ ਪਿੰਡ ਦੇ ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਉਨ੍ਹਾਂ ਨੂੰ ਜਲਦ ਤੋਂ ਜਲਦ ਹੱਲ ਕਰਨ ਲਈ ਭਰੋਸਾ ਵੀ ਦਿੱਤਾ।

## ਆਈ ਟੀ ਆਈ ਦੇ ਕੰਟਰੈਕਟ ਇੰਸਟਰਕਟਰਾਂ ਦੀਆਂ ਮੰਗਾਂ ਨਾ ਮੰਨਣ 'ਤੇ ਰੋਸ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਯੂਨੀਅਨ ਦੇ ਪ੍ਰਧਾਨ ਸੰਦੀਪ ਸਿੰਘ ਨੇ ਦੱਸਿਆ ਕਿ ਅਸੀਂ ਪੰਜਾਬ ਦੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ 'ਚ ਬਤੌਰ ਕੰਟਰੈਕਟ ਇੰਸਟਰਕਟਰ ਆਪਣੀਆ ਸੇਵਾਵਾਂ ਨਿਭਾ ਰਹੇ ਹਾਂ। ਸਾਡੀਆ ਕੁਝ ਜਾਇਜ ਮੰਗਾ ਸਨ, ਜਿਨ੍ਹਾ ਕਰਕੇ ਅਸੀਂ ਵਾਰ ਵਾਰ ( 04/05/2023 ਜਲੰਧਰ, 24/05/2023 ਪੰਜਾਬ ਭਵਨ ਚੰਡੀਗੜ੍ਹ, 20/09/2023 ਚੰਡੀਗੜ੍ਹ ਸੈਕਟਰ 2 , 19/09/2023 ਅਤੇ 24/01/2024 ਨੂੰ ਪੰਜਾਬ ਭਵਨ ਚੰਡੀਗੜ੍ਹ) ਵੱਖ ਵੱਖ ਜਗ੍ਹਾ 'ਤੇ ਮਾਣਯੋਗ ਤਕਨੀਕੀ ਸਿੱਖਿਆ ਮੰਤਰੀ ਨਾਲ ਮੀਟਿੰਗਾਂ ਕਰ ਚੁੱਕੇ ਹਾਂ। ਇਹਨਾ ਵਾਰ ਵਾਰ ਬੇਨਤੀ ਕਰਨ 'ਤੇ ਵੀ ਸਾਡੀਆ ਮੰਗਾ ਨੂੰ ਵਿਚਾਰਿਆ ਨਹੀਂ ਗਿਆ। ਯੂਨੀਅਨ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਜੇਕਰ ਮੀਟਿੰਗ ਦਾ ਜਵਾਬ ਸਾਨੂੰ 20 ਫਰਵਰੀ ਤੱਕ ਨਹੀਂ ਦਿੱਤਾ ਜਾਂਦਾ ਤਾਂ ਪੂਰੀ ਯੂਨੀਅਨ ਵੱਲੋਂ ਸੰਗਰੂਰ 'ਚ 20 ਫਰਵਰੀ ਤੋਂ ਬਾਅਦ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।



## 'ਆਪ' ਨੇ ਅਜੇ ਤੱਕ ਐਸ ਸੀ ਭਾਈਚਾਰੇ 'ਚੋਂ ਉਪ ਮੁੱਖ ਮੰਤਰੀ ਕਿਉਂ ਨਹੀਂ ਬਣਾਇਆ : ਗੁਰਮੁਖ ਖੋਸਲਾ



**ਕਾਲਾ ਸੰਘਿਆਂ (ਮਨਜੀਤ ਮਾਨ)**

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਨਵੇਂ ਬਣੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੇ ਲੋਕਾਂ ਨੂੰ ਇੱਕ ਗਰੰਟੀ ਇਹ ਵੀ ਦਿੱਤੀ ਸੀ ਜੇਕਰ ਤੁਸੀਂ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਂਦੇ ਹੋ ਤਾਂ ਅਸੀਂ ਸੱਭ ਤੋਂ ਪਹਿਲਾਂ ਐਸ ਸੀ ਸਮਾਜ 'ਚੋਂ ਡਿਪਟੀ ਸੀ ਐਮ ਲਗਾਵਾਂਗੇ ਇਥੇ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡੈਮੋਕ੍ਰੈਟਿਕ ਭਾਰਤੀਯ ਲੋਕ ਦਲ ਦੇ ਰਾਸ਼ਟਰੀ ਪ੍ਰਧਾਨ ਗੁਰਮੁੱਖ ਸਿੰਘ ਖੋਸਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੀ ਸਤਾ ਹਾਸਲ ਕਰਨ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨੂੰ ਕਈ ਗਰੰਟੀਆ ਦਿੱਤੀਆਂ ਜਿਨ੍ਹਾਂ 'ਚੋਂ ਇੱਕ ਗਰੰਟੀ ਇਹ ਵੀ ਸੀ ਜਦੋਂ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੂੰਗੀ ਤਾਂ ਸਭ ਤੋਂ ਪਹਿਲਾਂ ਐਸ ਸੀ ਸਮਾਜ 'ਚੋਂ ਡਿਪਟੀ ਸੀ ਐਮ ਲਗਾਵਾਂਗੇ। ਗੁਰਮੁੱਖ ਸਿੰਘ ਖੋਸਲਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਵਾਲ ਕਰਦੇ ਹੋਏ ਕਿਹਾ ਕਿ ਹੁਣ ਤੇ ਪੰਜਾਬ ਵਿਚ ਤੁਹਾਡੀ ਸਰਕਾਰ ਬਣੀ ਨੂੰ ਲਗਭਗ 2 ਸਾਲ ਦਾ ਸਮਾਂ ਹੋਣ ਜਾ ਰਿਹਾ ਹੈ, ਪਰ ਅਜੇ ਤੱਕ ਪੰਜਾਬ 'ਚ ਐਸ ਸੀ ਸਮਾਜ 'ਚੋਂ ਡਿਪਟੀ ਸੀ ਐਮ ਨਹੀਂ ਲਾਇਆ ਗਿਆ ਕਿਉਂ? ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੇਮ ਮਸੀਹ ਪ੍ਰਧਾਨ ਪੰਜਾਬ, ਗੁਰਦੇਵ ਸਿੰਘ ਮਾਲੜੀ ਰਾਸਟਰੀ ਸਕੱਤਰ, ਸੁਖਵੀਰ ਸਿੰਘ ਸਹੋਤਾ ਪ੍ਰਧਾਨ ਜਿਲ੍ਹਾ ਜਲੰਧਰ ਆਦਿ ਸਾਥੀ ਮੌਜੂਦ ਸਨ।

# ਰੋਲ ਨੰਬਰ ਦੇਣ ਲਈ ਸਕੂਲ ਵੱਲੋਂ ਉਗਰਾਹੀ ਜਾ ਰਹੀ ਹੈ ਗੈਰ-ਕਾਨੂਨੀ ਫੀਸ : ਮਾਪੇ

**ਮੋਹਾਲੀ (ਗੁਰਜੀਤ ਬਿੱਲਾ)**

ਜਿੱਥੇ ਇੱਕ ਪਾਸੇ ਦਸਵੀਂ ਦੇ ਪੇਪਰ 16 ਫਰਵਰੀ ਤੋਂ ਸ਼ੁਰੂ ਹੋ ਚੁੱਕੇ ਹਨ, ਪਰ ਰਿਆਨ ਇੰਟਰਨੈਸ਼ਨਲ ਸਕੂਲ ਮੋਹਾਲੀ ਵੱਲੋਂ ਵਿਦਿਆਰਥੀਆਂ ਦੇ ਰੋਲ ਨੰਬਰ ਕਥਿਤ ਥੋਖਾਧੜੀ ਦੇ ਇਰਾਦੇ ਨਾਲ ਰੋਕ ਰਖੇ ਹਨ ਅਤੇ ਮਾਪਿਆਂ ਪਾਸੋਂ ਕੋਵਿਡ ਸਮੇਂ 2020-21 ਅਤੇ 2021-22 ਦੀ ਵਸੂਲੀ ਲਈ ਦਬਾਉ ਬਣਾਇਆ ਜਾ ਰਿਹਾ ਹੈ ਜਦਕਿ ਇਹਨਾਂ ਸਾਲਾਂ ਦੌਰਾਨ ਸਕੂਲ ਵੱਲੋ ਸਾਲਾਨਾ ਚਾਰਜ ਅਤੇ ਕੰਪਿਊਟਰ ਫੀਸ ਵੇਵ ਆਫ ਕੀਤੀ ਗਈ ਸੀ। ਅਤੇ ਉਦੋਂ ਇਹ ਵਿਦਿਆਰਥੀ ਸੱਤਵੀਂ ਜਾਂ ਅੱਠਵੀਂ ਕਲਾਸ ਵਿੱਚ ਸਨ। ਉਹ ਬੱਚੇ ਜਿਨ੍ਹਾਂ ਨੇ ਹੁਣ ਦਸਵੀਂ ਦਾ ਇਮਤਿਹਾਨ ਦੇਣਾ ਹੈ ਉਹਨਾਂ ਬੱਚਿਆਂ ਪਾਸੋਂ ਇਹ ਫੀਸ ਮੰਗੀ ਜਾ ਰਹੀ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਜੇਕਰ ਇਹ ਫੀਸ ਨਾ ਦਿੱਤੀ ਗਈ ਤਾਂ ਉਹਨਾਂ ਨੂੰ ਰੋਲ ਨੰਬਰ ਜਾਰੀ ਨਹੀਂ ਕੀਤੇ ਜਾ ਸਕਦੇ। ਇਸ ਸੰਬੰਧ ਵਿੱਚ ਮਾਪਿਆਂ ਵੱਲੋਂ ਪ੍ਰਿੰਸੀਪਲ ਮੈਡਮ ਰੋਜੀ ਨੂੰ ਮਿਲਿਆ ਗਿਆ ਪਰ ਤਾਂ ਵੀ ਇਸ ਦਾ ਕੋਈ ਹੱਲ ਨਹੀਂ ਹੋ ਸਕਿਆ ਇਸ ਨੂੰ ਲੈ ਕੇ ਮਾਪਿਆਂ ਵਿੱਚ ਬਹੁਤ ਸਾਰਾ ਰੋਸ ਹੈ ਉਹਨਾਂ ਵੱਲੋਂ ਦੋਸ ਲਗਾਇਆ ਜਾ ਰਿਹਾ ਹੈ ਕਿ ਹੁਣ ਜਦੋਂ ਉਹਨਾਂ ਦੇ ਬੱਚਿਆਂ ਨੇ ਸਕੂਲ ਵਿੱਚੋਂ ਦਸਵੀਂ ਦੇ ਪੇਪਰ ਦੇਣੇ ਹਨ ਅਤੇ ਉਹ ਸਕੂਲ ਦੇ ਸੈਸਨ ਦੀ ਪੂਰੀ ਫੀਸ ਅਦਾ ਕਰ ਚੁੱਕੇ ਹਨ ਤਾਂ ਇਸ ਸਮੇਂ ਸਕੂਲ ਵੱਲੋਂ ਉਹਨਾਂ ਪਾਸੋਂ ਗੈਰ ਕਾਨੂੰਨੀ ਤਰੀਕੇ ਨਾਲ ਫੀਸ ਮੰਗੀ ਜਾ ਰਹੀ ਹੈ। ਅਤੇ ਕਿਹਾ ਜਾ ਰਿਹਾ ਕਿ ਜੇਕਰ ਉਹਨਾਂ ਨੂੰ ਨੇ ਇਹ ਫੀਸ ਨਾ ਦਿੱਤੀ ਤਾਂ ਉਹਨਾਂ ਨੂੰ ਰੋਲ ਨੰਬਰ ਜਾਰੀ ਨਹੀਂ ਕੀਤੇ ਜਾ ਸਕਦੇ।

ਨਿਯਮਾਂ ਅਨੁਸਾਰ ਦੇਖੀਏ ਤਾਂ ਸੀ ਬੀ ਐਸਈ ਦੇ ਨਿਯਮ ਇਹ ਹਨ ਕਿ ਕਿਸੇ ਵੀ ਵਿਦਿਆਰਥੀ ਦਾ ਰੋਲ ਨੰਬਰ ਰੋਕਿਆ ਨਹੀਂ ਜਾ ਸਕਦਾ। ਇਸ ਕਰਕੇ ਪ੍ਰਸ਼ਾਸਨ ਅਤੇ ਸਰਕਾਰ ਪਾਸੋਂ ਮਾਪੇ ਇਹ ਮੰਗ ਕਰ ਰਹੇ ਹਨ ਕਿ ਸਕੂਲ ਨੂੰ ਆਖਿਆ ਜਾਵੇ ਕਿ ਵਿਦਿਆਰਥੀਆਂ ਦੇ ਰੋਲ ਨੰਬਰ ਜਾਰੀ ਕੀਤੇ ਜਾਣ। ਇਸ ਸਬੰਧੀ ਪੰਜਾਬ ਅਗੈਂਸਟ ਕੁਰਪਸਨ ਦੇ ਪ੍ਰਧਾਨ ਸਤਨਾਮ ਦਾਊਂ ਨੇ ਸਰਕਾਰ ਨੂੰ ਪੱਤਰ ਲਿਖਕੇ ਸਰਕਾਰ ਪਾਸੋਂ ਇਹ ਵੀ ਮੰਗ ਹੈ ਕਿ ਸਕੂਲ ਦੀ ਇਸ ਕਾਰਵਾਈ ਲਈ ਸਕੂਲ ਉੱਪਰ ਐਕਸ਼ਨ ਲਿਆ ਜਾਵੇ। ਮੁੱਖ ਮੰਤਰੀ ਭਗਵੰਤ ਮਾਨ ਵਲੋਂ ਇਸ ਵਾਸਤੇ ਸਕੱਤਰ ਸਕੂਲ ਕਮਲ ਕਿਸ਼ੋਰ ਯਾਦਵ ਨੂੰ ਪਤਰ ਮਾਰਕ ਕਰ ਦਿੱਤਾ ਗਿਆ ਹੈ। ਇੱਥੇ ਇਹ ਦਸਣਯੋਗ ਹੈ ਕਿ ਇਸ ਤੋਂ ਪਹਿਲੇ ਪਾਸ ਹੋਏ ਬੈਚ 2021-22 ਪਾਸੋਂ ਇਹ ਫੀਸ ਨਹੀਂ ਮੰਗੀ ਨਹੀਂ ਗਈ ਸੀ ਅਤੇ ਹੁਣ ਉਹ ਸਕੂਲ ਵੀ ਛਡ ਚੁੱਕੇ ਹਨ ਅਤੇ ਅੱਜ ਉਹ ਵਿਦਿਆਰਥੀ ਇਸ ਸਕੂਲ ਦਾ ਹਿੱਸਾ ਵੀ ਨਹੀਂ ਹਨ।

## 'ਯੂ' ਬ੍ਰਾਂਡ ਬਣਾਉਣ 'ਤੇ ਸਸ਼ਕਤੀਕਰਨ ਸੈਮੀਨਾਰ



**ਜਲੰਧਰ (ਇਕਬਾਲ ਸਿੰਘ ਉੱਭੀ)**

ਪੀ ਸੀ ਐਮ ਐਸ ਡੀ ਕਾਲਜ ਫਾਰ ਵੂਮੈਨ ਦੇ ਪਲੇਸਮੈਂਟ ਸੈੱਲ ਵੱਲੋਂ ਕਰਵਾਏ ਗਏ ਇੱਕ ਪਰਿਵਰਤਨਸ਼ੀਲ ਸੈਮੀਨਾਰ 'ਚ ਆਊਟਗੋਇੰਗ ਵਿਦਿਆਰਥਣਾਂ ਨੂੰ ਉਨ੍ਹਾਂ ਦੇ ਨਿੱਜੀ ਬ੍ਰਾਂਡ ਨੂੰ ਆਕਾਰ ਦੇਣ ਦੇ ਅਹਿਮ ਪਹਿਲੂਆਂ ਬਾਰੇ ਚਾਨਣਾ ਪਾਇਆ ਗਿਆ। ਇਸ ਸਮਾਗਮ ਵਿੱਚ ਪ੍ਰਮੁੱਖ ਬੁਲਾਰਿਆਂ, ਈਸ਼ਾ ਕੁਮਾਰ, ਇੱਕ ਇੰਟਰਵਿਊ ਕੋਚ ਅਤੇ ਜੈਸਮਿਤਾ ਸਿੰਘ, ਇੱਕ ਅਨੁਭਵੀ ਉਦਯੋਗਪਤੀ ਸਾਮਲ ਸਨ। ਸ੍ਰੀਮਤੀ ਦਿਵਿਆ ਬੁਧੀਆ ਨੇ ਮਹਿਮਾਨਾਂ ਦਾ ਨਿੱਘਾ ਸੁਆਗਤ ਕੀਤਾ ਅਤੇ ਇੱਕ ਸੂਝ ਭਰਪੂਰ ਸੈਸ਼ਨ ਦੀ ਧੁਨ ਤੈਅ ਕੀਤੀ। ਬੁਲਾਰਿਆਂ ਨੇ ਕਰੀਅਰ ਬਣਾਉਣ ਵਾਲੀਆਂ ਔਰਤਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਸ਼ੁਰੂਆਤੀ ਚੁਣੌਤੀਆਂ ਸਮੇਂ ਦੇ ਨਾਲ ਹੱਲ ਹੋ ਜਾਂਦੀਆਂ ਹਨ। ਸੈਮੀਨਾਰ ਨੇ ਨਾ ਸਿਰਫ ਨੌਕਰੀ ਦੀ ਭਾਲ ਨੂੰ ਉਤਸ਼ਾਹਿਤ ਕੀਤਾ ਸਗੋਂ ਉੱਦਮਤਾ ਬਾਰੇ ਵੀ ਜਾਣਕਾਰੀ ਦਿੱਤੀ, ਵਿਦਿਆਰਥੀਆਂ ਨੂੰ ਕੈਰੀਅਰ ਦੇ ਵਿਭਿੰਨ ਮਾਰਗਾਂ 'ਤੇ ਵਿਚਾਰ ਕਰਨ ਲਈ ਸਕਤੀ ਪ੍ਰਦਾਨ ਕੀਤੀ। ਬੁਲਾਰਿਆਂ ਅਤੇ ਭਾਗੀਦਾਰਾਂ ਦੇ ਵੱਡਮੁੱਲੇ ਯੋਗਦਾਨ ਨੂੰ ਸਵੀਕਾਰ ਕਰਦਿਆਂ ਸ੍ਰੀਮਤੀ ਸ਼ਿਖਾ ਪੁਰੀ ਦੁਆਰਾ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮਾਣਯੋਗ ਮੈਂਬਰਾਂ ਅਤੇ ਯੋਗ ਪ੍ਰਿੰਸੀਪਲ ਡਾ. ਪੂਜਾ ਪਰਾਸਰ ਨੇ ਸੈਮੀਨਾਰ ਦੀ ਸਫਲਤਾ 'ਤੇ ਤਸੱਲੀ ਪ੍ਰਗਟ ਕਰਦੇ ਹੋਏ ਵਿਦਿਆਰਥੀਆਂ ਲਈ ਇਸ ਦੇ ਮਹੱਤਵਪੂਰਨ ਲਾਭਾਂ ਨੂੰ ਉਜਾਗਰ ਕੀਤਾ ਅਤੇ ਸੈਮੀਨਾਰ ਦੇ ਸਫਲ ਆਯੋਜਨ ਲਈ ਪਲੇਸਮੈਂਟ ਸੈੱਲ ਦੇ ਇੰਚਾਰਜ ਸ਼੍ਰੀਮਤੀ ਰਜਨੀ ਕਪੂਰ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਸੀ ਜੀ ਸੀ ਲਾਂਡਰਾਂ ਵਿਖੇ 18ਵੀਂ ਸਾਲਾਨਾ ਸਪੋਰਟਸ ਮੀਟ ਦੀ ਸਫਲਤਾਪੂਰਵਕ ਸਮਾਪਤੀ

**ਚੰਡੀਗੜ੍ਹ (ਗੁਰਜੀਤ ਬਿੱਲਾ)**



ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼ (ਸੀ ਜੀ ਸੀ) ਲਾਂਡਰਾਂ ਦੀ ਰੋਜ਼ਾ 18ਵੀਂ ਸਾਲਾਨਾ ਸਪੋਰਟਸ ਮੀਟ-2024 ਸਮਾਪਤ ਹੋ ਗਈ ਹੈ। ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵੇਟਲਿਫਟਰ ਵਿਕਾਸ ਠਾਕੁਰ ਨੇ ਸ਼ਮੂਲੀਅਤ ਕੀਤੀ। ਜ਼ਿਕਰਯੋਗ ਹੈ ਕਿ ਵਿਕਾਸ ਠਾਕੁਰ ਨੂੰ ਅਰਜੁਨ ਐਵਾਰਡ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ ਅਤੇ ਉਹ ਤਿੰਨ ਵਾਰ ਰਾਸ਼ਟਰਮੰਡਲ ਤਮਗਾ ਜੇਤੂ ਰਹਿ ਚੁੱਕੇ ਹਨ। ਉਨ੍ਹਾਂ ਨੇ ਸੀਜੀਸੀ ਵੱਲੋਂ ਪੁਰਸ ਅਤੇ ਮਹਿਲਾ ਵਰਗ ਵਿੱਚ ਸਾਲ ਦਾ ਸਰਵੋਤਮ ਅਥਲੀਟ ਚੁਣੇ ਗਏ ਜਗਦੀਸ ਕੁਮਾਰ ਮੰਡਲ, ਅਤੇ ਜਾਨ੍ਹਵੀ ਨੂੰ ਮੈਡਲ ਅਤੇ ਸਰਟੀਫਿਕੇਟ ਦਿੱਤੇ। ਫੁੱਟਬਾਲ, ਵਾਲੀਬਾਲ, ਬਾਸਕਿਟ ਬਾਲ ਅਤੇ ਕਬੱਡੀ ਤੋਂ ਇਲਾਵਾ ਰੇਸ, ਜੈਵਲਿਨ ਥਰੋਅ, ਡਿਸਕਸ ਥਰੋਅ, ਸ਼ਾਟਪੁੱਟ ਸਣੇ ਸਾਰੇ ਟਰੈਕ ਅਤੇ ਫੀਲਡ ਮੁਕਾਬਲਿਆਂ ਦੇ ਜੇਤੂਆਂ ਨੂੰ ਮੈਡਲ ਅਤੇ ਸਰਟੀਫਿਕੇਟ ਪ੍ਰਦਾਨ ਕੀਤੇ। ਲੰਬੀ ਛਾਲ ਮੁਕਾਬਲੇ (ਲੜਕੀਆਂ) ਵਿੱਚ ਦਿਵਯਾਂਜਲੀ ਨੇ ਸੋਨ ਤਗਮਾ ਜਦਕਿ ਖੁਸਬੂ ਨੇ ਚਾਂਦੀ ਦਾ ਤਗਮਾ ਜਿੱਤਿਆ। ਲੰਬੀ ਛਾਲ ਮੁਕਾਬਲੇ (ਲੜਕੇ) ਵਿੱਚ ਅਭਿਨਵ ਨੇ ਸੋਨ ਤਗਮਾ ਅਤੇ ਮੁਕੁਲ ਨੇ ਚਾਂਦੀ ਦਾ ਤਗਮਾ ਜਿੱਤਿਆ; ਅੰਸ ਨੇ ਕਾਂਸੀ ਦਾ ਤਗਮਾ ਜਿੱਤਿਆ।ਜਾਹਨਵੀ ਨੇ ਕੁੜੀਆਂ ਦੀ 400 ਮੀਟਰ ਦੌੜ ਵਿੱਚ ਗੋਲਡ ਮੈਡਲ ਜਿੱਤਿਆ। ਲੜਕਿਆਂ ਦੀ 4100 ਰਿਲੇਅ ਦੌੜ ਤਰੁਣ, ਸਾਹਿਲ, ਅਦਨਾਨ ਅਤੇ ਸਿਮਰੋਜ ਦੀ ਟੀਮ ਨੇ ਜਿੱਤੀ। ਜਦੋਂ ਕਿ ਲੜਕੀਆਂ ਦੀ 4100 ਰਿਲੇਅ ਦੌੜ ਵਿੱਚ ਨਿਹਾਲਿਨੀ, ਰਿਚਾ, ਰਿੰਪੀ ਅਤੇ ਜਾਨਵੀ ਦੀ ਟੀਮ ਜੇਤੂ ਰਹੀ। ਸੰਜੂ ਨੇ ਲੜਕੀਆਂ ਦੇ ਡਿਸਕਸ ਥਰੋਅ ਮੁਕਾਬਲੇ 'ਚ ਸੋਨ ਤਗਮਾ ਜਿੱਤਿਆ ਜਦਕਿ ਧਰੁਵ ਸਿੰਘ ਨੇ ਲੜਕਿਆਂ ਦੇ ਡਿਸਕਸ ਥਰੋਅ ਮੁਕਾਬਲੇ 'ਚ ਸੋਨ ਤਗਮਾ ਜਿੱਤਿਆ. ਰੋਬਿਨ ਸਿੰਘ ਨੇ ਲੜਕਿਆਂ ਦੇ ਜੈਵਲਿਨ ਥਰੋਅ ਮੁਕਾਬਲੇ ਵਿੱਚ ਜਿੱਤ ਦਰਜ ਕੀਤੀ ਜਦਕਿ ਸੋਨਮ ਨੇ ਲੜਕੀਆਂ ਦੇ ਜੈਵਲਿਨ ਥਰੋਅ ਮੁਕਾਬਲੇ ਵਿੱਚ ਸੋਨ ਤਮਗਾ ਜਿੱਤਿਆ। ਲੜਕੀਆਂ ਦੇ ਸਾਟ ਪੁਟ ਮੁਕਾਬਲੇ ਵਿੱਚ ਨੇਹਾ ਬਿਸਟ ਨੇ ਸੋਨ ਤਗਮਾ ਜਿੱਤਿਆ ਜਦਕਿ ਲੜਕਿਆਂ ਦੇ ਵਰਗ ਵਿੱਚ ਵਿਸਾਲ ਮੱਕੜ ਨੇ ਸਾਟ ਪੁਟ ਵਿੱਚ ਸੋਨ ਤਗਮਾ ਜਿੱਤਿਆ।

# ਕਿਸਾਨਾਂ 'ਤੇ ਗੋਲੀਆਂ ਚਲਾਉਣ ਵਾਲੀ ਪੁਲਸ 'ਤੇ ਤੁਰੰਤ ਮੁਕੱਦਮੇ ਦਰਜ ਹੋਣ : ਬੇਗਮਪੁਰਾ ਟਾਈਗਰ ਫੋਰਸ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**

ਬੇਗਮਪੁਰਾ ਟਾਇਗਰ ਫੋਰਸ ਕੌਮੀ ਚੇਅਰਮੈਨ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਫੋਰਸ ਦੀ ਇੱਕ ਅਹਿਮ ਮੀਟਿੰਗ ਫੋਰਸ ਦੇ ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਪ੍ਰਧਾਨਗੀ ਹੇਠ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਹੋਈ। ਮੀਟਿੰਗ ਵਿੱਚ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਅਤੇ ਦੋਆਬਾ ਪ੍ਰਧਾਨ ਨੇਕੂ ਅਜਨੋਹਾ ਵਿਸੇਸ਼ ਤੌਰ 'ਤੇ ਪਹੁਚੇ। ਮੀਟਿੰਗ ਨੂੰ ਸੰਬੋਧਨ ਕਰਦਿਆ ਆਗੂਆ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਦੀ ਹੱਦ ਹਦੂਦ ਅੰਦਰ ਸੰਭੂ ਸਰਹੱਦ ਰਾਹੀਂ ਸ਼ਾਂਤਮਈ ਢੰਗ ਨਾਲ ਦਿੱਲੀ ਕੂਚ ਕਰ ਰਹੇ ਕਿਸਾਨਾਂ ਅਤੇ ਮਜਦੂਰਾਂ 'ਤੇ ਗੋਲੀਆਂ ਚਲਾਉਣ ਵਾਲੀ ਹਰਿਆਣਾ ਪੁਲਸ ਵਿਰੁੱਧ 307 ਦੇ ਮੁਕਦਮੇ ਦਰਜ ਕਰਨੇ ਚਾਹੀਦੇ ਹਨ। ਉਹਨਾਂ ਮਨੋਹਰ ਲਾਲ ਖੱਟੜ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਕਿਸਾਨ ਵਿਰੋਧੀ ਭਾਜਪਾ ਨੂੰ ਆਗਾਮੀ ਚੋਣਾਂ ਦੌਰਾਨ ਦੇਸ ਭਰ ਚੋਂ ਹਰਾਇਆ ਜਾਵੇ ਉਹਨਾਂ ਦੋਸ ਲਾਇਆ ਕਿ ਹਰਿਆਣਾ ਸਰਕਾਰ ਨੇ ਕਿਸਾਨਾਂ ਅਤੇ ਮਜਦੂਰਾਂ ਪ੍ਰਤੀ ਆਪਣੀ ਦੁਸ਼ਮਣੀ ਜਾਹਿਰ ਕਰਦਿਆਂ ਕੰਕਰੀਟ ਦੇ ਬੈਰੀਗੇਟਾਂ ਅਤੇ ਲੋਹੇ ਦੇ ਕਿਲਾ ਨਾਲ ਸਾਰੇ ਹਾਈਵੇ ਬੰਦ ਕਰ ਦਿੱਤੇ ਹਨ ਅਤੇ ਆਪਣੀ ਪੁਲਸ ਨੂੰ ਅੰਨਦਾਤਾ ਉੱਪਰ ਅੰਨ੍ਹੇ ਵਾਹ ਅੱਥਰੂ ਗੈਸ ਦੇ ਗੋਲੇ ਰਬੜ ਦੀਆਂ ਗੋਲੀਆਂ ਪਾਣੀ ਦੀਆਂ ਤੋਪਾਂ ਅਤੇ ਇਥੋਂ ਤੱਕ ਕਿ ਹਰਿਆਣਾ ਪੁਲਸ ਨੂੰ ਗੋਲੀਆ ਚਲਾਉਣ ਅਤੇ ਹਰ ਢੰਗ ਵਰਤਣ ਦੀ ਖੁੱਲ ਦਿੱਤੀ ਹੋਈ ਹੈ। ਇਸ ਮੌਕੇ ਹੋਰਨਾ ਤੋਂ ਇਲਾਵਾ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ, ਸਤੀਸ਼ ਕੁਮਾਰ ਸ਼ੇਰਗੜ੍ਹ, ਰਾਜ ਕੁਮਾਰ ਬੱਧਣ ਨਾਰਾ, ਰਾਜ ਕੁਮਾਰ ਬੱਧਣ ਸ਼ੇਰਗੜ੍ਹ, ਚਰਨਜੀਤ ਡਾਡਾ, ਰਾਕੇਸ਼ ਕੁਮਾਰ ਭੱਟੀ, ਅਮਨਦੀਪ, ਮੁਨੀਸ਼ ਕੁਮਾਰ, ਵਿੱਕੀ ਸਿੰਘ ਪੁਰਹੀਰਾ, ਮੰਗਾ ਸ਼ੇਰਗੜ੍ਹ ਸਮੇਤ ਫੋਰਸ ਦੇ ਹੋਰ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

# ਢਾਬੀ ਗੁੱਜਰਾਂ ਬਾਰਡਰ 'ਤੇ ਕਿਸਾਨਾਂ ਦਾ ਮੋਰਚਾ ਜਾਰੀ

## ਕਿਸਾਨਾਂ ਦੀ ਗਿਣਤੀ 'ਚ ਲਗਾਤਾਰ ਵਾਧਾ, ਆਸ-ਪਾਸ ਦੇ ਪਿੰਡਾਂ ਦੇ ਲੋਕ ਲੰਗਰ ਲੈ ਕੇ ਪਹੁੰਚਣੇ ਸ਼ੁਰੂ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਆਪਣੀਆਂ ਮੰਗਾਂ ਦੇ ਹੱਕ ਵਿੱਚ ਦੇਸ਼ ਦੀ ਰਾਜਧਾਨੀ ਦਿੱਲੀ ਵੱਲ ਜਾਣ ਵਾਲੇ ਕਿਸਾਨਾਂ ਵੱਲੋਂ ਸ਼ੁਰੂ ਕੀਤੇ ਗਏ ਮੋਰਚੇ ਨੂੰ ਹਰਿਆਣਾ ਦੇ ਬਾਰਡਰਾਂ 'ਤੇ ਡੱਕੇ ਜਾਣ ਦੇ ਰੋਸ ਵਜੋਂ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ 'ਤੇ ਕਿਸਾਨਾਂ ਦਾ ਚੱਲ ਰਿਹਾ ਵਿਰੋਧ ਪ੍ਰਦਰਸ਼ਨ ਲਗਾਤਾਰ ਜਾਰੀ ਹੈ। ਕਿਸਾਨ ਜਥੇਬੰਦੀਆਂ ਦੀ ਕੇਂਦਰੀ ਮੰਤਰੀਆਂ ਨਾਲ ਚੱਲ ਰਹੀ ਮੀਟਿੰਗ ਦੇ ਮੱਦੇਨਜ਼ਰ ਪਿਛਲੇ ਦੋ ਦਿਨਾਂ ਤੋਂ ਢਾਬੀ ਗੁੱਜਰਾਂ ਬਾਰਡਰ ਉੱਤੇ ਸ਼ਾਂਤੀ ਬਣੀ ਹੋਈ ਹੈ, ਪਰ ਕਿਸਾਨਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਪੰਜਾਬ-ਹਰਿਆਣਾ ਹੱਦ 'ਤੇ ਪਿੰਡ ਢਾਬੀ ਗੁੱਜਰਾਂ ਬਾਰਡਰ ਨਜ਼ਦੀਕ ਹਰਿਆਣਾ ਪੁਲਸ ਉੱਥੇ ਕੇਂਦਰੀ ਸੁਰੱਖਿਆ ਬਲਾਂ ਵੱਲੋਂ ਕੀਤੀ ਗਈ ਸਖ਼ਤ ਨਾਕੇਬੰਦੀ ਕਰਕੇ ਪਿਛਲੇ ਪੰਜਾਂ ਦਿਨਾਂ ਤੋਂ ਕਿਸਾਨ ਸੜਕ ਜਾਮ ਕਰਕੇ ਬੈਠੇ ਕਿਸਾਨਾਂ ਦੀ ਮਦਦ ਲਈ ਆਸ-ਪਾਸ ਦੇ ਪਿੰਡਾਂ ਵਿੱਚੋਂ ਵੱਡੀ ਗਿਣਤੀ ਵਿੱਚ ਲੋਕ ਆਪ ਮੁਹਾਰੇ ਪਹੁੰਚ ਰਹੇ ਹਨ, ਉੱਥੇ ਬਹੁਤ ਸਾਰੇ ਪਿੰਡਾਂ ਵੱਲੋਂ ਧਰਨੇ ਉੱਤੇ ਬੈਠੇ ਲੋਕਾਂ ਲਈ ਤਰ੍ਹਾਂ ਤਰ੍ਹਾਂ ਦੇ ਲੰਗਰ ਪਹੁੰਚਣੇ ਸ਼ੁਰੂ ਹੋ ਗਏ ਹਨ। ਕਿਸਾਨਾਂ ਦੀ ਦਿਨੋਂ ਦਿਨ ਵਧਦੀ ਗਿਣਤੀ ਨੂੰ ਦੇਖਦਿਆਂ ਪੰਜਾਬ ਪੁਲਸ ਵੱਲੋਂ ਵੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ। ਖਨੌਰੀ ਸ਼ਹਿਰ ਦੇ ਦੋਵੇਂ ਪਾਸੇ ਪੰਜਾਬ ਪੁਲਸ ਵੱਲੋਂ ਕੀਤੀ ਗਈ ਸਖ਼ਤ ਨਾਕੇਬੰਦੀ ਦੇ ਚਲਦਿਆਂ ਮਿੱਟੀ ਦੇ ਭਰੇ ਟਿੱਪਰ ਵੀ ਖੜੇ ਕਰ ਦਿੱਤੇ ਗਏ ਹਨ ਤਾਂ ਕਿ ਕਿਸੇ ਵੀ ਸਮੇਂ ਹੰਗਾਮੀ ਹਾਲਤ ਨਾਲ ਨਜਿੱਠਿਆ ਜਾ ਸਕੇ।

ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਤੇ ਸੂਬਾਈ ਆਗੂ ਮਨਜੀਤ ਸਿੰਘ ਨਿਆਲ ਨੇ ਦੱਸਿਆ ਕਿ ਖੇਤੀ ਕਾਨੂੰਨਾਂ ਦੇ ਵਾਪਸੀ ਵੇਲੇ ਕੀਤੇ ਗਏ ਵਾਅਦਿਆਂ ਨੂੰ ਕੇਂਦਰ ਸਰਕਾਰ ਵੱਲੋਂ ਪੂਰਾ ਨਾ ਕੀਤੇ ਜਾਣ ਨੂੰ ਲੈ ਕੇ ਦੇਸ਼ ਦੇ ਕਿਸਾਨਾਂ ਵਿੱਚ ਵੱਡੇ ਪੱਧਰ ਉੱਤੇ ਰੋਸ ਪਾਇਆ ਜਾ ਰਿਹਾ ਹੈ, ਜਿਸ ਦੇ ਚਲਦਿਆਂ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਦੇਸ਼ ਦੀ ਰਾਜਧਾਨੀ ਦਿੱਲੀ ਵੱਲ ਜਾ ਰਹੇ ਹਨ, ਪਰ ਬਦਕਿਸਮਤੀ ਦੀ ਗੱਲ ਹੈ ਕਿ ਹਰਿਆਣਾ ਵੱਲੋਂ ਕੇਂਦਰ ਸਰਕਾਰ ਦੇ ਇਸ਼ਾਰਿਆਂ 'ਤੇ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਲਈ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਦੇਸ਼ ਨੂੰ ਅਨਾਜ ਦੇ ਖੇਤਰ ਵਿੱਚ ਆਤਮ ਨਿਰਭਰ ਕੀਤਾ, ਪਰ ਅੱਜ ਕਿਸਾਨ ਆਪਣੇ ਹੀ ਦੇਸ਼ ਵਿੱਚ ਬੇਗਾਨੇਪਣ ਦਾ ਅਹਿਸਾਸ ਕਰ ਰਹੇ ਹਨ।

# ਇੰਡੀਅਨ ਮੈਡੀਕਲ ਪ੍ਰੈਕਟੀਸ਼ਨਰਜ਼ ਫੈਡਰੇਸ਼ਨ ਵੱਲੋਂ ਦਿੱਲੀ ਜੰਤਰ ਮੰਤਰ ਚੌਕ 'ਤੇ ਧਰਨਾ ਪ੍ਰਦਰਸ਼ਨ ਅੱਜ

**ਮਾਨਸਾ (ਆਤਮਾ ਸਿੰਘ ਪਮਾਰ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾਈ ਪ੍ਰਧਾਨ ਤੇ ਇੰਡੀਅਨ ਮੈਡੀਕਲ ਪ੍ਰੈਕਟੀਸ਼ਨਰਜ਼ ਫੈਡਰੇਸ਼ਨ ਦੇ ਕੌਮੀ ਜਨਰਲ ਸਕੱਤਰ ਧੰਨਾ ਮੱਲ ਗੋਇਲ, ਸੂਬਾ ਸਕੱਤਰ ਗੁਰਮੇਲ ਸਿੰਘ ਮਾਛੀਕੇ, ਕੈਸ਼ੀਅਰ ਐੱਚ ਐੱਸ ਰਾਣੂ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਭਾਰਤ ਪੱਧਰ ਦੇ ਅਣ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੀਆਂ ਆਗੂ ਟੀਮਾਂ ਨੂੰ ਆਪਣੇ ਕਿੱਤੇ ਦੀ ਰਾਖੀ ਲਈ ਰਜਿਸਟ੍ਰੇਸ਼ਨ ਦੀਆਂ ਹੱਕੀ ਮੰਗਾਂ ਮੰਨਵਾਉਣ ਲਈ 19 ਫਰਵਰੀ ਨੂੰ ਜੰਤਰ ਮੰਤਰ ਚੌਕ 'ਚ ਇੱਕ ਰੋਜ਼ਾ ਧਰਨੇ ਵਿੱਚ ਸ਼ਾਮਲ ਹੋਣ ਲਈ ਅਪੀਲ ਕੀਤੀ। ਧਰਨੇ ਉਪਰੰਤ ਮਾਨਯੋਗ ਪ੍ਰਧਾਨ ਮੰਤਰੀ ਤੇ ਸਿਹਤ ਮੰਤਰੀ ਭਾਰਤ ਸਰਕਾਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤ ਅੰਦਰ 50 ਲੱਖ ਦੇ ਕਰੀਬ ਅਣ-ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਪਿਛਲੇ ਲੰਮੇ ਸਮੇਂ ਤੋਂ ਸ਼ਹਿਰੀ ਗਰੀਬ ਬਸਤੀਆਂ ਤੇ ਪਿੰਡਾਂ ਵਿੱਚ ਗਰੀਬ ਲੋਕਾਂ ਨੂੰ ਮੁੱਢਲੀਆਂ ਤੇ ਸਸਤੀਆਂ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਸਿਹਤ ਸੇਵਾਵਾਂ ਦੇ ਖੇਤਰ ਵਿੱਚ ਇਨ੍ਹਾਂ ਪਾਸ ਲੰਮਾ ਤਜਰਬਾ ਹੈ ਲੋਕ ਇਨ੍ਹਾਂ ਦੁਆਰਾ ਦਿੱਤੀਆਂ ਸੇਵਾਵਾਂ ਤੋ ਸੰਤੁਸ਼ਟ ਵੀ ਹਨ। ਉਹਨਾਂ ਕੇਂਦਰ ਸਰਕਾਰ ਪਾਸੋਂ ਮੰਗ ਕੀਤੀ ਕਿ ਐੱਨ ਐੱਮ ਸੀ ਐਕਟ 2019 ਵਿੱਚ ਸੋਧ ਕਰਕੇ ਤਜਰਬੇਕਾਰ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਪਾਰਟ ਟਾਈਮ ਟ੍ਰੇਨਿੰਗ ਦੇ ਕੇ ਮੁੱਢਲੀਆਂ ਸਿਹਤ ਸੇਵਾਵਾਂ ਨੂੰ ਮਾਨਤਾ ਦੇਣ ਦੀ ਧਾਰਾ ਨੂੰ ਦਰਜ ਕੀਤਾ ਜਾਵੇ। ਭਾਰਤ ਪੱਧਰ 'ਤੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਹਾਸਪੀਟਲ ਇਸਟੈਬਲਿਸ਼ਮੈਂਟ ਐਕਟ ਦੇ ਘੇਰੇ ਤੋਂ ਬਾਹਰ ਰੱਖਿਆ ਜਾਵੇ। ਕੋਰੋਨਾ ਕਾਲ ਸਮੇਂ ਜਾਂ ਫਿਰ ਬਾਅਦ ਵਿੱਚ ਪੈਰਾ ਮੈਡੀਕਲ ਕਾਮਿਆਂ ਨੂੰ ਬੀਮਾ ਸਕੀਮ, ਯੋਜਨਾਵਾਂ ਵਿੱਚ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਵੀ ਸ਼ਾਮਲ ਕੀਤਾ ਜਾਵੇ। ਉਨ੍ਹਾ ਸਮੁੱਚੇ ਇਨਸਾਫ ਪਸੰਦ ਲੋਕਾਂ ਨੂੰ ਅਪੀਲ ਕੀਤੀ ਕਿ ਆਪਣੇ ਆਪਣੇ ਮਾਧਿਅਮ ਰਾਹੀਂ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨ ਦੀ ਖੇਚਲ ਕੀਤੀ ਜਾਵੇ।

# ਮਨੁੱਖਤਾ ਦੀ ਸੇਵਾ ਸੁਸਾਇਟੀ ਨੇ ਮੰਦਬੁੱਧੀ ਵਿਅਕਤੀ ਦੇ ਇਲਾਜ ਲਈ ਚੁੱਕਿਆ ਬੀੜਾ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**



ਮਨੁੱਖਤਾ ਦੀ ਸੇਵਾ ਸੁਸਾਇਟੀ ਲੁਧਿਆਣਾ, ਜੋ ਬੇਸਹਾਰਾ, ਮੰਦਬੁੱਧੀ ਲੋਕਾਂ ਦਾ ਇਲਾਜ ਕਰਵਾਉਣ ਲਈ ਵਿਸ਼ੇਸ਼ ਉਪਰਾਲਾ ਕਰ ਰਹੀ ਹੈ, ਵੱਲੋਂ ਗੁਰੂ ਹਰਸਹਾਏ ਵਿਖੇ ਸਥਿਤ ਮੋਗਿਆਂ ਵਾਲੀ ਗਲੀ ਵਿੱਚ ਰਹਿੰਦੇ ਇੱਕ 40 ਸਾਲਾ ਮੰਦਬੁੱਧੀ ਵਿਅਕਤੀ ਨੂੰ ਇਲਾਜ ਕਰਾਉਣ ਦੀ ਜ਼ਿੰਮੇਵਾਰੀ ਲੈਣ ਤੋਂ ਬਾਅਦ ਆਪਣੇ ਨਾਲ ਲੈ ਗਏ ਹਨ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਮਨੁੱਖਤਾ ਦੀ ਸੇਵਾ ਸੁਸਾਇਟੀ ਦੇ ਸੰਚਾਲਕ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਹਿਰ ਦੇ ਵਸਨੀਕ ਮਾਸਟਰ ਰਾਜਨ ਮਾਨਕਟਾਲਾ ਨੇ ਦੱਸਿਆ ਕਿ ਮੋਗਿਆਂ ਵਾਲੀ ਗਲੀ ਵਿੱਚ ਇੱਕ ਵਿਅਕਤੀ, ਜਿਸ ਦਾ ਨਾਮ ਬਿੱਲਾ ਹੈ, ਪਿਛਲੇ ਚਾਰ ਸਾਲਾਂ ਤੋਂ ਉਹ ਮੰਦਬੁੱਧੀ ਹੋਣ ਕਰ ਕੇ ਮੰਜੇ 'ਤੇ ਪਿਆ ਹੋਇਆ ਹੈ। ਉਹ ਆਪਣੇ ਮੂੰਹ 'ਤੇ ਸਾਰਾ ਦਿਨ ਚਪੇੜਾਂ ਮਾਰਦਾ ਰਹਿੰਦਾ ਹੈ, ਜਿਸ ਕਰ ਕੇ ਉਸ ਦਾ ਮੂੰਹ ਵੀ ਕਾਲਾ ਪੈ ਗਿਆ ਹੈ ਅਤੇ ਉਸ ਦੀ ਇਕ ਮਾਤਾ ਹੈ, ਜੋ ਲੋਕਾਂ ਦੇ ਘਰਾਂ ਵਿੱਚੋਂ ਰੋਟੀ ਮੰਗ ਕੇ ਆਪਣਾ ਪੇਟ ਪਾਲਦੇ ਹਨ। ਅੱਜ ਉਹ ਇਸ ਦੇ ਘਰ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਨੇ ਵੇਖਿਆ ਕਿ ਇਹ ਵਿਅਕਤੀ ਮੰਜੇ 'ਤੇ ਪਿਆ ਹੋਇਆ ਹੈ ਤੇ ਜਦ ਇਸ ਦੇ ਨਾਲ ਗੱਲਬਾਤ ਕੀਤੀ ਤਾਂ ਇਸ ਨੂੰ ਕੁਝ ਵੀ ਨਹੀਂ ਪਤਾ ਚੱਲ ਰਿਹਾ ਸੀ। ਮੁਹੱਲੇ ਦੇ ਲੋਕਾਂ ਨੇ ਦੱਸਿਆ ਕਿ ਇਸ ਦੇ ਪਿਤਾ ਦੀ ਮੌਤ ਹੋ ਗਈ ਹੈ, ਜਿਸ ਤੋਂ ਬਾਅਦ ਇਸ ਦੇ ਹਾਲਾਤ ਇਸ ਤਰ੍ਹਾਂ ਦੇ ਹੋ ਗਏ ਹਨ। ਇਸ ਵਿਅਕਤੀ ਦੇ ਘਰ ਖਾਣ ਨੂੰ ਕੋਈ ਵੀ ਚੀਜ਼ ਤਾਂ ਕੀ ਹੋਣੀ ਹੈ, ਪਾਣੀ ਤੱਕ ਨਹੀਂ ਹੈ ਅਤੇ ਇਸ ਦੀ ਮਾਤਾ ਘਰ-ਘਰ ਵਿੱਚ ਜਾ ਕੇ ਆਪਣੇ ਖਾਣ ਲਈ ਰੋਟੀ ਮੰਗਦੀ ਹੈ।

ਇਸ ਦੇ ਘਰ ਵਿੱਚ ਕੋਈ ਬਾਥਰੂਮ ਤੱਕ ਵੀ ਨਹੀਂ ਹੈ। ਅੱਜ ਉਨ੍ਹਾਂ ਵੱਲੋਂ ਇਸ ਦੀ ਮਾਤਾ ਕ੍ਰਿਸ਼ਨਾ ਰਾਣੀ, ਵੀਰ ਬਿੱਲਾ ਤੇ ਉਸ ਦੇ ਭਰਾ ਨੂੰ ਨਾਲ ਲੈ ਕੇ ਮਨੁੱਖਤਾ ਦੀ ਸੇਵਾ ਸੁਸਾਇਟੀ ਪਿੰਡ ਹੁਸਨਪੁਰ ਜ਼ਿਲਾ ਲੁਧਿਆਣਾ ਵਿਖੇ ਲੈ ਗਏ।

## ਕਾਤਰਾਂ

### ਦਿ ਵਿੰਗਜ਼ ਇਮੀਗਰੇਸ਼ਨ ਨੇ ਇੱਕ ਦਿਨ 'ਚ ਲਵਾਏ 23 ਵੀਜ਼ੇ

**ਧੂਰੀ (ਰਾਜੇਸ਼ਵਰ ਪਿੰਟੂ, ਬਿਨੀ ਗਰਗ)**-ਸਥਾਨਕ ਸੰਗਰੂਰ ਦੇ ਕੱਕੜਵਾਲ ਚੌਕ ਵਿਖੇ ਸਥਿਤ ਦਿ ਵਿੰਗਜ਼ ਇਮੀਗਰੇਸ਼ਨ ਦੀ ਟੀਮ ਨੇ ਇੱਕ ਦਿਨ ਵਿੱਚ ਕੈਨੇਡਾ ਦੇ 23 ਵੀਜ਼ੇ ਲਗਵਾਉਣ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਸਰਬਜੀਤ ਸਿੰਘ ਨਹਿਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਦੀ ਫਾਈਲਾਂ ਬਹੁਤ ਹੀ ਸਰਲ ਤੇ ਸੁਚੱਜੇ ਢੰਗ ਨਾਲ ਅੰਬੈਸੀ ਵਿੱਚ ਲਗਾ ਕੇ ਉਨ੍ਹਾਂ ਨੂੰ ਵੱਖ-ਵੱਖ ਦੇਸ਼ਾਂ ਦੇ ਵੀਜ਼ੇ ਦਿਵਾ ਕੇ ਉਨ੍ਹਾਂ ਦੇ ਵਿਦੇਸ਼ ਜਾਣ ਦੇ ਸੁਪਨੇ ਸਾਕਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕੰਪਨੀ ਇਸ ਸਮੇਂ ਸਟੱਡੀ ਵੀਜ਼ਾ, ਵਰਕ ਪਰਮਿਟ, ਸਪਾਊਸ ਵੀਜ਼ਾ ਸਮੇਤ ਹੋਰ ਇਮੀਗਰੇਸ਼ਨ ਸੇਵਾਵਾਂ ਸਮੇਤ ਆਈਲੈਟਸ ਅਤੇ ਪੀਟੀਈ ਦੀ ਮਿਆਰੀ ਸਿਖਿਆ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ ਜਾਣ ਦੇ ਚਾਹਵਾਨ ਉਨ੍ਹਾਂ ਦੇ ਦਫ਼ਤਰ ਵਿੱਚ ਆ ਕੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਕਈ ਕਈ ਸਾਲਾਂ ਵਾਲੇ ਗੈਪ ਵਾਲੇ ਵਿਦਿਆਰਥੀਅ ਨੂੰ ਡਰਨ ਦੀ ਲੋੜ ਨਹੀਂ ਹੈ, ਕਿਉਂਕਿ ਉਨ੍ਹਾਂ ਦੇ ਵੀਜ਼ੇ ਵੀ ਸੰਭਵ ਹਨ ਤੇ ਕਈ ਕਈ ਸਾਲਾਂ ਦੇ ਗੈਪ ਵਾਲੇ ਵਿਦਿਆਰਥੀਆਂ ਦੇ ਵੀਜ਼ੇ ਵੀ ਲਗਵਾਉਣ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ।

### ਅਗਨੀਵੀਰ ਲਈ ਮਿਲੇਗੀ ਮੁਫ਼ਤ ਸਿਖਲਾਈ

**ਮੋਗਾ (ਗੁਰਦੀਪ ਸਿੰਘ ਭੁੱਲਰ)**-ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਫ਼ਿਰੋਜ਼ਪੁਰ ਵਿਖੇ ਅਗਨੀਵੀਰ ਫੌਜ ਦੀ ਭਰਤੀ ਰੈਲੀ ਦਾ ਕੰਪਿਊਟਰ ਬੇਸਿਸ ਲਿਖਤੀ ਪੇਪਰ 22 ਅਪ੍ਰੈਲ ਨੂੰ ਹੋ ਰਿਹਾ ਹੈ। ਇਸ ਲਿਖਤੀ ਪੇਪਰ ਦੀ ਤਿਆਰੀ ਕੰਪਿਊਟਰ 'ਤੇ ਕਰਾਈ ਜਾਵੇਗੀ।ਲਿਖਤੀ ਪੇਪਰ ਦੀ ਆਨਲਾਈਨ ਰਜਿਸਟਰੇਸ਼ਨ 22 ਮਾਰਚ ਨੂੰ ਕਰਾਈ ਜਾ ਸਕਦੀ ਹੈ। ਫ਼ਿਰੋਜ਼ਪੁਰ, ਫ਼ਾਜ਼ਿਲਕਾ, ਮੁਕਤਸਰ, ਫ਼ਰੀਦਕੋਟ ਤੇ ਮੋਗਾ ਜ਼ਿਲ੍ਹੇ ਦੇ ਨੌਜਵਾਨ ਜੋ ਅਗਨੀਵੀਰ ਫੌਜ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਹ ਰਜਿਸਟਰੇਸ਼ਨ ਕਰਾਉਣੀ ਸ਼ੁਰੂ ਕਰ ਸਕਦੇ ਹਨ।

### ਸਾਨੂੰ ਧਾਰਮਿਕ ਗ੍ਰੰਥਾਂ ਦੇ ਰੂਪ 'ਚ ਮਹਾਪੁਰਖਾਂ ਤੋਂ ਅਨਮੋਲ ਰਤਨ ਪ੍ਰਾਪਤ ਹੋਏ : ਸਾਧਵੀ ਸੰਦੀਪ ਭਾਰਤੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਫਿਰੋਜ਼ਪੁਰ ਦੇ ਸਥਾਨਕ ਆਸ਼ਰਮ ਵਿਖੇ ਹਫਤਾਵਾਰੀ ਸਤਿਸੰਗ ਕਰਵਾਇਆ ਗਿਆ, ਜਿਸ ਦੌਰਾਨ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ਯ ਸਾਧਵੀ ਸੰਦੀਪ ਭਾਰਤੀ ਨੇ ਆਪਣੇ ਵਿਚਾਰਾਂ ਵਿੱਚ ਕਿਹਾ ਕਿ ਸਾਨੂੰ ਧਾਰਮਿਕ ਗ੍ਰੰਥਾਂ ਦੇ ਰੂਪ ਵਿੱਚ ਮਹਾਪੁਰਖਾਂ ਤੋਂ ਅਨਮੋਲ ਰਤਨ ਪ੍ਰਾਪਤ ਹੋਏ ਹਨ।ਇਹ ਸਾਡੀ ਅਸਲੀ ਦੌਲਤ ਹੈ, ਜਿਸ ਤਰ੍ਹਾਂ ਪਿਤਾ ਵੱਲੋਂ ਮਿਲੀ ਦੌਲਤ ਨੂੰ ਵਧਾਉਣਾ ਤੇ ਆਪਣੇ ਪਰਿਵਾਰ ਨੂੰ ਸੁਖੀ ਬਣਾਉਣਾ ਸਾਡਾ ਫਰਜ਼ ਹੈ, ਪਰ ਉਸ ਦੌਲਤ ਨੂੰ ਗ਼ਲਤ ਸੰਗਤ ਵਿੱਚ ਪੈ ਕੇ ਤੇ ਭਿਖਾਰੀ ਵਾਂਗ ਘਰ-ਘਰ ਭੀਖ ਮੰਗ ਕੇ ਬਰਬਾਦ ਨਹੀਂ ਕਰਨਾ ਚਾਹੀਦਾ, ਪਰ ਇਸ ਦੇ ਉਲਟ ਸਾਡੇ ਕੋਲ ਵਿਵੇਕ ਨਾ ਹੋਣ ਕਰਕੇ ਅਸੀਂ ਅਧਿਆਤਮਕ ਮਾਰਗ ਤੋਂ ਖਾਈ ਵੱਲ ਜਾ ਰਹੇ ਹਾਂ।ਇਹੀ ਕਾਰਨ ਹੈ ਕਿ ਅਸੀਂ ਧਰਮ ਨੂੰ ਛੱਡ ਕੇ ਮਨੁੱਖਤਾ ਦਾ ਕਤਲ ਕਰ ਰਹੇ ਹਾਂ।ਅਸੀਂ ਭਾਸ਼ਾ, ਧਰਮ, ਰੰਗ ਆਦਿ ਦੇ ਆਧਾਰ 'ਤੇ ਨਾਵਾਂ ਦੀ ਵੰਡ ਕੀਤੀ ਹੈ।ਕੀ ਸਾਡੇ ਧਰਮ ਸਾਨੂੰ ਅਜਿਹੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੇ ਹਨ ? ਜੋ ਲੋਕ ਜੀਵਨ ਨੂੰ ਸਹੀ ਨਜ਼ਰੀਏ ਤੋਂ ਦੇਖਦੇ ਹਨ, ਸਮਾਜ ਵਿੱਚ ਉਨ੍ਹਾਂ ਦਾ ਹੀ ਸਤਿਕਾਰ ਹੁੰਦਾ ਹੈ।ਸਾਰਥਕ ਜੀਵਨ ਜਿਊਣਾ ਵੀ ਇੱਕ ਨੈਤਿਕ ਗੁਣ ਹੈ।ਇਸ ਲਈ ਜੀਵਨ ਦਾ ਮੁੱਖ ਮੰਤਰ ਹੈ ਕਿ ਸੰਜਮ ਵਿੱਚ ਰਹਿ ਕੇ ਜੀਵਨ ਦੇ ਸਹੀ ਅਰਥਾਂ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ।ਸਾਰਥਕ ਬਿਰਤੀ ਰੱਖਣ ਨਾਲ ਵਿਅਕਤੀ ਜੀਵਨ ਦੀ ਹਰ ਸਥਿਤੀ ਵਿੱਚ ਖੁਸ਼ ਰਹਿ ਸਕਦਾ ਹੈ ਤੇ ਉਸ ਅੰਤਮ ਟੀਚੇ ਨੂੰ ਪ੍ਰਾਪਤ ਕਰ ਸਕਦਾ ਹੈ।ਪ੍ਰੋਗਰਾਮ ਦੌਰਾਨ ਸੁਰੀਲੇ ਭਜਨ ਵੀ ਗਾਏ ਗਏ।

# ਸੀ ਆਈ ਆਈ ਲੁਧਿਆਣਾ ਜ਼ੋਨਲ ਟੀਮ ਵੱਲੋਂ ਡੀ ਸੀ ਨਾਲ ਮੁਲਾਕਾਤ



**ਲੁਧਿਆਣਾ (ਰਾਜ ਸਿੰਗਲਾ)**-ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀ (ਸੀ.ਆਈ.ਆਈ.) ਲੁਧਿਆਣਾ ਦੀ ਜ਼ੋਨਲ ਟੀਮ ਵੱਲੋਂ ਚੇਅਰਮੈਨ ਸੀ ਆਈ ਆਈ ਲੁਧਿਆਣਾ ਜ਼ੋਨ ਰਿਸ਼ੀ ਪਾਹਵਾ ਤੇ ਜੁਆਇੰਟ ਮੈਨੇਜਿੰਗ ਡਾਇਰੈਕਟਰ, ਏਵਨ ਸਾਈਕਲਜ਼ ਲਿਮਟਿਡ ਦੀ ਅਗਵਾਈ ਵਿੱਚ ਨਵ-ਨਿਯੁਕਤ ਡਿਪਟੀ ਕਮਿਸ਼ਨਰ ਲੁਧਿਆਣਾ ਸਾਕਸ਼ੀ ਸਾਹਨੀ, ਆਈ ਏ ਐੱਸ ਦਾ ਸੁਆਗਤ ਕੀਤਾ। ਸੀ ਆਈ ਆਈ ਦੇ ਡੈਲੀਗੇਟਾਂ ਨੇ ਸੀ ਆਈ ਆਈ ਲੁਧਿਆਣਾ ਜ਼ੋਨਲ ਟੀਮ ਦੇ ਮੈਂਬਰਾਂ ਦਾ ਸੁਆਗਤ ਕੀਤਾ ਤੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨਾਲ ਜਾਣ-ਪਛਾਣ ਕਰਵਾਈ। ਵਫ਼ਦ ਨੇ ਲੁਧਿਆਣਾ ਪ੍ਰਸ਼ਾਸਨ ਤੇ ਉਦਯੋਗਾਂ ਵਿਚਕਾਰ ਸਹਿਯੋਗ ਦੇ ਸੰਭਾਵੀ ਖੇਤਰਾਂ ਬਾਰੇ ਚਰਚਾ ਕੀਤੀ। ਸ੍ਰੀ ਪਾਹਵਾ ਨੇ ਕਿਹਾ ਕਿ ਸੀ ਆਈ ਆਈ ਇੰਡਸਟਰੀ ਦੇ ਮੈਂਬਰ ਲੁਧਿਆਣਾ ਪ੍ਰਸ਼ਾਸਨ ਨਾਲ ਦੋਸਤਾਨਾ ਮਾਹੌਲ ਦੀ ਉਮੀਦ ਕਰ ਰਹੇ ਹਨ ਤੇ ਉਨ੍ਹਾਂ ਡੀ. ਸੀ. ਸਾਹਨੀ ਨੂੰ ਸੀ ਆਈ ਆਈ ਲੁਧਿਆਣਾ ਦੇ ਮੈਂਬਰਾਂ ਨਾਲ ਵੱਖ ਵੱਖ ਪੱਧਰ 'ਤੇ ਗੱਲਬਾਤ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਰਿਸ਼ੀ ਪਾਹਵਾ ਚੇਅਰਮੈਨ ਸੀ ਆਈ ਆਈ ਲੁਧਿਆਣਾ ਜ਼ੋਨ, ਸ੍ਰੀ ਰਾਹੁਲ ਭੰਗਲ, ਕਨਵੀਨਰ, ਸੀ ਆਈ ਆਈ ਲੁਧਿਆਣਾ ਜ਼ੋਨ, ਸ੍ਰੀ ਅਸ਼ਵਿਨ ਨਾਗਪਾਲ ਸਾਬਕਾ ਚੇਅਰਮੈਨ ਸੀ ਆਈ ਆਈ ਲੁਧਿਆਣਾ, ਡਾ. ਦੀਪਕ ਜੈਨ, ਏ ਵੀ ਪੀ, ਏਵਨ ਸਾਈਕਲਜ਼ ਲਿਮਟਿਡ ਲੁਧਿਆਣਾ ਮੌਜੂਦ ਸਨ।

# ਡਿੰਪਲ ਗਰਗ ਤੇ ਉਪਾਸਨਾ ਗੋਇਲ ਦਾ ਜੱਜ ਬਣਨ 'ਤੇ ਸਨਮਾਨ



**ਸੁਨਾਮ ਊਧਮ ਸਿੰਘ ਵਾਲਾ (ਹਰਮੇਲ ਭੱਟੀ, ਅਸ਼ੋਕ ਬਾਂਸਲ)**-ਸੁਨਾਮ ਦੀਆਂ ਦੋ ਬੇਟੀਆਂ ਵੱਲੋਂ ਜੁਡੀਸ਼ਲ ਪ੍ਰੀਖਿਆ ਪਾਸ ਕਰਨ 'ਤੇ ਵੱਖ-ਵੱਖ ਸੰਸਥਾਵਾਂ ਅਤੇ ਸ਼ਹਿਰ ਵਾਸੀਆਂ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਵਪਾਰੀ ਆਗੂ ਗਿਆਨ ਚੰਦ ਗਰਗ ਦੀ ਬੇਟੀ ਡਿੰਪਲ ਗਰਗ ਤੇ ਸਵਰਗੀ ਰਾਕੇਸ਼ ਗੋਇਲ ਦੀ ਪੁੱਤਰੀ ਉਪਾਸਨਾ ਗੋਇਲ ਵੱਲੋਂ ਜੁਡੀਸ਼ਲ ਪ੍ਰੀਖਿਆ ਪਾਸ ਕੀਤੀ ਗਈ ਹੈ। ਇਸ ਮੌਕੇ ਵੱਖ ਵੱਖ ਜਥੇਬੰਦੀਆਂ ਸ੍ਰੀ ਹਰਿਦਾਸ ਨਿਕੁੰਜ ਬਿਹਾਰੀ ਸੇਵਾ ਸੰਮਤੀ ਵੱਲੋਂ ਗਿਆਨ ਚੰਦ ਦੀ ਬੇਟੀ ਡਿੰਪਲ ਗਰਗ ਨੂੰ ਉਨ੍ਹਾਂ ਦੇ ਘਰ ਜਾ ਕੇ ਸਨਮਾਨਤ ਕੀਤਾ ਗਿਆ। ਇਸੇ ਤਰ੍ਹਾਂ ਰਾਕੇਸ਼ ਗੋਇਲ ਦੀ ਪੁੱਤਰੀ ਉਪਾਸਨਾ ਗੋਇਲ ਨੂੰ ਸੀਨੀਅਰ ਕਾਂਗਰਸੀ ਨੇਤਾ ਜਸਵਿੰਦਰ ਸਿੰਘ ਜੱਗਾ, ਆਸਰਾ ਗਰੁੱਪ ਆਫ ਕਾਲਜ ਦੇ ਪ੍ਰਬੰਧਕ ਅਰੁਣ ਕੇ ਗੋਇਲ, ਕੇਸ਼ਵ ਗੋਇਲ ਤੇ ਪਰਿਵਾਰਕ ਮੈਂਬਰਾਂ ਵੱਲੋਂ ਸਨਮਾਨਤ ਕੀਤਾ ਗਿਆ ਅਤੇ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਸ੍ਰੀ ਰਾਮ ਆਸ਼ਰਮ ਮੰਦਰ ਕਮੇਟੀ ਦੇ ਪ੍ਰਧਾਨ ਤਰੁਣ ਬਾਂਸਲ ਨੇ ਕਿਹਾ ਕਿ ਦੋਨਾਂ ਲੜਕੀਆਂ ਨੇ ਸਾਡੇ ਸ਼ਹਿਰ ਸੁਨਾਮ ਦਾ ਨਾਮ ਰੋਸ਼ਨ ਕੀਤਾ ਹੈ। ਸਾਨੂੰ ਉਮੀਦ ਹੈ, ਜਿਸ ਤਰ੍ਹਾਂ ਸੁਨਾਮ ਸ਼ਹਿਰ ਵਿੱਚ ਲੜਕੀਆਂ ਵੱਲੋਂ ਇਹ ਪ੍ਰਾਪਤੀਆਂ ਕੀਤੀਆਂ ਜਾ ਰਹੀਆਂ ਹਨ, ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਨੂੰ ਦੇਖਦੇ ਹੋਏ ਹੋਰ ਬੱਚੇ ਵੀ ਅੱਗੇ ਵਧਣਗੇ।

# ਸਾਲਾਨਾ ਖ਼ੂਨਦਾਨ ਕੈਂਪ ਲਾਇਆ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਪੰਥਕ ਗੁਰਦੁਆਰਾ ਸਾਹਿਬ ਕਿਸ਼ਨਪੁਰਾ ਕਲਾਂ ਵਿਖੇ ਸੰਤ ਬਾਬਾ ਵਿਸਾਖਾ ਸਿੰਘ ਦੀ ਯਾਦ ਨੂੰ ਸਮਰਪਿਤ ਖੂਨਦਾਨ ਵੈੱਲਫੇਅਰ ਕਮੇਟੀ, ਪੰਥਕ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ ਖ਼ੂਨਦਾਨ ਕੈਂਪ ਲਾਇਆ ਗਿਆ।ਇਸ ਕੈਂਪ ਵਿੱਚ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।ਉੱਘੇ ਸਮਾਜ ਸੇਵੀ ਜਗਤਾਰ ਸਿੰਘ ਬਾਬਾ, ਪ੍ਰਧਾਨ ਪ੍ਰਿੰਸ ਚਾਵਲਾ, ਪ੍ਰਧਾਨ ਮੋਹਨ ਸਿੰਘ, ਹਰਜਿੰਦਰ ਸਿੰਘ ਅਲੱਖ ਨੇ ਦੱਸਿਆ ਕਿ ਕੈਂਪ ਦੌਰਾਨ ਡੀ.ਐੱਮ.ਸੀ. ਹਸਪਤਾਲ ਲੁਧਿਆਣਾ ਬਲੱਡ ਬੈਂਕ ਦੀਆਂ ਟੀਮਾਂ ਵਿਸ਼ੇਸ਼ ਤੌਰ 'ਤੇ ਪੁੱਜੀਆਂ ਅਤੇ ਇਸ ਮੌਕੇ ਬਲੱਡ ਡੋਨਰਾਂ ਵੱਲੋਂ 335 ਯੂਨਿਟ ਖ਼ੂਨਦਾਨ ਕੀਤਾ ਗਿਆ।ਕੈਂਪ ਵਿੱਚ ਚੇਅਰਮੈਨ ਦੀਪਕ ਅਰੋੜਾ ਇੰਪਰੂਵਮੈਂਟ ਟਰੱਸਟ ਮੋਗਾ, ਬਲਜੀਤ ਸਿੰਘ ਚਾਨੀ ਮੇਅਰ ਮੋਗਾ, ਸਤਵੀਰ ਸਿੰਘ ਸੱਤੀ ਪ੍ਰਧਾਨ ਟਰੱਕ ਯੂਨੀਅਨ ਮੋਗਾ, ਗੁਰਿੰਦਰ ਸਿੰਘ ਗੱਗੂ ਦਾਤਾ ਸੀਨੀਅਰ ਆਗੂ, ਗੁਰਤਾਰ ਸਿੰਘ ਕਮਾਲ ਕੇ, ਹਰਪ੍ਰੀਤ ਸਿੰਘ ਰਿੱਕੀ ਧਰਮਕੋਟ ਆਦਿ ਨੂੰ ਮੁੱਖ ਪ੍ਰਬੰਧਕ ਜਗਤਾਰ ਸਿੰਘ ਬਾਬਾ, ਡਾ. ਹਰਜਿੰਦਰ ਸਿੰਘ ਅਲੱਖ, ਪ੍ਰਧਾਨ ਪ੍ਰਿੰਸ ਚਾਵਲਾ, ਪ੍ਰਧਾਨ ਮੋਹਨ ਸਿੰਘ ਆਦਿ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਪ੍ਰਬੰਧਕਾਂ ਵੱਲੋਂ ਆਈ ਹੋਈ ਡਾਕਟਰਾਂ ਦੀ ਟੀਮ ਨੂੰ ਸਨਮਾਨਤ ਕਰਦਿਆਂ ਪਹੁੰਚੀਆਂ ਹੋਈਆਂ ਸਮੁੱਚੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਸੁਨੀਲ ਜਾਖੜ ਦੀ ਰਹਾਇਸ਼ ਅੱਗੇ ਪੱਕਾ ਮੋਰਚਾ ਜਾਰੀ ਰੱਖਣ ਦਾ ਐਲਾਨ

## ਗਿੱਦੜਾਂਵਾਲੀ ਟੋਲ ਪਲਾਜ਼ਾ ਫ੍ਰੀ ਕਰਵਾ ਕੇ ਲਗਾਇਆ ਪੱਕਾ ਮੋਰਚਾ



**ਅਬੋਹਰ (ਪੱਤਰ ਪ੍ਰੇਰਕ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਪੰਜਾਬ ਦੇ ਉਲੀਕੇ ਪ੍ਰੋਗਰਾਮ ਅਨੁਸਾਰ ਭਾਜਪਾ ਦੇ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਦਾ ਉਸ ਦੇ ਜੱਦੀ ਪਿੰਡ ਪੰਜਕੋਸੀ ਵਿਖੇ ਘਰ ਦਾ ਘਿਰਾਓ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੱਕ ਜਾਰੀ ਰਹੇਗਾ।ਕਿਸਾਨੀ ਮੰਗਾਂ ਲਈ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਤੇ ਕਿਸਾਨ-ਮਜ਼ਦੂਰ ਮੋਰਚਾ ਦੀ ਅਗਵਾਈ ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ ਦਿੱਲੀ ਧਰਨਾ ਲਾਉਣ ਜਾ ਰਹੇ ਕਿਸਾਨਾਂ ਨੂੰ ਰੋਕ ਕੇ ਹੱਕਾਂ ਲਈ ਲੜਨ ਦਾ ਜਮਹੂਰੀ ਹੱਕ ਕੁਚਲਣ, ਉਨ੍ਹਾਂ 'ਤੇ ਅਥਰੂ ਗੈਸ ਸੁੱਟਣ ਤੇ ਗੋਲੀਆਂ ਮਾਰ ਕੇ ਜਬਰ ਕਰਨ ਵਿਰੁੱਧ ਅਤੇ ਕਿਸਾਨੀ ਮੰਗਾਂ ਦੀ ਹਮਾਇਤ ਵਿੱਚ ਅੱਜ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਬਠਿੰਡਾ ਜ਼ਿਲ੍ਹੇ ਤੋਂ ਜ਼ਿਲ੍ਹਾ ਆਗੂ ਜਗਸੀਰ ਝੂਬਾ, ਮਾਲਣ ਕੌਰ, ਹਰਬੰਸ ਕੋਟਲੀ ਮੁਕਤਸਰ ਜ਼ਿਲ੍ਹਾ ਪ੍ਰਧਾਨ, ਚਰਨਜੀਤ ਸਿੰਘ ਜੈਤੋ, ਸੁਖਦੀਪ ਸਿੰਘ ਫਰੀਦਕੋਟ, ਗੁਰਮੀਤ ਸਿੰਘ, ਜਗਸੀਰ ਘੋਲਾਂ, ਜ਼ਿਲ੍ਹਾ ਆਗੂ ਫਾਜ਼ਿਲਕਾ ਅਮ੍ਰਿਤਪਾਲ ਸਿੰਘ ਮਗਨਰੇਗਾ, ਸੰਤਪਾਲ ਰੀਟਾ ਆਗੂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਹਕੂਮਤ ਦੇ ਹੁਕਮਾਂ ਤਹਿਤ ਹਰਿਆਣਾ ਦੀ ਖੱਟਰ ਹਕੂਮਤ ਵਾਲੀ ਭਾਜਪਾ ਸਰਕਾਰ ਵੱਲੋਂ 13 ਫਰਵਰੀ ਨੂੰ ਆਪਣੀਆਂ ਹੱਕੀ ਕਿਸਾਨੀ ਮੰਗਾਂ (ਜਿਨ੍ਹਾਂ ਵਿੱਚ ਕੁਝ ਮੰਗਾਂ ਦਿੱਲੀ ਮੋਰਚੇ ਦੀ ਸਮਾਪਤੀ ਵੇਲੇ ਕੇਂਦਰ ਦੀ ਹਕੂਮਤ ਨੇ ਲਿਖਤੀ ਤੌਰ 'ਤੇ ਵੀ ਮੰਨੀਆਂ ਹੋਈਆਂ ਹਨ) ਲਈ ਦਿੱਲੀ ਧਰਨਾ ਲਾਉਣ ਜਾ ਰਹੇ ਕਿਸਾਨਾਂ ਨੂੰ ਇੱਕ ਦੇਸ਼ ਤੋਂ ਦੂਜੇ ਦੇਸ਼ 'ਤੇ ਹੱਲੇ ਵਾਂਗ ਦੁਸ਼ਮਣ ਸਮਝਦਿਆਂ ਹੋਇਆਂ ਰਸਤੇ ਵਿੱਚ ਵੱਡੇ ਵੱਡੇ ਕਿੱਲ ਗੱਡ ਦਿੱਤੇ ਗਏ, ਕੰਕਰੀਟ ਦੀਆਂ ਕੰਧਾਂ ਉਸਾਰੀਆਂ ਗਈਆਂ ਤੇ ਸੜਕਾਂ 'ਤੇ ਵੱਡੀਆਂ ਵੱਡੀਆਂ ਖਾਲੀਆਂ ਪੁੱਟ ਦਿੱਤੀਆਂ ਗਈਆਂ, ਡਰੋਨਾਂ ਰਾਹੀਂ ਅਥਰੂ ਗੈਸ ਸੁੱਟੇ ਗਏ ਅਤੇ ਸਿੱਧੀਆਂ ਗੋਲੀਆਂ ਚਲਾ ਕੇ ਅਨੇਕਾਂ ਕਿਸਾਨਾਂ ਨੂੰ ਜ਼ਖਮੀ ਕਰ ਦਿੱਤਾ। ਅੱਜ ਸੂਬੇ ਦੇ ਉਲੀਕੇ ਪ੍ਰੋਗਰਾਮ ਅਨੁਸਾਰ ਪੰਜਕੋਸੀ ਵਿਖੇ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਕੁਮਾਰ ਜਾਖੜ ਦੀ ਰਹਾਇਸ਼ ਅੱਗੇ ਪੱਕਾ ਮੋਰਚਾ ਜਾਰੀ ਰਹੇਗਾ ਤੇ ਨਾਲ ਹੀ ਉਲੀਕੇ ਪ੍ਰੋਗਰਾਮ ਅਨੁਸਾਰ ਗੰਗਾਨਗਰ ਰੋਡ 'ਤੇ ਗਿੱਦੜਾਂ ਵਾਲੀ ਦਾ ਟੋਲ ਪਲਾਜ਼ਾ ਫ੍ਰੀ ਕਰਵਾਇਆ ਗਿਆ ਤੇ ਇੱਥੇ ਵੀ ਪੱਕਾ ਮੋਰਚਾ ਰੱਖਣ ਫੈਸਲਾ ਕੀਤਾ ਗਿਆ। ਕਿਸਾਨ ਜਥੇਬੰਦੀਆਂ ਦੇ ਅੰਦੋਲਨ ਨਾਲ ਤਾਲਮੇਲਮੇਂ ਸੰਘਰਸ਼ ਜਾਰੀ ਰਹਿਣਗੇ।ਉਨ੍ਹਾਂ ਕਿਹਾ ਕਿ ਸੰਘਰਸ਼ ਨੂੰ ਫੁੱਟ-ਪਾਊ ਤਾਕਤਾਂ, ਧਾਰਮਿਕ ਫਿਰਕਾਪ੍ਰਸਤ ਤਾਕਤਾਂ ਤੋਂ ਦੂਰ ਰੱਖਿਆ ਜਾਵੇ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਸਾਮਰਾਜੀ ਸੰਸਾਰ ਵਪਾਰ ਸੰਸਥਾ ਵਿੱਚੋਂ ਭਾਰਤ ਨੂੰ ਬਾਹਰ ਕੱਢੋ, ਸਾਰੀਆਂ ਫਸਲਾਂ ਦੀ ਐੱਮ ਐੱਸ ਪੀ ਦੀ ਕਾਨੂੰਨੀ ਗਰੰਟੀ, ਕਿਸਾਨਾਂ-ਮਜ਼ਦੂਰਾਂ ਦੀ ਮੁਕੰਮਲ ਕਰਜ਼ਾ ਮੁਕਤੀ, ਲਖੀਮਪੁਰ ਦੇ ਸ਼ਹੀਦਾਂ ਦੇ ਵਾਰਸਾਂ ਨੂੰ ਪੂਰਾ ਇਨਸਾਫ, ਕਿਸਾਨਾਂ-ਮਜ਼ਦੂਰਾਂ ਨੂੰ ਬੁਢਾਪਾ ਪੈਨਸ਼ਨ, ਪੂਰੀ ਭਰਪਾਈ ਵਾਲੀ ਫ਼ਸਲੀ ਬੀਮਾ ਸਕੀਮ ਆਦਿ ਇਨ੍ਹਾਂ ਰੋਸ ਪ੍ਰਦਰਸ਼ਨਾਂ ਦੀਆਂ ਮੰਗਾਂ ਵਿੱਚ ਸ਼ਾਮਲ ਹਨ।ਇਸ ਮੌਕੇ ਬਲਾਕ ਇਕਾਈ ਤੋਂ ਆਗੂ ਜਗਤਾਰ ਸਿੰਘ ਬਲਾਕ ਅਬੋਹਰ, ਗੀਤਕਾਰ ਸੁਦਰਸ਼ਨ ਸੁੱਲਾ, ਰਾਜੇਸ਼ ਭੋਡੀਪੁਰ, ਬਿੱਟੂ ਮੱਲਣ, ਪਰਮਜੀਤ ਘਾਗਾ, ਗੁਰਭਗਤ, ਜਸਪਾਲ ਖਜ਼ਾਨਚੀ ਭਲਾਈਆਣਾ, ਬਲਵਿੰਦਰ ਸਿੰਘ, ਟੀ.ਐੱਸ.ਯੂ. ਯੂਨੀਅਨ ਭੰਗਲ ਗਰੁੱਪ ਵੀ ਸ਼ਾਮਲ ਹੋਇਆ।

# ਡੀ ਐੱਮ ਗਰੁੱਪ ਕਰਾੜਵਾਲਾ ਦੇ ਵਿਦਿਆਰਥੀ ਨੇ ਆਈ ਆਈ ਟੀ ਮੇਨਜ਼ ਪ੍ਰੀਖਿਆ 'ਚ ਇਤਿਹਾਸ ਰਚਿਆ

## 99.99 ਪ੍ਰਤੀਸ਼ਤ ਅੰਕ ਨਾਲ ਪੰਜਾਬ 'ਚੋਂ ਕੀਤਾ ਪਹਿਲਾ ਸਥਾਨ ਪ੍ਰਾਪਤ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਡੀ ਐੱਮ ਗਰੁੱਪ ਕਰਾੜਵਾਲਾ ਦੇ ਵਿਦਿਆਰਥੀ ਨੇ ਆਈ ਆਈ ਟੀ ਮੇਨਜ਼ ਵਿੱਚੋਂ 99.99 ਪ੍ਰਤੀਸ਼ਤ ਅੰਕ ਨਾਲ ਪੰਜਾਬ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਇਤਿਹਾਸ ਰਚਿਆ ਹੈ। ਇਸ ਨੂੰ ਲੈ ਕੇ ਸੰਸਥਾ ਚੇਅਰਮੈਨ ਇੰਜੀਨੀਅਰ ਅਵਤਾਰ ਸਿੰਘ ਢਿੱਲੋਂ ਨੇ ਸੁਨਹਿਰੀ ਮੈਡਲ ਦੇ ਕੇ ਸਨਮਾਨਤ ਕੀਤਾ ਹੈ।

ਇਸ ਦੀ ਜਾਣਕਾਰੀ ਦਿੰਦਿਆਂ ਚੇਅਰਮੈਨ ਢਿੱਲੋਂ ਨੇ ਦੱਸਿਆ ਕਿ ਡੀ ਐੱਮ ਗਰੁੱਪ ਕਰਾੜਵਾਲਾ ਦੇ ਵਿਦਿਆਰਥੀ ਅਨਿਰੁੱਧ ਕਾਂਤ ਗਰਗ ਨੇ ਨੈਸ਼ਨਲ ਟੈਸਟਿੰਗ ਏਜੰਸੀ ਦੁਆਰਾ ਜੁਆਇੰਟ ਇੰਟਰੈਂਸ ਪ੍ਰੀਖਿਆ (ਮੇਨਜ਼) 2024 ਸੈਸ਼ਨ-1 ਮੁਤਾਬਕ ਪੰਜਾਬ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਫਿਜ਼ਿਕਸ ਤੇ ਕੈਮਿਸਟਰੀ ਵਿੱਚੋਂ 100 ਪ੍ਰਤੀਸ਼ਤ ਅੰਕ, ਮੈਥਮੈਟਿਕਸ ਵਿੱਚੋਂ 99.9 ਪ੍ਰਤੀਸ਼ਤ ਅੰਕ ਹਾਸਲ ਕੀਤੇ ਹਨ ਅਤੇ ਨਾਲ ਹੀ ਉਨ੍ਹਾਂ ਵਿਦਿਆਰਥੀ ਦੇ ਪਿਤਾ ਡਿਪਟੀ ਚੀਫ ਇੰਜੀਨੀਅਰ ਸੰਜੀਵ ਕੁਮਾਰ ਗਰਗ ਤੇ ਮਾਤਾ ਡਾਕਟਰ ਵਿਨੀਤਾ ਗਰਗ ਅਤੇ ਨਾਨਾ ਮਿੱਤਰ ਸੈਨ ਸਿੰਗਲਾ ਨੂੰ ਵਧਾਈ ਦਿੰਦੇ ਹੋਏ ਵਿਦਿਆਰਥੀ ਦੇ ਦਾਦਾ ਦੀਵਾਨ ਚੰਦ ਗਰਗ, ਜੋ ਖੁਦ ਮੁੱਖ ਅਧਿਆਪਕ ਰਹਿ ਚੁੱਕੇ ਸਨ, ਨੂੰ ਵੀ ਯਾਦ ਕੀਤਾ ਅਤੇ ਸਕੂਲ ਦੇ ਪ੍ਰਿੰਸੀਪਲ ਤੇ ਸਬੰਧਤ ਸਮੂਹ ਸਟਾਫ ਨੂੰ ਵਧਾਈ ਦਿੱਤੀ।

# ਕਾਕਾ ਬਰਾੜ ਨੇ ਕੰਨਿਆ ਸਕੂਲ 'ਚ ਸਮਾਰਟ ਕਮਰਿਆਂ ਦਾ ਕੀਤਾ ਉਦਘਾਟਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਕੁਲਭੂਸ਼ਨ ਚਾਵਲਾ)**-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸ੍ਰੀ ਮੁਕਤਸਰ ਸਾਹਿਬ ਵਿਖੇ ਸੱਤ ਸਮਾਰਟ ਬਣਾਏ ਗਏ ਕਮਰਿਆਂ ਦਾ ਉਦਘਾਟਨ ਐੱਮ.ਐੱਲ.ਏ. ਜਗਦੀਪ ਸਿੰਘ ਕਾਕਾ ਬਰਾੜ ਨੇ ਕੀਤਾ। ਇਸ ਮੌਕੇ ਕਾਕਾ ਬਰਾੜ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਿਆਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਤੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕੀਤੀ ਜਾ ਰਹੀ ਹੈ। ਸਕੂਲ ਦੇ ਪ੍ਰਿੰਸੀਪਲ ਸੁਭਾਸ਼ ਚੰਦਰ ਨੇ ਸਮੂਹ ਪਤਵੰਤਿਆਂ ਨੂੰ ਜੀ ਆਇਆਂ ਕਿਹਾ ਤੇ ਵਿੱਦਿਅਕ, ਸਹਿ-ਵਿੱਦਿਅਕ ਤੇ ਖੇਡਾਂ ਦੇ ਖੇਤਰ ਵਿੱਚ ਸਕੂਲ ਦੀਆਂ ਸਟੇਟ ਪੱਧਰ 'ਤੇ ਪ੍ਰਾਪਤੀਆਂ ਬਾਰੇ ਸੰਖੇਪ ਵਿੱਚ ਜਾਣਕਾਰੀ ਸਾਂਝੀ ਕੀਤੀ, ਨਾਲ ਹੀ ਸਕੂਲ ਦੀਆਂ 10 ਵਿਦਿਆਰਥਣਾਂ ਦੀ ਬਾਰਵੀਂ ਸ਼੍ਰੇਣੀ ਬੋਰਡ ਪ੍ਰੀਖਿਆ ਵਿੱਚੋਂ ਮੈਰਿਟ ਤੇ ਚਾਰ ਵਿਦਿਆਰਥਣਾਂ ਦੇ ਸੀ ਏ ਪ੍ਰਵੇਸ਼ ਪ੍ਰੀਖਿਆ ਪਾਸ ਕਰਨ ਬਾਰੇ ਵੀ ਦੱਸਿਆ।

ਪ੍ਰਿੰਸੀਪਲ ਸਾਹਿਬ ਨੇ ਨਵੀਨੀਕਰਨ ਗਰਾਂਟ ਲਈ ਵਿਭਾਗ ਦਾ ਧੰਨਵਾਦ ਕੀਤਾ ਤੇ ਦੱਸਿਆ ਕਿ ਇਹ ਸਕੂਲ ਜ਼ਿਲ੍ਹੇ ਦੀ ਸਿਰਕੱਢ ਸੰਸਥਾ ਹੈ। ਇਸ ਮੌਕੇ ਸਕੂਲ ਸਿੱਖਿਆ ਵਿਭਾਗ ਵੱਲੋਂ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਕਪਿਲ ਸ਼ਰਮਾ, ਬੀ ਐੱਨ ਓ ਸ਼੍ਰੀ ਰਾਜਿੰਦਰ ਸੋਨੀ, ਸ੍ਰੀ ਜਸਪਾਲ ਮੋਂਗਾ ਵੀ ਉਚੇਚੇ ਤੌਰ 'ਤੇ ਮੌਜੂਦ ਸਨ। ਜਗਦੀਪ ਸਿੰਘ ਜੱਗਾ ਐੱਮ ਸੀ, ਸੁਖਜਿੰਦਰ ਸਿੰਘ ਬੱਬਲੂ ਬਰਾੜ ਪ੍ਰਧਾਨ ਟਰੱਕ ਯੂਨੀਅਨ, ਸ਼੍ਰੀ ਚੰਦਗੀ ਰਾਮ ਸਾਬਕਾ ਐੱਮ ਸੀ, ਸ੍ਰੀ ਇਕਬਾਲ ਸਿੰਘ ਬਰਾੜ, ਵਿੱਕੀ ਕੁਮਾਰ, ਲੱਕੀ ਸ਼ਰਮਾ ਸ਼ਾਮਲ ਹੋਏ। ਸਕੂਲ ਪ੍ਰਬੰਧਕੀ ਕਮੇਟੀ ਵੱਲੋਂ ਸ਼੍ਰੀਮਤੀ ਬਬੀਤਾ (ਚੇਅਰਪਰਸਨ), ਗੁਰਪ੍ਰੀਤ ਸਿੰਘ, ਸੱਤਿਆਵੀਰ, ਸੰਤੋਸ਼ ਕੁਮਾਰ, ਬਲਵਿੰਦਰ ਕੌਰ, ਬਬਲੀ, ਗੁਰਮੀਤ ਕੌਰ, ਨੀਲਮ, ਮੀਨੂੰ, ਪਰਮਿੰਦਰਪਾਲ ਕੌਰ ਤੇ ਕੁਮਾਰੀ ਆਦਿ ਹਾਜ਼ਰ ਹੋਏ।

# ਸਵਾਈਟ 'ਚ ਟੈਕਾਥੋਨ 2.0 ਦਾ ਆਯੋਜਨ

**ਰਾਜਪੁਰਾ (ਰਮੇਸ਼ ਕਟਾਰੀਆ)**




ਸਵਾਮੀ ਵਿਵੇਕਾਨੰਦ ਗਰੁੱਪ ਬਨੂੰੜ ਵਿੱਚ ਟੈਕਨਾਲੋਜੀ ਤੇ ਵਾਤਾਵਰਣ ਸਬੰਧੀ ਟੈਕਾਥੋਂਨ 2.0 ਨਾਂਅ ਦੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸਦਾ ਸ਼ੁਭ ਆਰੰਭ ਸ੍ਰੀ ਗੌਰਵ ਮਹੀਪਾਲ ਮੈਨੇਜਿੰਗ ਡਾਇਰੈਕਟਰ ਵੇਰੀਟੋਟਸ ਇਨਫੋਸੋਲੂਸ਼ਨ ਪ੍ਰਾਈਵੇਟ ਲਿਮ:, ਡਾ. ਵਿਕਾਸ ਚਾਵਲਾ ਡੀਨ ਅਕਾਦਮਿਕ ਆਈ.ਕੇ.ਜੀ.ਪੀ.ਟੀ.ਯੂ , ਚੇਅਰਮੈਨ ਸ੍ਰੀ ਅਸ਼ਵਨੀ ਗਰਗ ਸਵਾਮੀ ਵਿਵੇਕਾਨੰਦ ਗਰੁੱਪ, ਪ੍ਰੈਜ਼ੀਡੈਂਟ ਸਵਾਮੀ ਵਿਵੇਕਾਨੰਦ ਗਰੁੱਪ ਸ੍ਰੀ ਅਸ਼ੋਕ ਗਰਗ, ਸ੍ਰੀ ਵਿਸ਼ਾਲ ਗਰਗ ਡਾਇਰੈਕਟਰ ਪਲਾਨਿੰਗ, ਸ਼੍ਰੀ ਸਾਹਿਲ ਗਰਗ ਡਾਇਰੈਕਟਰ ਆਕਦਮਿਕ, ਸ਼੍ਰੀ ਸ਼ੁਭਮ ਗਰਗ ਡਾਇਰੈਕਟਰ ਟ੍ਰੇਨਿੰਗ ਤੇ ਪਲੇਸਮੈਂਟ, ਸ਼੍ਰੀ ਅੰਕੁਰ ਗਿੱਲ, ਪ੍ਰਿੰਸੀਪਲ ਸ਼੍ਰੀ ਪ੍ਰਤੀਕ ਗਰਗ ਦੁਆਰਾ ਕੀਤਾ ਗਿਆ।ਪ੍ਰੋਗਰਾਮ ਵਿੱਚ ਇੰਜੀਨੀਅਰਿੰਗ, ਪੈਰਾਮੈਡੀਕਲ, ਫਾਰਮੇਸੀ, ਹੋਟਲ ਮੈਨੇਜਮੈਂਟ ਤੇ ਹੋਰ ਵਿਭਾਗਾਂ ਅਤੇ ਪੰਜਾਬ ਦੇ ਲਗਭਗ 10 ਕਾਲਜਾਂ ਨੇ ਇਸ ਵਿੱਚ ਹਿੱਸਾ ਲਿਆ। ਪ੍ਰੋਗਰਾਮ ਵਿੱਚ ਡ੍ਰੋਨ ਟੈਕਨੋਲੋਜੀ, ਐਕਸ-ਰੇਅ ਟੈਕਨੋਲੋਜੀ, ਨਵੀਂ ਆਟੋਮੋਬਾਈਲ਼ ਤਕਨੀਕ, ਆਧੁਨਿਕ ਸਿਵਿਲ ਕੰਸਟ੍ਰਕਸ਼ਨ, ਵਾਤਾਵਰਣ ਸਬੰਧਿਤ ਪ੍ਰੋਜੈਕਟ ਦੀਆਂ ਪ੍ਰਦਰਸ਼ਨੀਆਂ ਲਾਈਆਂ ਗਈਆਂ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਸਟੇਜ ਡਰਾਮੇ ਵੀ ਕੀਤੇ ਗਏ।ਸਾਰਿਆਂ ਨੇ ਇਸ ਪ੍ਰੋਗਰਾਮ ਦਾ ਅਨੰਦ ਮਾਣਿਆ।ਮੁੱਖ ਮਹਿਮਾਨ ਨੇ ਵਿਦਿਆਰਥੀਆਂ ਦਾ ਹੌਸਲਾ ਅਫ਼ਜ਼ਾਈ ਕੀਤੀ ਤੇ ਪ੍ਰੋਗਰਾਮ ਦੇ ਪ੍ਰਬੰਧ ਦੀ ਸ਼ਲਾਘਾ ਵੀ ਕੀਤੀ।ਚੇਅਰਮੈਨ ਸ਼੍ਰੀ ਅਸ਼ਵਨੀ ਨੇ ਕਿਹਾ ਕਿ ਜਿੱਥੇ ਅੱਜ ਕੱਲ ਦੇ ਬੱਚੇ ਮੋਬਾਈਲ ਵਿੱਚ ਰੁੱਝੇ ਹੋਏ ਉੱਥੇ ਇਸ ਤਰ੍ਹਾਂ ਦੇ ਬੱਚੇ ਵੀ ਨੇ ਜੋ ਤਕਨੀਕ ਨੂੰ ਇਸਤਮਾਲ ਕਰਕੇ ਨਵੀਂਆਂ ਖੋਜਾਂ ਕਰ ਰਹੇ ਨੇ।ਪ੍ਰੈਜ਼ੀਡੈਂਟ ਸ੍ਰੀ ਅਸ਼ੋਕ ਗਰਗ ਨੇ ਕਿਹਾ ਕਿ ਬਹੁਤ ਦਿਨਾਂ ਦੀ ਮੇਹਨਤ ਨਾਲ ਬੱਚਿਆਂ ਨੇ ਇਹ ਪ੍ਰੋਜੈਕਟ ਤਿਆਰ ਕੀਤੇ ਹਨ ਇਨ੍ਹਾਂ ਦੀ ਮਿਹਨਤ ਨੂੰ ਸਲਾਮ ਹੈ।ਜੇਤੂਆਂ ਨੂੰ ਇਨਾਮ ਤੇ ਟਰਾਫ਼ੀਆਂ ਦੇ ਕੇ ਸਨਮਾਨਤ ਕੀਤਾ ਗਿਆ।ਆਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ।

ਅੰਤ ਵਿੱਚ ਮੈਡਮ ਗੁਰਵਿੰਦਰ ਕੌਰ ਤੇ ਨਵਦੀਸ਼ ਕੌਰ ਨੇ ਬਾਹਰੋਂ ਆਏ ਬੱਚਿਆਂ ਤੇ ਸਟਾਫ਼ ਦਾ ਧੰਨਵਾਦ ਕੀਤਾ।

# ਦੇਸੀ ਰਿਵਾਲਵਰ ਸਮੇਤ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਗੌਰਮਿੰਟ ਰੇਲਵੇ ਪੁਲਸ (ਜੀ.ਆਰ.ਪੀ.) ਥਾਣਾ ਸਰਹਿੰਦ ਦੀ ਪੁਲਸ ਵੱਲੋਂ ਰੇਲਵੇ ਸਟੇਸ਼ਨ 'ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਕੋਲੋਂ ਦੇਸੀ ਰਿਵਾਲਵਰ ਬਰਾਮਦ ਕੀਤਾ ਹੈ।ਜੀ.ਆਰ.ਪੀ. ਥਾਣਾ ਸਰਹਿੰਦ ਦੇ ਐੱਸ.ਐੱਚ.ਓ. ਥਾਣੇਦਾਰ ਰਤਨ ਲਾਲ ਨੇ ਦੱਸਿਆ ਕਿ ਬੀਤੇ ਕੱਲ੍ਹ ਬਰਾਮਦ ਭਾਰਤ ਬੰਦ ਦੇ ਸਬੰਧ 'ਚ ਸਹਾਇਕ ਥਾਣੇਦਾਰ ਕੁਲਦੀਪ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਸਰਹਿੰਦ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਨੰਬਰ 2 'ਤੇ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਇੱਕ ਨੌਜਵਾਨ ਪੁਲਸ ਪਾਰਟੀ ਨੂੰ ਦੇਖ ਕੇ ਉੱਥੋਂ ਖਿਸਕਣ ਦੀ ਕੋਸ਼ਿਸ਼ ਕਰਨ ਲੱਗਾ, ਜਿਸ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਪੁਲਸ ਕਰਮਚਾਰੀਆਂ ਵੱਲੋਂ ਉਸ ਦਾ ਨਾਮ ਪਤਾ ਪੁੱਛਿਆ ਗਿਆ ਤਾਂ ਉਸ ਨੇ ਆਪਣੀ ਪਹਿਚਾਣ ਸਾਹਿਲ ਖਾਨ (24) ਵਾਸੀ ਰਾਏ ਬਾਂਕਾ, ਜ਼ਿਲ੍ਹਾ ਅਲਵਰ (ਰਾਜਸਥਾਨ) ਵਜੋਂ ਦੱਸੀ, ਉਪਰੰਤ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ ਇੱਕ ਦੇਸੀ ਰਿਵਾਲਵਰ .315 ਬੋਰ ਬਰਾਮਦ ਹੋਇਆ, ਜਿਸ 'ਤੇ ਉਸ ਨੂੰ ਅਸਲਾ ਐਕਟ ਤਹਿਤ ਗ੍ਰਿਫਤਾਰ ਕਰ ਲਿਆ ਗਿਆ।

# ਨੈਨੋ ਖਾਦਾਂ ਖੇਤੀਬਾੜੀ 'ਚ ਇੱਕ ਕ੍ਰਾਂਤੀਕਾਰੀ ਕਦਮ : ਡਾ. ਸੰਦੀਪ ਕੁਮਾਰ

## ਇਫਕੋ ਵੱਲੋਂ ਜ਼ਿਲ੍ਹੇ ਦੇ ਖਾਦ ਤੇ ਦਵਾਈ ਡੀਲਰਾਂ ਦੀ ਕਰਵਾਈ ਟ੍ਰੇਨਿੰਗ




**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਇਫਕੋ ਵੱਲੋਂ ਕ੍ਰਿਸ਼ੀ ਵਿਗਿਆਨ ਕੇਂਦਰ, ਵਿਖੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਸਰਹਿੰਦ, ਖੇੜਾ ਤੇ ਬਸੀ ਪਠਾਣਾ ਬਲਾਕ ਦੇ ਖਾਦ/ਦਵਾਈ ਦੇ ਡੀਲਰਾਂ ਦੀ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ। ਇਸ ਟ੍ਰੇਨਿੰਗ ਵਿੱਚ ਖੇੜਾ, ਸਰਹਿੰਦ ਤੇ ਬਸੀ ਪਠਾਣਾ ਬਲਾਕ ਦੇ ਲਗਭਗ 40 ਡੀਲਰਾਂ ਨੇ ਭਾਗ ਲਿਆ। ਇਸ ਟ੍ਰੇਨਿੰਗ ਵਿੱਚ ਮੁੱਖ ਖੇਤੀਬਾੜੀ ਅਫਸਰ ਡਾਕਟਰ ਸੰਦੀਪ ਕੁਮਾਰ ਤੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗੀ ਡਾਇਰੈਕਟਰ ਡਾ: ਵਿਪਨ ਕੁਮਾਰ ਰਾਮਪਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਟ੍ਰੇਨਿੰਗ ਨੂੰ ਸੰਬੋਧਨ ਕਰਦਿਆਂ ਇਫਕੋ ਦੇ ਫੀਲਡ ਅਫਸਰ ਨੇ ਇਫਕੋ ਵੱਲੋਂ ਵਿਕਸਿਤ ਦੁਨੀਆ ਦੇ ਪਹਿਲੇ ਨੈਨੋ ਯੂਰੀਆ ਤੇ ਨੈਨੋ ਡੀ ਏ ਪੀ ਖਾਦ ਬਾਰੇ ਦੱਸਿਆ ਕਿ ਇਸ ਦੇ ਪ੍ਰਯੋਗ ਨਾਲ ਕਿਸਾਨ ਵੱਲੋਂ ਦਾਣੇਦਾਰ ਯੂਰੀਆ, ਡੀ ਏ ਪੀ ਦੀ ਖਪਤ ਨੂੰ ਅੱਧਾ ਕਰਦਿਆਂ, ਜ਼ਿਆਦਾ ਪੈਦਾਵਾਰ ਲਈ ਨੈਨੋ ਖਾਦਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਇਸ ਨਾਲ ਹੀ ਨੈਨੋ ਖਾਦਾਂ ਦੀ ਵਰਤੋਂ ਨਾਲ ਰਸਾਇਣਕ ਖਾਦਾਂ ਦੇ ਦੁਸ਼ਪ੍ਰਭਾਵ ਜਿਵੇਂ ਪਾਣੀ ਤੇ ਵਾਤਾਵਰਣ ਗੰਦਲਾ ਹੋਣ ਤੋਂ ਬਚਾਇਆ ਜਾ ਸਕਦਾ ਹੈ। ਨੈਨੋ ਡੀ ਏ ਪੀ ਬਾਰੇ ਉਨ੍ਹਾਂ ਦੱਸਿਆ ਕਿ ਝੋਨੇ ਦੀ ਰੁਪਾਈ ਸਮੇਂ 5 ਐੱਮ ਐੱਲ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਘੋਲ਼ ਬਣਾ ਕੇ ਜੜ੍ਹ ਸੋਧ ਕਰ ਸਕਦੇ ਹਾਂ ਜਿਸ ਨਾਲ ਝਾੜ ਵਧ ਸਕਦਾ ਹੈ ਤੇ ਨਾਲ ਹੀ ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਇਫਕੋ ਤਰਲ ਕਨਸੋਰਸ਼ੀਆ ਦੀ 100 ਰੁਪਏ ਦੀ ਬੋਤਲ ਖੇਤੀ ਫਸਲਾਂ ਦਾ ਝਾੜ ਵਧਾ ਸਕਦੀ ਹੈ। ਸ਼੍ਰੀ ਅਰਵਿੰਦ ਸਿੰਘ ਟੈਰੇਟਰੀ ਮੈਨੇਜਰ ਇਫਕੋ ਐੱਮ ਸੀ ਨੇ ਲੋੜ ਅਨੁਸਾਰ ਖੇਤੀਬਾੜੀ ਦਵਾਈਆਂ ਦੀ ਵਰਤੋਂ 'ਤੇ ਜ਼ੋਰ ਦਿੱਤਾ, ਨਾਲ ਹੀ ਉਨ੍ਹਾ ਕਿਹਾ ਕਿ ਇਫਕੋ ਵੱਲੋਂ ਖੇਤੀਬਾੜੀ ਦੀਆਂ ਸਾਰੀਆਂ ਦਵਾਈਆਂ ਬੜੇ ਹੀ ਜਾਈਜ਼ ਰੇਟ 'ਤੇ ਕਿਸਾਨ ਕਿਸੇ ਵੀ ਖੇਤੀਬਾੜੀ ਸੁਸਾਇਟੀ ਤੋਂ ਖਰੀਦ ਸਕਦੇ ਹਨ। ਡਾ. ਦਮਨ ਝਾਂਜੀ ਖੇਤੀਬਾੜੀ ਵਿਕਾਸ ਅਫ਼ਸਰ ਨੇ ਨੈਨੋ ਖਾਦਾਂ ਦੀ ਵਰਤੋਂ 'ਤੇ ਜ਼ੋਰ ਦਿੱਤਾ, ਨਾਲ ਹੀ ਉਨ੍ਹਾ ਦੱਸਿਆ ਕਿ ਖਾਦ ਚਕਦੇ ਸਮੇਂ ਕਿਸਾਨ ਵੀਰ ਮਿਲ ਵੰਡ ਕੇ ਖਾਦ ਲੈਣ ਤੇ ਪੋਸ ਮਸ਼ੀਨ ਵਿੱਚੋਂ ਸਮੇਂ ਸਿਰ ਖਾਦ ਦੀ ਵਿੱਕਰੀ ਕੀਤੀ ਜਾਵੇ। ਉਨ੍ਹਾ ਤਰਲ ਕਨਸੋਰਸ਼ੀਆ ਵਰਤਣ ਲਈ ਕਿਹਾ। ਕ੍ਰਿਸ਼ੀ ਵਿਗਿਆਨ ਕੇਂਦਰ ਦੇ ਸਹਿਯੋਗੀ ਡਾਇਰੈਕਟਰ ਡਾ. ਵਿਪਿਨ ਰਾਮਪਾਲ ਨੇ ਖੇਤੀਬਾੜੀ ਸਬੰਧੀ ਤਕਨੀਕੀ ਨੁਕਤੇ ਸਾਂਝੇ ਕੀਤੇ ਤੇ ਸਮੇਂ ਨਾਲ ਖੇਤੀਬਾੜੀ ਦੀਆਂ ਨਵੀਆਂ ਤਕਨੀਕਾਂ ਅਪਣਾਉਣ ਲਈ ਕਿਹਾ। ਪ੍ਰੋਗਰਾਮ ਵਿੱਚ ਸਰਹਿੰਦ, ਖੇੜਾ ਤੇ ਬਸੀ ਪਠਾਣਾ ਬਲਾਕ ਦੇ ਲਗਭਗ 35 ਡੀਲਰ ਸਾਹਿਬਾਨ ਸ਼ਾਮਲ ਰਹੇ, ਜਿਨ੍ਹਾਂ ਇਫਕੋ ਵੱਲੋਂ ਇਹ ਟ੍ਰੇਨਿੰਗ ਕਰਵਾਉਣ ਲਈ ਧੰਨਵਾਦ ਕੀਤਾ ਗਿਆ।

# ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਕੱਟੇ ਚਲਾਨ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਧੂਰੀ ਟ੍ਰੈਫਿਕ ਪੁਲਸ ਵੱਲੋਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਵਾਲਿਆਂ ਵਿਰੁੱਧ ਸਖ਼ਤ ਹੁੰਦਿਆਂ ਚਲਾਨ ਕੱਟੇ ਗਏ। ਜਾਣਕਾਰੀ ਦਿੰਦਿਆਂ ਟ੍ਰੈਫਿਕ ਇੰਚਾਰਜ ਏ.ਐੱਸ.ਆਈ. ਸੰਜੇ ਕੁਮਾਰ ਨੇ ਦੱਸਿਆ ਕਿ ਸ਼ਹਿਰ ਅੰਦਰ ਵੱਖ-ਵੱਖ ਥਾਵਾਂ ਉੱਪਰ ਨਾਕੇ ਲਾ ਕੇ ਟ੍ਰੈਫਿਕ ਨਿਯਮਾਂ, ਜਿਨ੍ਹਾਂ ਵਿੱਚ ਓਵਰ ਸਪੀਡ, ਹੈਲਮਟ ਨਾ ਪਾਉਣ, ਮੋਟਰਸਾਈਕਲ ਦੇ ਪਟਾਕੇ ਮਾਰਨਾ ਆਦਿ ਵਿਅਕਤੀਆਂ ਦੇ ਚਲਾਨ ਕੱਟੇ ਗਏ ਹਨ।ਉਨ੍ਹਾ ਸ਼ਹਿਰ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਤੇ ਅਪਣੇ ਬੱਚਿਆਂ ਨੂੰ ਬਿਨਾਂ ਡਰਾਈਵਿੰਗ ਲਾਇਸੈਂਸ ਤੋਂ ਵਹੀਕਲ ਨਾ ਚਲਾਉਣ ਦੇਣ, ਉਥੇ ਆਪਣੇ ਵਹੀਕਲਾਂ ਦੇ ਕਾਗਜ਼ ਪੱਤਰ ਮੁਕੰਮਲ ਰੱਖਣ।

# ਕਾਉਂਕੇ ਕਲਾਂ ਕੈਂਪ 'ਚ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ




**ਜਗਰਾਉਂ (ਅਮਿਤ ਖੰਨਾ)**-ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਆਪ ਦੀ ਸਰਕਾਰ ਆਪ ਦੇ ਦੁਆਰ' ਸਕੀਮ ਤਹਿਤ ਲੋਕਾਂ ਨੂੰ ਇੱਕ ਛੱਤ ਹੇਠ ਵੱਖ ਵੱਖ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਨ ਵਜੋਂ ਜਗਰਾਓਂ ਹਲਕੇ ਦੀ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂਕੇ ਦੀ ਅਗਵਾਈ ਹੇਠ ਨਜ਼ਦੀਕੀ ਪੈਂਦੇ ਪਿੰਡ ਕਾਉਂਕੇ ਕਲਾਂ ਵਿਖੇ ਕੈਂਪ ਲਾਇਆ ਗਿਆ, ਜਿਸ ਦੌਰਾਨ ਪੁੱਜੀਆਂ ਸ਼ਿਕਾਇਤਾਂ ਤੇ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਕੈਂਪ ਦੌਰਾਨ ਵੱਖ ਵੱਖ ਸਰਕਾਰੀ ਅਦਾਰਿਆਂ ਦੇ ਅਧਿਕਾਰੀ ਹਾਜ਼ਰ ਰਹੇ, ਜਿਨ੍ਹਾਂ ਨੇ ਪੁੱਜੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ।

ਇਸ ਕੈਂਪ ਦੌਰਾਨ ਪਿੰਡ ਕਾਉਂਕੇ ਕਲਾਂ ਦੇ ਡੇਰਾ ਬਾਬਾ ਸਰਨਦਾਸ ਵਿਖੇ ਰਹਿ ਰਹੇ ਬਾਬਾ ਤਾਰ ਸਿੰਘ ਨੂੰ ਮੌਕੇ 'ਤੇ 62000 ਰੁਪਏ ਦੀ ਰੁਕੀ ਪੈਨਸ਼ਨ ਦਿੱਤੀ ਗਈ, ਜਿਸ ਲਈ ਉਹ ਲੰਮੇ ਸਮੇਂ ਤੋਂ ਜੱਦੋ ਜਹਿਦ ਕਰ ਰਿਹਾ ਸੀ ਤੇ ਹੁਣ ਉਸ ਨੂੰ ਮਹੀਨਾਵਾਰ ਪੈਨਸ਼ਨ ਮਿਲਣਾ ਵੀ ਸ਼ੁਰੂ ਹੋ ਜਾਵੇਗਾ। ਇਸ ਤੋਂ ਇਲਾਵਾ ਪਿੰਡ ਦੇ ਹੀ ਗਨੀ ਖਾਨ ਦੀ 12 ਹਜ਼ਾਰ ਰੁਪਏ ਰੁਕੀ ਪੈਨਸ਼ਨ ਵੀ ਮੌਕੇ 'ਤੇ ਦਿੱਤੀ ਗਈ, ਜਿਸ ਵਜੋਂ ਉਨ੍ਹਾ ਵੱਲੋਂ ਮਾਨ ਸਰਕਾਰ ਦਾ ਧੰਨਵਾਦ ਕੀਤਾ ਗਿਆ। ਇਸ ਸਮੇਂ ਵਿਧਾਇਕਾ ਬੀਬੀ ਮਾਣੂਕੇ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸੂਹਲਤਾਂ ਨੇ ਲੋਕਾਂ ਨੂੰ ਲਾਹਾ ਮਿਲ ਰਿਹਾ ਹੈ ਤੇ ਲੋਕ ਆਪ ਦੇ ਰਾਜ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਮੰਨ ਰਹੇ ਹਨ। ਉਨ੍ਹਾ ਕਿਹਾ ਕਿ ਆਪ ਸਰਕਾਰ ਨੇ ਅਕਾਲੀ ਕਾਂਗਰਸੀਆਂ ਦੀ ਉੱਤਰ ਕਾਟੋ ਮੈਂ ਚੜ੍ਹਾਂ ਦੀ ਲੋਟੂ ਨੀਤੀ ਨੂੰ ਖਤਮ ਕਰ ਦਿੱਤਾ ਤੇ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨਾਲ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ। ਬੀਬੀ ਮਾਣੂਕੇ ਨੇ ਅੱਗੇ ਕਿਹਾ ਕਿ ਘਰ ਘਰ ਰਾਸ਼ਨ ਦੇਣ ਦੀ ਸਕੀਮ ਦਾ ਲੋਕਾਂ ਨੂੰ ਘਰ ਬੈਠੇ ਲਾਹਾ ਮਿਲੇਗਾ ਤੇ ਸੂਬੇ ਦੇ ਵਸਨੀਕਾਂ ਨੂੰ 300 ਯੂਨਿਟ ਪ੍ਰਤੀ ਮਹੀਨੇ ਦਾ ਲਾਭ ਦਿੱਤਾ ਜਾ ਰਿਹਾ ਹੈ, ਸੂਬੇ ਦੇ 664 ਆਮ ਆਦਮੀ ਕਲੀਨਿਕਾਂ ਵਿੱਚ ਲੋਕਾਂ ਨੂੰ ਮੁਫਤ ਸਿਹਤ ਸੇਵਾਵਾਂ ਮਿਲ ਰਹੀਆਂ ਹਨ, ਖੇਡਾਂ ਵਿੱਚ ਨਾਮ ਕਮਾਉਣ ਵਾਲੇ ਖਿਡਾਰੀਆਂ ਦਾ ਸਰਕਾਰੀ ਸਨਮਾਨ ਤੇ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ, ਲੋਕਾਂ ਨੂੰ ਫ੍ਰੀ ਤੀਰਥ ਯਾਤਰਾ ਕਰਵਾਈ ਜਾ ਰਹੀ ਹੈ। ਇਸ ਸਮੇਂ ਬਲਾਕ ਪ੍ਰਧਾਨ ਸੁਖਦੇਵ ਸਿੰਘ ਕਾਉਂਕੇ ਨੇ ਕੈਂਪ ਵਿੱਚ ਪੁੱਜੇ ਲੋਕਾਂ ਤੇ ਅਧਿਕਾਰੀਆਂ ਸਮੇਤ ਮਾਨ ਸਰਕਾਰ ਤੇ ਵਿਧਾਇਕਾ ਸਰਬਜੀਤ ਕੌਰ ਮਾਣੂਕੇ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਵਿਧਾਇਕਾ ਮਾਣੂਕੇ ਦੇ ਪਤੀ ਪ੍ਰੋ: ਸੁਖਵਿੰਦਰ ਸਿੰਘ, ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ ਡਾਂਗੀਆ, ਨਿਰਭੈ ਸਿੰਘ ਬਲਾਕ ਪ੍ਰਧਾਨ, ਕਮਲਜੀਤ ਸਿੰਘ ਕੋਆਰਡੀਨੇਟਰ ਕਮਾਲਪੁਰਾ, ਗੁਰਮੁੱਖ ਸਿੰਘ ਮਿੰਟੂ, ਹਰਜੀਤ ਸਿੰਘ ਇਕਾਈ ਪ੍ਰਧਾਨ, ਸੁਖਦੇਵ ਸਿੰਘ ਮੈਂਬਰ, ਸੋਨੀ ਕਾਉਂਕੇ, ਪ੍ਰਧਾਨ ਮਲਕੀਤ ਕੌਰ, ਜਗਰੂਪ ਸਿੰਘ, ਬੂਟਾ ਸਿੰਘ ਸਿੱਧੂ, ਮਿੰਟੂ ਕਾਉਂਕੇ, ਬਲਵਿੰਦਰ ਸਿੰਘ ਠੇਕੇਦਾਰ, ਮਲਕੀਤ ਸਿੰਘ, ਪੂਰਨ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ ਹਾਜ਼ਰ ਸਨ।

# ਗੋਲਡਨ ਇੰਜੀਨੀਅਰਿੰਗ ਕਾਲਜ ਗੁਰਦਾਸਪੁਰ ਵਿਖੇ ਨਾਰੀ ਸ਼ਕਤੀ ਸੰਮੇਲਨ




ਗੁਰਦਾਸਪੁਰ (ਦਿਨੇਸ਼ ਕੁਮਾਰ)-ਗੋਲਡਨ ਇੰਜੀਨੀਅਰਿੰਗ ਕਾਲਜ ਵਿਖੇ ਨਾਰੀ ਚੇਤਨਾ ਮੰਚ ਗੁਰਦਾਸਪੁਰ ਵੱਲੋਂ ਵਿਸ਼ਾਲ ਕਾਨਫਰੰਸ ਕੀਤੀ ਗਈ ਜਿਸ ਨੂੰ ਨਾਰੀ ਸ਼ਕਤੀ ਸੰਮੇਲਨ ਦਾ ਨਾਂ ਦਿੱਤਾ ਗਿਆ।ਸਮਾਗਮ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੀਆਂ 3500 ਦੇ ਕਰੀਬ ਔਰਤਾਂ ਨੇ ਭਾਗ ਲਿਆ।ਪ੍ਰੋਗਰਾਮ ਦੇ ਮੁੱਖ ਬੁਲਾਰੇ ਡੀਏਵੀ ਕਾਲਜ ਹੁਸ਼ਿਆਰਪੁਰ ਦੇ ਪ੍ਰੋ. ਪੂਜਾ ਵਿਸ਼ਿਸ਼ਟ ਅਤੇ ਸੇਵਾਮੁਕਤ ਸੂਚਨਾ ਕਮਿਸ਼ਨਰ ਡਾ: ਅਮਿਤਾ ਗ੍ਰਿਸ਼ੀ, ਸੇਵਾਮੁਕਤ ਪ੍ਰੋਫੈਸਰ ਪਟਿਆਲਾ ਸਨ। ਇਸ ਮੌਕੇ ਮੁੱਖ ਮਹਿਮਾਨ ਗੋਲਡਨ ਗਰੁੱਪ ਆਫ ਇੰਸਟੀਚਿਊਟ ਦੇ ਪ੍ਰਧਾਨ ਮੋਹਿਤ ਮਹਾਜਨ ਸਨ। ਵਿਭਾਗ ਦੀ ਕੋਆਰਡੀਨੇਟਰ ਅਲੀਸ਼ਾ ਜੈਤਿਆਲ ਨੇ ਪ੍ਰੋਗਰਾਮ ਦੀ ਜਾਣ ਪਛਾਣ ਪੇਸ਼ ਕੀਤੀ।ਮੰਚ ਸੰਚਾਲਨ ਜ਼ਿਲ੍ਹਾ ਕਨਵੀਨਰ ਡਾ: ਸੋਨੀਆ ਮਹਾਜਨ ਨੇ ਕੀਤਾ।ਮੁੱਖ ਬੁਲਾਰੇ ਪ੍ਰੋ: ਪੂਜਾ ਵਿਸ਼ਿਸ਼ਟ ਨੇ ਭਾਰਤੀ ਸੋਚ ਦੇ ਸਰੂਪ ਬਾਰੇ ਚਰਚਾ ਕੀਤੀ ਜਿਸ ਵਿੱਚ ਭਾਰਤੀ ਦਰਸ਼ਨ ਅਤੇ ਜੀਵਨ ਮੁੱਲਾਂ ਦੀ ਮਹੱਤਤਾ ਬਾਰੇ ਦੱਸਿਆ ਗਿਆ।ਜੀਵਨ ਵਿੱਚ ਕੁਰਬਾਨੀ, ਸੇਵਾ, ਯੋਗਤਾ, ਭਾਈਚਾਰਕ ਸਾਂਝ ਅਤੇ ਸਦਭਾਵਨਾ ਦੀ ਮਹੱਤਤਾ ਬਾਰੇ ਚਰਚਾ ਕੀਤੀ।ਉਸ ਨੇ ਇਸ ਭਾਰਤੀ ਚਿੰਤਨ ਵਿਚ ਔਰਤਾਂ ਦੀ ਭੂਮਿਕਾ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦਿੱਤਾ।ਔਰਤਾਂ ਦੀ ਸਥਿਤੀ ਦੇ ਇਤਿਹਾਸ, ਵਰਤਮਾਨ ਅਤੇ ਭਵਿੱਖ ਬਾਰੇ ਚਰਚਾ ਕੀਤੀ ਗਈ।ਉਨ੍ਹਾਂ ਨਾਰੀਵਾਦ ਦੇ ਪ੍ਰਭਾਵਾਂ ਨੂੰ ਸਮਝਦਿਆਂ ਸੰਦੇਸ਼ ਦਿੱਤਾ ਕਿ ਅਜੋਕੇ ਸਮੇਂ ਵਿੱਚ ਔਰਤਾਂ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਦਾ ਸਤਿਕਾਰ ਕਰਦੇ ਹੋਏ ਸਮਾਜ ਦੀ ਭਲਾਈ ਲਈ ਸਰਗਰਮ ਭੂਮਿਕਾ ਨਿਭਾ ਰਹੀਆਂ ਹਨ।ਇਸ ਦੇ ਨਾਲ ਹੀ ਪ੍ਰੋ. ਪੂਜਾ ਵਿਸ਼ਿਸ਼ਟ ਨੇ ਮਾਂ ਸ਼ਕਤੀ ਦੀ ਸਿੱਖਿਆ ਅਤੇ ਉਨ੍ਹਾਂ ਨੂੰ ਮੌਕੇ ਦੇਣ ਦੀ ਲੋੜ ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਸਾਰੀ ਮਾਂ ਸ਼ਕਤੀ ਨੂੰ ਸਿੱਖਿਅਤ ਕਰਨਾ ਚਾਹੀਦਾ ਹੈ।ਮਨੁੱਖੀ ਸਮਾਜ ਦੇ ਵਿਕਾਸ ਅਤੇ ਤਰੱਕੀ ਵਿੱਚ ਸਿੱਖਿਆ ਦੀ ਅਹਿਮ ਭੂਮਿਕਾ ਹੁੰਦੀ ਹੈ।ਇਹ ਇੱਕ ਅਜਿਹਾ ਸਾਧਨ ਹੈ ਜੋ ਔਰਤਾਂ ਨੂੰ ਇੱਕ ਸੁਤੰਤਰ ਅਤੇ ਸੂਝਵਾਨ ਨਾਗਰਿਕ ਬਣਾਉਂਦਾ ਹੈ।ਕੋਈ ਵੀ ਸਮਾਜ ਗਿਆਨ ਅਤੇ ਸਿੱਖਿਆ ਤੋਂ ਬਿਨਾਂ ਅਧੂਰਾ ਹੈ, ਕਿਉਂਕਿ ਸਿੱਖਿਆ ਉਸ ਦੇ ਆਤਮ-ਵਿਸ਼ਵਾਸ, ਨੈਤਿਕਤਾ ਅਤੇ ਤਕਨੀਕੀ ਵਿਕਾਸ ਦੀ ਮੂਲ ਨੀਂਹ ਹੈ।ਸਿੱਖਿਆ ਔਰਤਾਂ ਨੂੰ ਸਮਰੱਥ ਅਤੇ ਆਤਮ ਨਿਰਭਰ ਬਣਾਉਂਦੀ ਹੈ ਅਤੇ ਸਮਾਜ ਨੂੰ ਸਮਰਪਿਤ ਕਰਦੀ ਹੈ, ਜਿਸ ਨਾਲ ਪਰਿਵਾਰ ਅਤੇ ਸਮਾਜ ਦਾ ਵਿਕਾਸ ਹੁੰਦਾ ਹੈ ਅਤੇ ਦੇਸ਼ ਤਰੱਕੀ ਵੱਲ ਵਧਦਾ ਹੈ।ਡਾ. ਅਮਿਤਾ ਗ੍ਰਿਸ਼ੀ ਨੇ ਕਿਹਾ ਕਿ ਅੱਜ ਭਾਰਤ ਵਿੱਚ ਹਰ ਕਾਰੋਬਾਰ ਵਿੱਚ ਔਰਤਾਂ ਮੋਹਰੀ ਹਨ।ਇਸ ਮੌਕੇ ਵੱਖ-ਵੱਖ ਵਰਗਾਂ, ਜਾਤਾਂ ਅਤੇ ਪੇਸ਼ਿਆਂ ਨਾਲ ਸਬੰਧਤ ਔਰਤਾਂ ਨੇ ਸ਼ਮੂਲੀਅਤ ਕੀਤੀ।ਉਨ੍ਹਾਂ ਦਾ ਸਰਗਰਮ ਯੋਗਦਾਨ ਅਤੇ ਭਾਗੀਦਾਰੀ ਇਸ ਪ੍ਰੋਗਰਾਮ ਨੂੰ ਨਵੀਂ ਊਰਜਾ ਅਤੇ ਦਿਸ਼ਾ ਪ੍ਰਦਾਨ ਕਰਦੀ ਹੈ।ਇਹ ਸਮਾਜ ਵਿੱਚ ਔਰਤਾਂ ਦੀ ਭੂਮਿਕਾ ਨੂੰ ਮਜ਼ਬੂਤ ਕਰਦਾ ਹੈ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਸਮਾਜ ਸੇਵਾ ਅਤੇ ਉਤਪਾਦਕਤਾ ਵੱਲ ਵਧਣ ਦਾ ਮੌਕਾ ਦਿੰਦਾ ਹੈ।ਇਸ ਤਰ੍ਹਾਂ ਸਮਾਜ ਵਿੱਚ ਸਮਾਨਤਾ ਅਤੇ ਸਦਭਾਵਨਾ ਵੱਲ ਕਦਮ ਚੁੱਕਣ ਵਿੱਚ ਔਰਤਾਂ ਦੀ ਸਰਗਰਮ ਭਾਗੀਦਾਰੀ ਬਹੁਤ ਜ਼ਰੂਰੀ ਹੈ।ਔਰਤਾਂ ਹੀ ਭਾਰਤ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਸਕਦੀਆਂ ਹਨ।

ਇਸ ਮੌਕੇ ਜ਼ਿਲ੍ਹੇ ਦੀਆਂ ਵੱਖ-ਵੱਖ ਵਿੱਦਿਅਕ, ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਜਥੇਬੰਦੀਆਂ ਦੀਆਂ ਭੈਣਾਂ ਹਾਜ਼ਰ ਸਨ।ਪ੍ਰੋਗਰਾਮ ਦੇ ਅੰਤ ਵਿੱਚ ਜ਼ਿਲ੍ਹਾ ਕੋਆਰਡੀਨੇਟਰ ਡਾ: ਸੋਨੀਆ ਮਹਾਜਨ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਹੱਕਾਂ ਲਈ ਕਿਸਾਨਾਂ ਵੱਲੋਂ ਬਾਰਡਰਾਂ 'ਤੇ ਧਰਨੇ, ਪਿੰਡ-ਪਿੰਡ ਸਰਕਾਰਾਂ ਦਾ ਵਿਰੋਧ

ਟਾਂਗਰਾ (ਲਾਡੀ ਮੱਲ੍ਹੀ)-ਜਿਥੇ ਕਿਸਾਨਾਂ ਵੱਲੋਂ ਤਿੰਨ ਕਾਲੇ ਕਾਨੂੰਨ ਵਾਪਸ ਕਰਾ ਕੇ ਆਪਣੇ ਹੱਕਾਂ ਲਈ ਬਾਰਡਰਾਂ 'ਤੇ ਧਰਨਾ ਦੇ ਰਹੇ ਹਨ ਉਥੇ ਹਰ ਪਿੰਡ ਵਿੱਚ ਇਨ੍ਹਾਂ ਸਰਕਾਰਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਕਾਂਗਰਸ ਪਾਰਟੀ ਦੇ ਸਕੱਤਰ ਐਕਸ ਸ਼ਾਮੀ ਸਿੰਘ ਫੌਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਾਮੀ ਸਿੰਘ ਨੇ ਬੀਜੇਪੀ ਸਰਕਾਰ ਤੇ ਤੰਜ ਕੱਸਦਿਆਂ ਕਿਹਾ ਕਿ ਪਹਿਲੇ ਅੰਦੋਲਨ ਵਿਚ ਸਰਕਾਰ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਕਾਨੂੰਨ ਵਾਪਸ ਲਵੇਗੀ ਪ੍ਰੰਤੂ ਇਸ ਤਰ੍ਹਾਂ ਨਹੀਂ ਕੀਤਾ ਗਿਆ। ਕਿਸਾਨਾਂ ਨੂੰ ਮਜਬੂਰੀ ਵੱਸ ਹੋ ਕੇ ਫਿਰ ਤੋਂ ਧਰਨਾ ਲਗਾਉਣ ਲਈ ਮਜਬੂਰ ਕੀਤਾ ਗਿਆ ਹੈ ਅਤੇ ਹੁਣ ਸਰਕਾਰ ਨੇ ਕਿਸਾਨਾਂ ਨੂੰ ਅੰਦੋਲਨ ਰੋਕਣ ਲਈ ਸੜਕਾਂ ਬੰਦ ਕੀਤੀਆਂ, ਡਰੋਨ ਰਾਹੀਂ ਧੂੰਹ ਗੈਸ ਦੇ ਗੋਲੇ ਸੁੱਟ ਕੇ, ਗੋਲੀਆਂ ਚਲਾ ਕੇ, ਡਾਂਗਾਂ ਮਾਰ ਕੇ ਬਹੁਤ ਤਸ਼ੱਦਦ ਕਰ ਰਹੇ ਹਨ ਜੋ ਸਰਕਾਰ ਵਾਸਤੇ ਬਹੁਤ ਹੀ ਘਟੀਆ ਨੀਤੀ ਹੈ ਮਾਰੂ ਨੀਤੀਆਂ ਦੇ ਵਿਰੁੱਧ ਵਿਚ ਕਾਂਗਰਸ ਪਾਰਟੀ ਵੀ ਕਿਸਾਨਾਂ ਦੇ ਨਾਲ ਖੜ੍ਹੀ ਹੈ। ਇਸ ਮੌਕੇ ਸਵਿੰਦਰ ਸਿੰਘ ਸ਼ਾਹ, ਨਿਰਮਲ ਸਿੰਘ ਸ਼ਾਹ, ਬੂਟਾ ਸਿੰਘ ਪਹਿਲਵਾਨ, ਕੈਪਟਨ ਰਘਬੀਰ ਸਿੰਘ, ਪ੍ਰਕਾਸ਼ ਸਿੰਘ ਬਲਾਕ ਸੰਮਤੀ ਮੈਂਬਰ, ਸਿੰਗਾਰ ਸਿੰਘ ਕਾਲਾ, ਯੁਗਰਾਜ ਸਿੰਘ, ਸੁਖਦੇਵ ਗੁਰਵਿੰਦਪਾਲ ਸਿੰਘ, ਮੰਗਲ ਸਿੰਘ ਫੌਜੀ, ਦਿਲਬਾਗ ਸਿੰਘ ਪ੍ਰਪਟੀ ਡੀਲਰ, ਮਨਜੀਤ ਸਿੰਘ, ਵਿੱਕੀ ਡਰਾਈਵਰ, ਸੋਨੀ ਡਰਾਈਵਰ, ਜਸਪਾਲ ਸਿੰਘ ਸੋਨੂੰ, ਅਰਸ਼ ਨਿਹੰਗ ਸਿੰਘ, ਬਲਦੇਵ ਸਿੰਘ ਅਤੇ ਨਿਹੰਗ ਸਿੰਘ ਆਦਿ ਹਾਜ਼ਰ ਸਨ।

# ਨਾਜਾਇਜ਼ ਕੱਟੇ ਰਾਸ਼ਨ ਕਾਰਡ ਤੁਰੰਤ ਬਹਾਲ ਕੀਤੇ ਜਾਣ: ਕਾਮਰੇਡ ਸੁਖਦੇਵ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਅਤੇ ਕਾਮਰੇਡ ਬਲਵਿੰਦਰ ਸਿੰਘ ਕੋਟ ਧਰਮ ਚੰਦ ਕਲਾਂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਇੱਕ ਪਾਸੇ ਭਗਵੰਤ ਮਾਨ ਦੀ ਸਰਕਾਰ ਦਾਅਵਾ ਕਰਦੀ ਹੈ ਕਿ ਮਜ਼ਦੂਰਾਂ ਦੇ ਕੱਟੇ ਹੋਏ ਸਾਰੇ ਰਾਸ਼ਨ ਕਾਰਡ ਬਹਾਲ ਕਰ ਦਿੱਤੇ ਹਨ ਪਰ ਇਸ ਦੇ ਉਲਟ ਤਾਜ਼ਾ ਮਿਸਾਲ ਕੋਟ ਧਰਮ ਚੰਦ ਕਲਾਂ ਤੋਂ ਮਿਲਦੀ ਹੈ।

ਅੱਜ ਪਿੰਡ ਕੋਟ ਧਰਮ ਚੰਦ ਕਲਾਂ ਵਿੱਚ ਰਾਸ਼ਨ ਵੰਡਿਆ ਜਾ ਰਿਹਾ ਸੀ ਤਾਂ ਜਿਨ੍ਹਾਂ ਮਜ਼ਦੂਰਾਂ ਦੇ ਰਾਸ਼ਨ ਕਾਰਡ ਕੱਟੇ ਸਨ ਉਹ ਵੀ ਬੜੀ ਆਸ ਨਾਲ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ ਪਰ ਉਨ੍ਹਾਂ ਨੂੰ ਓਦੋਂ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਜਦੋਂ ਰਾਸ਼ਨ ਵੰਡ ਰਹੇ ਅਧਿਕਾਰੀਆਂ ਨੇ ਦੱਸਿਆ ਕਿ ਤੁਹਾਡਾ ਰਾਸ਼ਨ ਸਰਕਾਰ ਵੱਲੋਂ ਨਹੀਂ ਆਇਆ।

ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਿੰਡ ਦੇ 176 ਰਾਸ਼ਨ ਕਾਰਡ ਜੋ ਬਿਨਾਂ ਜਾਂਚ ਪੜਤਾਲ ਤੋਂ ਕੱਟੇ ਹੋਏ ਹਨ ਉਹ ਫੌਰੀ ਤੌਰ 'ਤੇ ਬਹਾਲ ਕੀਤੇ ਜਾਣ ਤਾਂ ਕਿ ਅੰਤ ਦੀ ਮਹਿੰਗਾਈ ਵਿੱਚ ਇਹ ਮਜ਼ਦੂਰ ਵੀ ਇਸ ਦਾ ਲਾਭ ਲੈ ਸਕਣ। ਇਸ ਮੌਕੇ ਸੱਜਣ ਸਿੰਘ, ਦਿਲਬਾਗ ਸਿੰਘ, ਰਾਜ ਕੌਰ, ਗੁਰਜੰਟ ਸਿੰਘ, ਰਾਣੀ ਕੌਰ, ਰਾਮ ਸਿੰਘ ਅਤੇ ਸੁਖਦੇਵ ਟੋਕਾ ਆਦਿ ਹਾਜ਼ਰ ਸਨ।

# ਗੁਰਪ੍ਰੀਤ ਗੰਡੀਵਿੰਡ ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਮੀਤ ਪ੍ਰਧਾਨ ਤੇ ਲਹੌਰੀਆ ਸਕੱਤਰ ਬਣੇ

## * 20 ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ 'ਤੇ ਧਰਨੇ 'ਚ ਵਹੀਰਾਂ ਘੱਤ ਕੇ ਪਹੁੰਚਣ ਦਾ ਸੱਦਾ




ਤਰਨ ਤਾਰਨ (ਨਜ਼ਸ)— ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿਸਟਰਡ ਨੰਬਰ 41 ਦੀ ਸੂਬਾ ਕਮੇਟੀ ਮੀਟਿੰਗ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੂਬਾ ਕਮੇਟੀ ਅਹੁਦੇਦਾਰਾਂ ਤੋਂ ਇਲਾਵਾ ਜ਼ੋਨ ਕਨਵੀਨਰਾਂ ਨੇ ਵੀ ਹਿੱਸਾ ਲਿਆ। ਇਸ ਮੀਟਿੰਗ ਦੇ ਸ਼ੁਰੂ ਵਿੱਚ ਜਥੇਬੰਦੀ ਦੇ ਫਿਰੋਜ਼ਪੁਰ ਸਰਕਲ ਦੇ ਆਗੂ ਸਾਥੀ ਮੇਲਾ ਸਿੰਘ ਦੇ ਪਿਤਾ ਗੁਰਦੇਵ ਸਿੰਘ ਖੋਸਾ ਦੇ ਅਚਾਨਕ ਵਿਛੋੜੇ ਤੇ ਸ਼ੋਕ ਮਤਾ ਪੇਸ਼ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਮੀਟਿੰਗ ਵਿੱਚ ਜਥੇਬੰਦੀ ਦੇ ਜਨਰਲ ਸਕੱਤਰ ਸੁਰਿੰਦਰਪਾਲ ਲਹੌਰੀਆਂ ਵੱਲੋਂ ਕੁੱਲ ਹਿੰਦ ਬਿਜਲੀ ਫੈਡਰੇਸ਼ਨ (ਐੱਫ ਈ) ਦੀ ਹੈਦਰਾਬਾਦ ਵਿਖੇ

10 ਅਤੇ 11 ਫਰਵਰੀ 2024 ਨੂੰ ਹੋਈ 16ਵੀਂ ਨੈਸ਼ਨਲ ਕਾਨਫਰੰਸ ਵਿੱਚ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੂੰ ਮੀਤ ਪ੍ਰਧਾਨ ਅਤੇ ਲਹੌਰੀਆ ਨੂੰ ਜਨਰਲ ਸਕੱਤਰ ਚੁਣੇ ਜਾਣ ਸਮੇਤ ਵਰਕਿੰਗ ਪ੍ਰਧਾਨ ਗੁਰਵਿੰਦਰ ਸਿੰਘ, ਡਿਪਟੀ ਜਨਰਲ ਸਕੱਤਰ ਦਰਸ਼ਨ ਲਾਲ ਤੇ ਰਛਪਾਲ ਸਿੰਘ ਪਾਲੀ ਨੂੰ ਜਨਰਲ ਕੌਂਸਲ ਮੈਂਬਰ ਚੁਣੇ ਜਾਣ ਬਾਰੇ ਆਗੂਆਂ ਨੂੰ ਜਾਣੂ ਕਰਵਾਇਆ ਅਤੇ ਕਾਮਯਾਬ ਕਾਨਫਰੰਸ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਇਸ ਮੀਟਿੰਗ ਵਿੱਚ ਕੇਂਦਰ ਸਰਕਾਰ ਦੀਆਂ ਮੁਲਾਜ਼ਮ-ਮਜ਼ਦੂਰ-ਕਿਸਾਨ ਵਿਰੋਧੀ ਨੀਤੀਆਂ ਖਿਲਾਫ 10 ਕੇਂਦਰੀ ਟਰੇਡ ਯੂਨੀਅਨਾਂ, ਦੇਸ਼ ਭਰ ਦੀਆਂ ਮੁਲਾਜ਼ਮ ਕਨਫੈਡਰੇਸ਼ਨਾਂ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਸਾਂਝੇ ਦੇਸ਼ ਵਿਆਪੀ ਸੱਦੇ 'ਤੇ 16 ਫਰਵਰੀ ਨੂੰ ਹੋਏ ਭਾਰਤ ਬੰਦ ਸਮੇਂ ਜਥੇਬੰਦੀ ਦੇ ਆਗੂਆਂ ਅਤੇ ਵਰਕਰਾਂ ਵੱਲੋਂ ਕੀਤੀ ਮੁਕੰਮਲ ਹੜਤਾਲ ਲਈ ਧੰਨਵਾਦ ਕੀਤਾ। ਇਸ ਮੀਟਿੰਗ ਵਿੱਚ ਹਾਜ਼ਰ ਆਗੂਆਂ ਪ੍ਰਦੁਮਨ ਗੌਤਮ, ਬਲਵਿੰਦਰ ਸਿੰਘ ਉਦੀਪੁਰ, ਮਨਜੀਤ ਸਿੰਘ ਬਾਸਰਕੇ, ਗੁਰਧਿਆਨ ਸਿੰਘ, ਦਵਿੰਦਰ ਸਿੰਘ, ਸੁਖਦੇਵ ਸਿੰਘ ਬਾਬਾ, ਹਸ਼ਮਤ ਅਲੀ, ਰਾਕੇਸ਼ ਕੁਮਾਰ ਆਦਿ ਨੇ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਵੱਲੋ ਬਿਜਲੀ ਕਾਮਿਆਂ ਦੀਆਂ ਵਾਜਿਬ ਮੰਗਾਂ ਵੱਟੇ ਖਾਤੇ ਪਾਉਣ ਖਿਲਾਫ 20 ਫਰਵਰੀ ਨੂੰ ਬਿਜਲੀ ਮੰਤਰੀ ਹਰਭਜਨ ਸਿੰਘ ਦੀ ਰਿਹਾਇਸ਼ 'ਤੇ ਅੰਮ੍ਰਿਤਸਰ ਵਿਖੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਅਤੇ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ ਦੇ ਸੂਬਾ ਪੱਧਰੀ ਸੱਦੇ 'ਤੇ ਦਿੱਤੇ ਜਾ ਰਹੇ ਰੋਸ ਧਰਨੇ ਵਿੱਚ ਵਹੀਰਾਂ ਘੱਤ ਕੇ ਬਿਜਲੀ ਕਾਮਿਆਂ ਨੂੰ ਪਹੁੰਚਣ ਦਾ ਸੱਦਾ ਦਿੱਤਾ।

# ਹਰਸ਼ਰਨ ਸਿੰਘ ਮੱਲ੍ਹਾ ਸੋਹਲ ਨੂੰ ਸਦਮਾ, ਮਾਤਾ ਦਾ ਦਿਹਾਂਤ



ਝਬਾਲ (ਹਰਜਿੰਦਰ ਸਿੰਘ ਸੋਨੀ)-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟ ਦੇ ਮੈਂਬਰ ਹਰਸ਼ਰਨ ਸਿੰਘ ਮੱਲਾ ਸੋਹਲ ਅਤੇ ਯੂਥ ਕਾਂਗਰਸ ਪ੍ਰਧਾਨ ਤਰਨ ਤਾਰਨ ਉਂਕਾਰ ਸੋਹਲ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਮੱਲਾ ਸੋਹਲ ਦੀ ਮਾਤਾ ਤੇ ਉਂਕਾਰ ਸੋਹਲ ਦੀ ਦਾਦੀ ਹਰਬੰਸ ਕੌਰ (105) ਪਤਨੀ ਸਵਰਗਵਾਸੀ ਸਾਬਕਾ ਸਰਪੰਚ ਉੱਤਮ ਸਿੰਘ ਸੋਹਲ ਦਾ ਅਚਾਨਕ ਦਿਹਾਂਤ ਹੋ ਗਿਆ।

ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਨਾਲ ਦੁੱਖ ਪ੍ਰਗਟ ਕਰਨ ਵਾਲਿਆਂ ਵਿੱਚ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਕਰਨਬੀਰ ਸਿੰਘ ਬੁਰਜ, ਸਰਪੰਚ ਜਗਤਾਰ ਸਿੰਘ ਜੱਗਾ ਸਵਰਗਾਪੁਰੀ, ਰਾਮ ਸਿੰਘ ਨਾਮਧਾਰੀ, ਕੁਲਦੀਪ ਸਿੰਘ, ਨਰਿੰਦਰ ਸਿੰਘ ਛਾਪਾ, ਹਰਜੋਤ ਸਿੰਘ ਛਾਪਾ, ਬਲਦੇਵ ਸਿੰਘ ਮਿਸਤਰੀ, ਚੇਅਰਮੈਨ ਬਾਲ ਮੰਚ ਪੰਜਾਬ ਜਗਸੀਰ ਸਿੰਘ, ਯੂਥ ਪ੍ਰਧਾਨ ਫਰੀਦਕੋਟ ਸਿਮਰਨ ਫਰੀਦਕੋਟ, ਵਾਈਸ ਪ੍ਰਧਾਨ ਅੰਮ੍ਰਿਤਸਰ ਦਿਹਾਤੀ ਨਵਤੇਜ ਸਿੰਘ, ਜ਼ਿਲਾ ਕੋਆਰਡੀਨੇਟਰ ਅੰਮ੍ਰਿਤਸਰ ਦਿਹਾਤੀ ਕੁਲਦੀਪ ਸਿੰਘ, ਪ੍ਰਧਾਨ ਅਸ਼ੋਕ ਕੁਮਾਰ ਝਬਾਲ, ਡਾਕਟਰ ਚਰਨਜੀਤ ਸਿੰਘ ਸੋਢੀ, ਡਾਕਟਰ ਸੁੱਖ ਸੋਹਲ, ਰਾਣਾ ਪ੍ਰਧਾਨ, ਲਾਲੀ ਪ੍ਰਧਾਨ, ਗੁਰਪਾਲ ਸਿੰਘ ਹੈਪੀ ਦਿੱਲੀ, ਗੁਰਸੇਵਕ ਸਿੰਘ ਵਰਿਆਂ, ਲਖਬੀਰ ਸਿੰਘ ਸਾਬਕਾ ਮੈਂਬਰ ਪੰਚਾਇਤ, ਬਲਵਿੰਦਰ ਸਿੰਘ ਬਿੱਟੂ ਸਾਬਕਾ ਮੈਂਬਰ, ਜਗਤਾਰ ਸਿੰਘ ਸਾਬਕਾ ਸਰਪੰਚ, ਕਰਨਦੀਪ ਸਿੰਘ ਸੋਹਲ, ਦਲਜੀਤ ਸਿੰਘ ਸੁਹਾਣਾ, ਸਾਹਿਬ ਸਿੰਘ ਸੁਹਾਣਾ ਅਤੇ ਵੱਡੀ ਗਿਣਤੀ ਵਿੱਚ ਪਿੰਡ ਅਤੇ ਇਲਾਕਾ ਵਾਸੀਆਂ ਨੇ ਪਰਿਵਾਰ ਨਾਲ ਦੁੱਖ ਪ੍ਰਗਟਾਇਆ ਤੇ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।

# 22 ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਸਮੂਹ ਪੈਟਰੋਲ ਪੰਪ ਮਾਲਕਾਂ ਵੱਲੋਂ ਪੰਪ ਬੰਦ ਰੱਖਣ ਦਾ ਐਲਾਨ



ਗੁਰਦਾਸਪੁਰ (ਦਿਨੇਸ਼ ਕੁਮਾਰ)-ਪੈਟਰੋਲ ਪੰਪ ਪੰਜਾਬ ਡੀਲਰ ਐਸੋਸੀਏਸ਼ਨ ਦੇ ਸੱਦੇ ਉਤੇ ਗੁਰਦਾਸਪੁਰ ਨਾਲ ਸੰਬੰਧਿਤ ਪੈਟਰੋਲ ਪੰਪ ਮਾਲਕਾਂ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ 22 ਫਰਵਰੀ ਨੂੰ ਸਮੂਹ ਪੈਟਰੋਲ ਪੰਪ ਬੰਦ ਕਰਨ ਦਾ ਫੈਸਲਾ ਕੀਤਾ ਗਿਆ।ਜ਼ਿਕਰਯੋਗ ਹੈ ਕਿ ਇੱਕ ਪਾਸੇ ਕਿਸਾਨਾਂ ਵੱਲੋਂ ਕੇਂਦਰ ਸਰਕਾਰ ਖਿਲਾਫ ਆਪਣਾ ਮੋਰਚਾ ਖੋਲ੍ਹਿਆ ਹੋਇਆ ਹੈ ਉਥੇ ਹੀ ਸਮੂਹ ਪੈਟਰੋਲ ਪੰਪਾਂ ਮਾਲਕਾਂ ਵੱਲੋਂ ਵੀ ਪਿਛਲੇ ਸੱਤ ਸਾਲਾਂ ਤੋਂ ਚੱਲਦੀ ਆ ਰਹੀ ਕਮਿਸ਼ਨ ਵਿੱਚ ਕੋਈ ਵਾਧਾ ਨਾ ਕਰਨ ਨੂੰ ਲੈ ਕੇ ਕੇਂਦਰ ਸਰਕਾਰ ਖਿਲਾਫ ਆਪਣਾ ਮੋਰਚਾ ਖੋਲ੍ਹਣ ਦਾ ਐਲਾਨ ਕਰ ਦਿੱਤਾ ਗਿਆ ਹੈ।

ਇਸ ਸਬੰਧ ਵਿੱਚ ਸਮੂਹ ਪੈਟਰੋਲ ਪੰਪ ਪੰਜਾਬ ਡੀਲਰ ਐਸੋਸੀਏਸ਼ਨ ਦੇ ਸੱਦੇ ਤਹਿਤ ਅੱਜ ਗੁਰਦਾਸਪੁਰ ਵਿਖੇ ਸਮੂਹ ਵੱਖ-ਵੱਖ ਕੰਪਨੀਆਂ ਦੇ ਸਮੂਹ ਡੀਲਰਾਂ ਦੀ ਇਕ ਮੀਟਿੰਗ ਹੋਈ ਜਿਸ ਦੌਰਾਨ ਉਨ੍ਹਾਂ ਇਹ ਫੈਸਲਾ ਲਿਆ ਗਿਆ ਹੈ ਕਿ 22 ਫਰਵਰੀ ਨੂੰ ਇੱਕ ਰੋਜ਼ਾ ਹੜਤਾਲ ਕਰਕੇ ਸਾਰੀਆਂ ਕੰਪਨੀਆਂ ਦੇ ਪੈਟਰੋਲ ਪੰਪ 24 ਘੰਟੇ ਲਈ ਬੰਦ ਰੱਖੇ ਜਾਣਗੇ। ਇਸ ਮੌਕੇ ਪੈਟਰੋਲ ਪੰਪ ਡੀਲਰ ਐਸੋਸੀਏਸ਼ਨ ਦੇ ਇਕ ਬੁਲਾਰੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਕਰੀਬ ਸੱਤ ਸਾਲ ਪਹਿਲਾਂ ਜੋ ਕਮਿਸ਼ਨ ਮਿਲ ਰਹੀ ਹੈ ਉਸ 'ਚ ਅੱਜ ਤੱਕ ਕੋਈ ਵਾਧਾ ਨਾ ਕਰਨ ਕਾਰਨ ਪੈਟਰੋਲ ਪੰਪਾਂ ਮਾਲਕਾਂ ਨੂੰ ਕਈ ਪਰੇਸ਼ਾਨੀਆਂ ਦਾ ਸਾਮ੍ਹਾਂ ਝੱਲਣਾ ਪੈ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਪੈਟਰੋਲ ਪੰਪ ਮਾਲਕਾਂ ਨੂੰ ਭਾਰੀ ਰਕਮ ਖਰਚ ਕਰਨ ਦੇ ਬਾਵਜੂਦ ਆਮਦਨ ਘੱਟ ਹੋ ਰਹੀ ਹੈ। ਕੇਂਦਰ ਸਰਕਾਰ ਦੇ ਖਿਲਾਫ ਇਸ ਮਾਮਲੇ ਨੂੰ ਲੈ ਕੇ 22 ਫਰਵਰੀ ਨੂੰ ਸਮੂਹ ਵੱਖ-ਵੱਖ ਤੇਲ ਕੰਪਨੀਆਂ ਦੇ ਪੈਟਰੋਲ ਪੰਪ ਬੰਦ ਕਰਕੇ ਸਰਕਾਰ ਖਿਲਾਫ ਰੋਸ ਜਤਾਇਆ ਜਾਵੇਗਾ।

# ਨਰੋਟ ਮਹਿਰਾ ਵਿਖੇ 15 ਲੱਖ ਦੀ ਲਾਗਤ ਨਾਲ ਉਸਾਰੀ ਗਈ ਸਿਵਲ ਡਿਸਪੈਂਸਰੀ ਦਾ ਉਦਘਾਟਨ




ਪਠਾਨਕੋਟ (ਦਵਿੰਦਰ ਸਿੰਘ)- ਪੰਜਾਬ ਸਰਕਾਰ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮੁਹਈਆ ਕਰਵਾਉਣ ਲਈ ਵਚਨਵੱਧ ਹੈ, ਜਿਸ ਤਹਿਤ ਰਾਜ ਦੇ ਜ਼ਿਲ੍ਹਿਆਂ ਅੰਦਰ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮਿਲ ਸਕਣ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ, ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਪੰਜਾਬ ਨੇ ਗ੍ਰਾਮ ਪੰਚਾਇਤ ਨਰੋਟ ਮਹਿਰਾ ਵਿਖੇ 15 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਬਣੀ ਸਿਵਲ ਡਿਸਪੈਂਸਰੀ ਦਾ ਉਦਘਾਟਨ ਕਰਨ ਉਪਰੰਤ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਕੈਬਨਟ ਮੰਤਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਸਿਵਲ ਡਿਸਪੈਂਸਰੀ ਦੇ ਬਣਨ ਨਾਲ ਇਲਾਕੇ ਦੇ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆਂ ਹੋਣਗੀਆਂ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਕੈਬਨਿਟ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਰੁੱਖ ਸੇਵਾ ਸੰਮਿਤੀ ਕਲੱਬ ਨੂੰ ਇੱਕ ਲੱਖ ਰੁਪਏ ਦਿੱਤਾ ਜਾਵੇਗਾ ਤਾਂ ਜੋ ਇਹ ਲੋਕ ਸੇਵਾ ਲਈ ਇਸ ਵਰਤੋਂ ਕਰ ਸਕੇ। ਉਨ੍ਹਾਂ ਕਿਹਾ ਕਿ ਨਰੋਟ ਮਹਿਰਾ ਦੇ ਨਾਗਰਿਕਾਂ ਲਈ ਵੱਖਰੀ ਬੱਸ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਨਰੋਟ ਤੋਂ ਚਲਾਈ ਜਾਵੇਗੀ।ਉਨ੍ਹਾਂ ਨੇ ਇਸ ਮੌਕੇ ਤੇ ਸਿਵਲ ਡਿਸਪੈਂਸਰੀ ਦੇ ਡਾਕਟਰ ਤੇ ਸੰਬੰਧਿਤ ਸਟਾਫ ਤੋਂ ਡਿਸਪੈਂਸਰੀ ਸੰਬੰਧੀ ਜਾਣਕਾਰੀ ਹਾਸਲ ਕੀਤੀ।ਇਸ ਤੋਂ ਇਲਾਵਾ ਲੋਕਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ।ਇਸ ਮੌਕੇ ਐੱਸਡੀਓ ਲਖਬੀਰ ਸਿੰਘ, ਪੰਚਾਇਤ ਸਕੱਤਰ ਪ੍ਰਦੀਪ ਸੈਣੀ, ਬਲਾਕ ਪ੍ਰਧਾਨ ਸੰਦੀਪ ਕੁਮਾਰ, ਸਰਪੰਚ ਰਾਜ ਕੁਮਾਰ, ਰਾਜਿੰਦਰ ਭਿੱਲਾ, ਗੌਤਮ ਮਾਨ, ਡਾ. ਬਬੀਤਾ, ਮਮਤਾ ਰਾਣੀ, ਅਰਵਿੰਦਰ ਕੌਰ, ਕੁਲਵਿੰਦਰ ਕੌਰ, ਰਾਜੀਵ ਕੁਮਾਰ, ਸ਼ਿਵ ਪਬਾ, ਗਜੇਸ਼ਵਰ, ਸਾਹਿਲ ਮਨਹਾਸ, ਅਮਿਤ ਸ਼ਰਮਾ, ਅਮਨ, ਰੁੱਖ ਸੇਵਾ ਸੰਮਿਤੀ ਦੇ ਮੈਂਬਰ ਅਤੇ ਸਥਾਨਕ ਲੋਕ ਭਾਰੀ ਗਿਣਤੀ ਵਿੱਚ ਹਜ਼ਾਰ ਸਨ।

# ਆਪਣੀ ਹੀ ਜ਼ਮੀਨ 'ਚ ਉਸਾਰੀ ਕਰਨ ਤੋਂ ਵਾਰ-ਵਾਰ ਰੋਕਣ 'ਤੇ ਪੱਤਰਕਾਰ ਸਾਰੰਗਲ ਤੰਗ-ਪ੍ਰੇਸ਼ਾਨ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੀਨਾਨਗਰ ਤੋਂ ਸੀਨੀਅਰ ਪੱਤਰਕਾਰ ਡਾ. ਰਮੇਸ਼ ਸਰੰਗਲ ਨੇ ਦੱਸਿਆ ਕਿ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਦੇ ਸਾਹਮਣੇ ਉਸਦੀ ਕਰੀਬ ਡੇਢ ਮਰਲਾ ਜਗ੍ਹਾ ਹੈ ਜਿਸਦੀ ਰਜਿਸਟਰੀ ਉਨ੍ਹਾਂ ਦੀ ਪਤਨੀ ਦੇ ਨਾਂ ਤੇ ਹੈ।ਉਨਾਂ ਦੱਸਿਆ ਕਿ ਨਗਰ ਕੌਂਸਲ ਵਲੋਂ ਉਸ ਜਗ੍ਹਾ ਦਾ ਨਕਸ਼ਾ ਪਾਸ ਕਰਨ ਤੋਂ ਬਾਅਦ ਰੈਵੇਨਿਊ ਮਹਿਕਮੇ ਵਲੋਂ ਇੰਤਕਾਲ ਵੀ ਮਨਜ਼ੂਰ ਹੋ ਚੁੱਕਾ ਹੈ।ਉਨ੍ਹਾਂ ਦੱਸਿਆ ਕਿ ਇੱਕ ਵਿਅਕਤੀ ਦੀ ਜਗ੍ਹਾ ਉਨ੍ਹਾਂ ਦੇ ਨਾਲ ਪੈਂਦੀ ਹੈ ਜਿਸ ਕਰਕੇ ਉਸ ਵੱਲੋਂ ਉਨ੍ਹਾਂ ਤੇ ਮਾਨਯੋਗ ਅਦਾਲਤ ਵਿੱਚ ਕਈ ਕੇਸ ਲਗਾਏ ਗਏ ਸਨ ਜਿਨ੍ਹਾਂ ਦਾ ਵੱਖ-ਵੱਖ ਮਾਣਯੋਗ ਅਦਾਲਤਾਂ ਵੱਲੋਂ ਫੈਸਲੇ ਪੱਤਰਕਾਰ ਦੇ ਹੱਕ 'ਚ ਹੋ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਹੁਣ ਵੀ ਉਹ ਆਪਣੇ ਪਲਾਟ 'ਚ ਉਸਾਰੀ ਦਾ ਕੰਮ ਕਰ ਰਹੇ ਸਨ ਜਿਸਦੇ ਚਲਦੇ ਕੁੱਝ ਲੋਕਾਂ ਦੇ ਦਬਾਅ ਹੇਠ ਕੁਝ ਮਹਿਕਮਿਆਂ ਵੱਲੋਂ ਉਸਨੂੰ ਡਰਾ ਧਮਕਾ ਕੇ ਉਸਦੇ ਚੱਲਦੇ ਕੰਮ ਨੂੰ ਰੋਕ ਦਿੱਤਾ ਗਿਆ ਹੈ। 18 ਫਰਵਰੀ ਨੂੰ ਐਤਵਾਰ ਵਾਲੇ ਦਿਨ ਹੀ ਕਾਰਜਸਾਧਕ ਅਫਸਰ ਦੀਨਾਨਗਰ ਵੱਲੋ ਰਾਜਨੀਤਕ ਦਬਾਅ ਹੇਠ ਪੱਤਰਕਾਰ ਡਾ. ਰਮੇਸ਼ ਸਰੰਗਲ ਨੂੰ ਨੋਟਿਸ ਜਾਰੀ ਕਰਕੇ ਉਸਦੀ ਚੱਲਦੀ ਉਸਾਰੀ ਨੂੰ ਤੁਰੰਤ ਰੋਕਣ ਦਾ ਨੋਟਿਸ ਜਾਰੀ ਕਰ ਦਿੱਤਾ ਗਿਆ ਅਤੇ ਨੋਟਿਸ ਰਾਂਹੀ ਧਮਕਾਇਆ ਗਿਆ ਕਿ ਜੇਕਰ ਤੁਸੀਂ ਕੰਮ ਨੂੰ ਨਾ ਰੋਕਿਆ ਤਾਂ ਤੁਹਾਡੀ ਬਣੀ ਬਿਲਡਿੰਗ ਨੂੰ ਜੇਸੀਬੀ ਦੀ ਮਦਦ ਨਾਲ ਢਾਹ ਦਿੱਤਾ ਜਾਵੇਗਾ।

ਇਸ ਪੂਰੇ ਮਾਮਲੇ 'ਚ ਆਪਣੇ ਪੱਤਰਕਾਰ ਸਾਥੀ ਨਾਲ ਹੋ ਰਹੇ ਧੱਕੇ ਨੂੰ ਲੈ ਕੇ ਜ਼ਿਲ੍ਹਾ ਗੁਰਦਾਸਪੁਰ ਦੇ ਪੱਤਰਕਾਰ ਭਾਈਚਾਰੇ 'ਚ ਭਾਰੀ ਰੋਸ਼ ਪਾਇਆ ਜਾ ਰਿਹਾ ਹੈ ਜਿਸਦੇ ਚਲਦੇ ਉਨ੍ਹਾਂ ਆਉਣ ਵਾਲੇ ਸਮੇਂ 'ਚ ਸੱਤਾਧਾਰੀ ਪਾਰਟੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਕਵਰੇਜ ਦਾ ਬਾਈਕਾਟ ਕਰਨ ਬਾਰੇ ਵਿਚਾਰ ਕੀਤਾ ਜਾਵੇਗਾ।

# 'ਘਰ-ਘਰ ਰਾਸ਼ਨ ਯੋਜਨਾ' ਦਾ ਕਾਰਜ ਡਿੱਪੂ ਹੋਲਡਰਾਂ ਨੂੰ ਸੌਂਪਣ ਦੀ ਮੰਗ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**- ਕੇਂਦਰ ਦੀ ਪ੍ਰਧਾਨ ਮੰਤਰੀ ਗਰੀਬ ਅੰਨ ਕਲਿਆਣ ਯੋਜਨਾ ਨੂੰ ਕਰੋੜਾਂ ਰੁਪਏ ਦੇ ਵਾਧੂ ਬੋਝ ਰਾਹੀਂ ਮਾਰਕਫੈੱਡ ਦੀ ਸਮਰਾਟ ਦੁਕਾਨ ਰਾਹੀਂ ਘਰ-ਘਰ ਰਾਸ਼ਨ ਵੰਡ ਯੋਜਨਾ 'ਚ ਬਦਲਾਓ ਕਰਕੇ ਲੋਕਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕਰਨ ਵਾਲੀ ਪੰਜਾਬ ਦੀ ਆਪ ਸਰਕਾਰ ਦੀ ਇਹ ਯੋਜਨਾ ਕਲੇਸ਼ ਦਾ ਕਾਰਨ ਬਣਦੀ ਜਾ ਰਹੀ ਹੈ।ਭਰੋਸੇਯੋਗ ਵਸੀਲਿਆਂ ਤੋਂ ਪ੍ਰਾਪਤ ਕੀਤੀ ਗਈ ਜਾਣਕਾਰੀ ਅਨੁਸਾਰ ਬਲਾਕ ਪੱਟੀ ਅਧੀਨ ਪੈਂਦੇ ਪਿੰਡ ਬੋਪਾਰਾਏ ਵਿਖੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਘਰ-ਘਰ ਰਾਸ਼ਨ ਵੰਡਣ ਦੀ ਥਾਂ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਪਿੰਡ ਦੇ ਲਾਭਪਾਤਰੀਆਂ ਨੂੰ ਇੱਕ ਥਾਂ ਉਪਰ ਇਕੱਠਿਆਂ ਕਰਕੇ ਮਾਰਕਫੈਡ ਦੇ ਕਰਮਚਾਰੀਆਂ ਵੱਲੋਂ ਵੰਡ ਕਰਨੀ ਸ਼ੁਰੂ ਕੀਤੀ ਗਈ ਜਿਸ ਦੀ ਭਿਣਕ ਡਿਪੂ ਹੋਲਡਰਾਂ ਨੂੰ ਪੈ ਗਈ ਤਾਂ ਤੁਰੰਤ ਉਨ੍ਹਾਂ ਨੇ ਪਹੁੰਚ ਕੇ ਲਾਭਪਾਤਰੀਆਂ ਨੂੰ ਸਮਝਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਾਭਪਾਤਰੀਆਂ ਨੂੰ ਉਹਨਾਂ ਦੇ ਘਰ-ਘਰ ਰਾਸ਼ਨ ਯੋਜਨਾ ਦੇਣ ਦਾ ਐਲਾਨ ਕੀਤਾ ਗਿਆ ਹੈ। ਸਾਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਮਾਰਕਫੈੱਡ ਦੇ ਕਰਮਚਾਰੀਆਂ ਵੱਲੋਂ ਸਹਿਮਤੀ ਪ੍ਰਗਟ ਕਰਦਿਆਂ ਪਰਚੀਆਂ ਵੀ ਕੱਟਣੀਆਂ ਬੰਦ ਕਰ ਦਿੱਤੀਆਂ ਸਨ।ਡਿੱਪੂ ਹੋਲਡਰ ਯੂਨੀਅਨ ਪੰਜਾਬ ਰਜਿ: ਨੰਬਰ 118 (ਕਾਂਜਲਾ ਗਰੁੱਪ) ਦੇ ਜ਼ਿਲ੍ਹਾ ਪ੍ਰਧਾਨ ਡਾ: ਤਰਸੇਮ ਸਿੰਘ ਲਹੋਕਾ ਨਾਲ ਰਾਬਤਾ ਕਾਇਮ ਕੀਤਾ ਤਾਂ ਉਨ੍ਹਾਂ ਕਿਹਾ ਕਿ ਡਿਪੂ ਹੋਲਡਰਾਂ ਨੂੰ 100 ਕੁਇੰਟਲ ਰਾਸ਼ਨ ਵੰਡਣ ਉਪਰ ਸਿਰਫ 4700 ਕਮਿਸ਼ਨ ਮਿਲਦੀ ਹੈ ਜਦਕਿ ਪੰਜਾਬ ਸਰਕਾਰ ਵੱਲੋਂ ਘਰ-ਘਰ ਰਾਸ਼ਨ ਵੰਡ ਯੋਜਨਾ ਤਹਿਤ ਮਾਰਕਫੈਡ ਦੇ ਕਰਮਚਾਰੀਆਂ ਨੂੰ 10-10 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਤੇ 10 ਹਜ਼ਾਰ ਰੁਪਏ ਵਹੀਕਲ ਦਾ ਖਰਚਾ ਸਰਕਾਰ ਨੂੰ ਝਲਣਾ ਪੈ ਰਿਹਾ ਜੋ ਵਾਧੂ ਦਾ ਬੋਝ ਹੈ।ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਘਰ-ਘਰ ਰਾਸ਼ਨ ਵੰਡ ਯੋਜਨਾ ਸਕੀਮ ਅਧੀਨ ਵੰਡ ਦਾ ਕੰਮ ਡਿਪੂ ਹੋਲਡਰਾਂ ਤੋਂ ਕਰਵਾਇਆ ਜਾਵੇ।

# ਨਰਿੰਜਣ ਸਿੰਘ ਸਹਾਰਨਾ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਆਦੇਸ਼ ਹਸਪਤਾਲ ਭੇਜੀ : ਤਰਕਸ਼ੀਲ ਸੁਸਾਇਟੀ




ਮਾਨਸਾ (ਆਤਮਾ ਸਿੰਘ ਪਮਾਰ)- ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਮਾਸਟਰ ਲੱਖਾ ਸਿੰਘ ਸਹਾਰਨਾ ਦੇ ਪਿਤਾ ਨਿਰੰਜਣ ਸਿੰਘ ਸਹਾਰਨਾ ਦੀ ਬੀਤੀ ਰਾਤ ਅਚਾਨਕ ਮੌਤ ਹੋ ਗਈ।ਪਰਿਵਾਰ ਦੀ ਅਗਾਂਹਵਧੂ ਸੋਚ ਕਾਰਨ ਪਰਿਵਾਰ ਵੱਲੋਂ ਮ੍ਰਿਤਕ ਦੇਹ ਨੂੰ ਪਰਿਵਾਰ ਵੱਲੋਂ ਆਦੇਸ਼ ਹਸਪਤਾਲ (ਬਠਿੰਡਾ) ਭੇਜਿਆ ਗਿਆ।ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਸਾਨੂੰ ਨਿਰੰਜਣ ਸਿੰਘ ਦੇ ਫੈਸਲੇ ਤੋਂ ਪ੍ਰੇਰਣਾ ਲੈਣੀ ਚਾਹੀਦੀ ਹੈ, ਜਿਨ੍ਹਾਂ ਨੇ ਆਪਣੇ ਸਰੀਰ ਦਾ ਵਸੀਅਤਨਾਮਾ ਮੈਡੀਕਲ ਸਾਇੰਸ ਦੇ ਨਾਮ ਕਰਕੇ ਸੁਸਾਇਟੀ ਦੀ ਰੀਤ ਨੂੰ ਜਾਰੀ ਰੱਖਿਆ ਹੈ ਅਤੇ ਅੰਧਵਿਸ਼ਵਾਸੀ ਰਸਮਾਂ ਤਿਆਗ ਕੇ ਮਾਨਵਤਾ ਨੂੰ ਜ਼ਿੰਦਾ ਕੀਤਾ ਹੈ। ਇਸ ਮੌਕੇ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸੂਬਾਈ ਆਗੂ ਮਾ. ਰਜਿੰਦਰ ਸਿੰਘ ਭਦੌੜ, ਮੀਡੀਆ ਵਿਭਾਗ ਮੁਖੀ ਭੁਪਿੰਦਰ ਫੌਜੀ, ਨਰਿੰਦਰ ਕੌਰ ਬੁਰਜ ਹਮੀਰਾ ਤੇ ਜਸਵੀਰ ਸੋਨੀ ਬੁਢਲਾਡਾ ਨੇ ਕਿਹਾ ਕਿ ਕਿਸੇ ਸਮੇਂ ਸਾਡੇ ਪੁਰਾਣੇ ਕਿੱਸੇ ਕਾਵਿ ਅੰਦਰ ਇਹ ਜ਼ਿਕਰ ਹੁੰਦਾ ਸੀ ਕਿ ਇਨਸਾਨ ਦੇ ਮੁਕਾਬਲੇ ਮਰੇ ਹੋਏ ਪਸ਼ੂ ਦੇ ਹੱਡ ਵੀ ਕੀਮਤੀ ਹਨ ਪਰ ਜਿਉਂ-ਜਿਉਂ ਹੁਣ ਵਿਗਿਆਨ ਤਰੱਕੀ ਕਰ ਰਿਹਾ ਹੈ ਤਾਂ ਇਹ ਪੁਰਾਣੀਆਂ ਧਾਰਨਾਵਾਂ ਅਤੇ ਰੀਤਾਂ ਵੀ ਬਦਲ ਰਹੀਆਂ ਹਨ।ਮੈਡੀਕਲ ਸਾਇੰਸ ਵੱਲੋਂ ਕੀਤੀ ਇਸ ਤਰੱਕੀ ਨੇ ਕਈ ਬੇਮੌਤੇ ਮਰ ਰਹੇ ਇਨਸਾਨਾਂ ਨੂੰ ਨਵੀ ਜ਼ਿੰਦਗੀ ਦਿੱਤੀ ਹੈ।ਇਹ ਸਭ ਕੁਝ ਅਜਿਹੇ ਦਾਨਾਂ ਕਰਕੇ ਹੀ ਸੰਭਵ ਹੋ ਸਕਿਆ ਹੈ ਜੋ ਕੋਈ ਵਿਰਲਾ ਟਾਵਾਂ ਹੀ ਕਰ ਸਕਦਾ ਹੈ।ਖੂਨ ਦਾਨ ਅਤੇ ਅੱਖਾਂ ਦਾਨ ਤੋਂ ਬਾਅਦ ਸਰੀਰ ਦਾਨ ਕਰਨ ਵਿੱਚ ਜਨ ਮਾਨਸ ਦੀ ਚੇਤਨਾ ਦਾ ਜਾਗਰੂਕ ਹੋਣਾ ਇੱਕ ਚੰਗਾ ਪੱਖ ਹੈ।ਅਜੋਕੇ ਸਮੇਂ ਵਿੱਚ ਮਨੁੱਖੀ ਅੰਗਾਂ ਨੂੰ ਇੱਕ ਸਰੀਰ ਤੋਂ ਦੂਸਰੇ ਸਰੀਰ ਵਿੱਚ ਟਰਾਂਸਪਲਾਂਟ ਕਰਕੇ ਬੇਹੱਦ ਕੀਮਤੀ ਮਨੁੱਖੀ ਜਾਨਾਂ ਬਚਾਈਆਂ ਜਾ ਰਹੀਆਂ ਹਨ ਅਤੇ ਇਹ ਸਭ ਨਿਰੰਜਣ ਸਿੰਘ ਜਿਹੇ ਸਰੀਰਦਾਨੀਆਂ ਕਰਕੇ ਹੀ ਸੰਭਵ ਹੋ ਪਾਉਂਦਾ ਹੈ।ਉਨ੍ਹਾਂ ਕਿਹਾ ਕਿ ਇਸ ਕਾਰਜ ਨਾਲ ਮੈਡੀਕਲ ਸਾਇੰਸ ਦੇ ਵਿਦਿਆਰਥੀ ਉਚੇਰੀ ਸਿੱਖਿਆ ਪਰਾਪਤ ਕਰਕੇ ਭਵਿੱਖ ਦੇ ਚੰਗੇ ਡਾਕਟਰ ਸਿੱਧ ਹੋਣਗੇ। ਉਨ੍ਹਾਂ ਕਿਹਾ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਕਾਰਕੁੰਨ ਆਪਣੇ ਸਮੇਤ ਆਪਣੇ ਪਰਿਵਾਰਾਂ ਦੇ ਸਰੀਰ ਖੋਜ ਕਾਰਜਾਂ ਵਿੱਚ ਦੇਣ ਦੀ ਪਿਰਤ ਦੇ ਹਾਮੀ ਰਹੇ ਹਨ ਤੇ ਇਸਨੂੰ ਕਾਇਮ ਰੱਖ ਕੇ ਆਪਣੇ ਜਿਊਣ ਮਰਨ ਨੂੰ ਸਮੁੱਚੀ ਮਾਨਵਤਾ ਲੇਖੇ ਲਾਉਣ ਦੇ ਹਾਮੀ ਰਹਿਣਗੇ। ਇਸ ਵਿਸ਼ੇਸ਼ ਪਹਿਲ ਦੀ ਪੂਰੇ ਪਿੰਡ ਅਤੇ ਇਲਾਕੇ ਵਿੱਚ ਸ਼ਲਾਘਾ ਅਤੇ ਚਰਚਾ ਹੋ ਰਹੀ ਹੈ। ਇਸ ਦੁੱਖ ਦੀ ਘੜੀ ਵਿੱਚ ਸੰਸਥਾ ਵੱਲੋਂ ਡਾ. ਵਰੁਨ ਮਿੱਤਲ, ਡਾ. ਪਰਵੀਨ ਟੋਨੀ, ਡਾ. ਦਿਵਾ ਆਸੀਸ, ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਗੁਰਜੰਟ ਸਿੰਘ ਮਾਨਸਾ, ਰਾਮਫਲ ਚੱਕ ਅਲੀਸ਼ੇਰ, ਤਰਕਸ਼ੀਲ ਸੁਸਾਇਟੀ ਦੇ ਆਗੂ ਡਾ. ਸੁਰਿੰਦਰ ਸਿੰਘ, ਸੁਰਜੀਤ ਕੌਰ, ਗੁਰਦੀਪ ਸਿੰਘ ਸਿੱਧੂ, ਜਸਪਾਲ ਸਿੰਘ ਅਤਲਾ, ਹਰਜਿੰਦਰ ਸਿੰਘ ਅਤਲਾ, ਹਰਬੰਸ ਸਿੰਘ ਢਿੱਲੋਂ, ਮਾਤਾ ਸੁਰਜੀਤ ਕੌਰ, ਰਣਜੀਤ ਸਿੰਘ, ਕਾਲਾ ਸਿੰਘ, ਭੋਲਾ ਸਿੰਘ, ਸੰਦੀਪ ਕੌਰ, ਜਸਵੀਰ ਕੌਰ, ਗੁਰਮੀਤ ਕੌਰ, ਬੂਟਾ ਸਿੰਘ ਨੰਬਰਦਾਰ ਆਦਿ ਵੀ ਹਾਜ਼ਰ ਸਨ।

# ਸਲੀਪਵੈੱਲ ਪ੍ਰੈਜ਼ੈਂਟਸ ਦਿ ਸੈਕਰਡ ਅੰਮ੍ਰਿਤਸਰ ਫੈਸਟੀਵਲ 23 ਤੋਂ 25 ਤੱਕ

ਅੰਮ੍ਰਿਤਸਰ : ਟੀਮ ਵਰਕ ਆਰਟਸ ਸਲੀਪਵੈੱਲ ਦੇ ਸਹਿਯੋਗ ਨਾਲ ਇੱਕ ਵਾਰ ਫਿਰ ਸਲੀਪਵੈਲ ਪ੍ਰੈਜ਼ੇਂਟਸ ਦਿ ਸੈਕਰਡ ਅੰਮ੍ਰਿਤਸਰ ਦਾ ਆਯੋਜਨ ਕਰ ਰਿਹਾ ਹੈ।ਰਹੱਸਵਾਦੀ ਕਵੀਆਂ ਅਤੇ ਉਨ੍ਹਾਂ ਦੀਆਂ ਕਾਲਪਨਿਕ ਕਵਿਤਾਵਾਂ ਤੇ ਕੇਂਦਰਿਤ, ਸੱਭਿਆਚਾਰਕ ਤੌਰ 'ਤੇ ਅਮੀਰ ਅੰਮ੍ਰਿਤਸਰ ਵਿੱਚ 23-25 ਫਰਵਰੀ-ਤੱਕ ਮੇਲਾ ਕਰਵਾਇਆ ਜਾਵੇਗਾ।ਇਸ ਤਿਉਹਾਰ ਵਿੱਚ ਬਹੁਤ ਸਾਰੀਆਂ ਚੀਜ਼ਾਂ ਹੋਣਗੀਆਂ ਜੋ ਤੁਹਾਨੂੰ ਭਾਵਨਾ ਅਤੇ ਸ਼ਾਂਤੀ ਦੀ ਇੱਕ ਵੱਖਰੀ ਦੁਨੀਆ ਵਿੱਚ ਲੈ ਜਾਣਗੀਆਂ।ਸਲੀਪਵੈਲ ਪ੍ਰੈਜ਼ੈਂਟਸ ਦਿ ਸੈਕਰਡ ਅੰਮ੍ਰਿਤਸਰ ਦੇ ਦੂਜੇ ਐਡੀਸ਼ਨ ਵਿੱਚ ਲਗਭਗ 2500 ਲੋਕ ਹਿੱਸਾ ਲੈਣਗੇ।

ਇਸ ਫ਼ੈਸਟੀਵਲ ਬਾਰੇ ਸਲੀਪਵੈੱਲ ਫਾਉਂਡੇਸ਼ਨ ਦੀ ਨਿਰਦੇਸ਼ਕ ਅਤੇ ਮੈਨੇਜਿੰਗ ਟਰੱਸਟੀ, ਨਮਿਤਾ ਗੌਤਮ ਨੇ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਸਲੀਪਵੈੱਲ ਨੂੰ ਦਿ ਸੈਕਰਡ ਅੰਮ੍ਰਿਤਸਰ 2024 ਦੇ ਦੂਜੇ ਐਡੀਸ਼ਨ ਲਈ ਟੀਮ ਵਰਕ ਆਰਟਸ ਨਾਲ ਜੁੜ ਕੇ ਬਹੁਤ ਖੁਸ਼ੀ ਹੋ ਰਹੀ ਹੈ। ਟੀਮ ਵਰਕ ਆਰਟਸ ਦੇ ਮੈਨੇਜਿੰਗ ਡਾਇਰੈਕਟਰ ਸੰਜੋਏ ਕੇ. ਰਾਏ ਨੇ ਫੈਸਟੀਵਲ ਬਾਰੇ ਬੋਲਦਿਆਂ ਕਿਹਾ ਕਿ ਪਵਿੱਤਰ ਅੰਮ੍ਰਿਤਸਰ ਸਿਰਫ਼ ਸੰਗੀਤ ਅਤੇ ਕਵਿਤਾ ਦਾ ਤਿਉਹਾਰ ਹੀ ਨਹੀਂ ਹੈ, ਸਗੋਂ ਇਸ ਦਾ ਘੇਰਾ ਬਹੁਤ ਵਿਸ਼ਾਲ ਹੈ।

# ਜ਼ਿਲ੍ਹਾ ਸਿੱਖਿਆ ਅਫਸਰ ਰਾਜੇਸ਼ ਸ਼ਰਮਾ ਦਾ ਸਕੂਲ ਪਹੁੰਚਣ 'ਤੇ ਸਮੂਹ ਸਟਾਫ਼ ਵੱਲੋਂ ਵਿਸ਼ੇਸ਼ ਸਨਮਾਨ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਜ਼ਿਲ੍ਹਾ ਸਿੱਖਿਆਂ ਅਫਸਰ (ਸੈਕੰਡਰੀ) ਰਾਜੇਸ਼ ਕੁਮਾਰ ਸ਼ਰਮਾ ਨੂੰ ਡੇਰਾ ਬਾਬਾ ਨਾਨਕ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿਖੇ ਪਹੁੰਚਣ ਤੇ ਸਕੂਲ ਦੇ ਸਮੂਹ ਸਟਾਫ਼ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਡੀਈਓ ਰਾਜੇਸ਼ ਸ਼ਰਮਾ ਵੱਲੋਂ ਸਕੂਲ ਵਿੱਚ ਬਣਾਏ ਗਏ ਬਾਬਾ ਸ੍ਰੀ ਚੰਦ ਆਡੀਟੋਰੀਅਮ ਦਾ ਦੌਰਾ ਕੀਤਾ ਗਿਆ। ਇਸ ਮੌਕੇ ਨੋਡਲ ਅਫਸਰ ਪ੍ਰਿੰ. ਵਰਿੰਦਰ ਸਿੰਘ ਕਾਹਲੋਂ ਵੀ ਹਾਜ਼ਰ ਸਨ ਜਿੱਥੇ ਸਕੂਲ ਦੇ ਸਮੂਹ ਸਟਾਫ਼ ਵੱਲੋਂ ਪ੍ਰਿੰਸੀਪਲ ਬਿਕਰਮਜੀਤ ਸਿੰਘ ਚਾਹਲ ਦੀ ਅਗਵਾਈ ਹੇਠ ਸ਼ਰਮਾ ਨੂੰ ਸਨਮਾਨ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡੀਈਓ ਰਾਜੇਸ਼ ਸ਼ਰਮਾ ਨੇ ਬਾਬਾ ਸ੍ਰੀ ਚੰਦ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਐੱਨਆਰਆਈ ਬਾਬਾ ਰਜਿੰਦਰ ਸਿੰਘ ਬੇਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਟਰਸਟ ਵੱਲੋਂ ਜੋ ਸਰਕਾਰੀ ਸਕੂਲਾਂ ਨੂੰ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਉਹ ਬਹੁਤ ਹੀ ਸ਼ਲਾਘਾਯੋਗ ਕਦਮ ਹੈ।ਉਨ੍ਹਾਂ ਵੱਲੋਂ ਸਿੱਖਿਆ ਦੇ ਖੇਤਰ ਨੂੰ ਚੁਣਿਆ ਜਾਣਾ ਹੁਤ ਵਧੀਆ ਗੱਲ ਹੈ, ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਬਾਬਾ ਜੀ ਦਾ ਪਰਵਾਰ ਅਤੇ ਬਾਬਾ ਜੀ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣ ਅਤੇ ਇਸੇ ਤਰ੍ਹਾਂ ਹੀ ਸਮਾਜ ਦੀ ਸੇਵਾ ਕਰਦੇ ਰਹਿਣ।ਇਸ ਮੌਕੇ ਡੀਈਓ ਨੇ ਕਿਹਾ ਕਿ ਆਉਂਦੇ ਦਿਨਾਂ ਵਿੱਚ ਸਿੱਖਿਆ ਵਿਭਾਗ ਵੱਲੋਂ ਟਰੱਸਟ ਦੇ ਚੇਅਰਮੈਨ ਬਾਬਾ ਰਜਿੰਦਰ ਸਿੰਘ ਬੇਦੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਇਸੇ ਮੌਕੇ ਸਕੂਲ ਦੇ ਪ੍ਰਿੰ. ਬਿਕਰਮਜੀਤ ਸਿੰਘ ਚਾਹਲ, ਮੈਡਮ ਪਰਮਿੰਦਰ ਕੌਰ, ਬਲਜਿੰਦਰ ਸਿੰਘ, ਮੈਡਮ ਸੋਨੀਆ, ਮੈਡਮ ਮਮਤਾ, ਮੈਡਮ ਰਾਜਬੀਰ ਕੌਰ, ਹਰਜੋਤ ਸਿੰਘ, ਅਨਿਲ ਕੁਮਾਰ ਡੀਪੀ, ਮੈਡਮ ਮਨਦੀਪ ਕੌਰ, ਮੈਡਮ ਅਮਨਦੀਪ ਕੌਰ, ਮੈਡਮ ਰੋਹਨੀ, ਰਮੇਸ਼ ਅਵੱਸਥੀ, ਮੈਡਮ ਅਨੀਤਾ, ਮੈਡਮ ਮਨਿੰਦਰ ਕੌਰ, ਰਾਜ ਕੁਮਾਰ, ਗੁਰਪ੍ਰੀਤ ਸਿੰਘ ਕਾਹਲੋਂ, ਲੈਕਚਰਾਰ ਨਰੇਸ਼ ਸੋਢੀ, ਪਲਵਿੰਦਰ ਸਿੰਘ ਰੰਧਾਵਾ, ਅਵਤਾਰ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਨਵਰਾਜ ਨੋਵੀ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ



ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)—ਪਿੰਡ ਖੁਵਾਸਪੁਰ ਦੇ ਸਰਪੰਚ ਜਗਰੂਪ ਸਿੰਘ ਦੇ ਛੋਟੇ ਭਰਾ ਨਵਰਾਜ ਸਿੰਘ ਨੋਵੀ ਜਿਨ੍ਹਾਂ ਦਾ ਭਰ ਜਵਾਨੀ ਵਿਚ ਬੀਤੇ ਕੱਲ੍ਹ ਅਚਾਨਕ ਦੇਹਾਂਤ ਹੋ ਗਿਆ ਦਾ ਅੰਤਿਮ ਸਸਕਾਰ ਪਿੰਡ ਖਵਾਸਪੁਰ ਦੇ ਸ਼ਮਸ਼ਾਨਘਾਟ ਵਿਖੇ ਸੈਂਕੜੇ ਸੇਜਲ ਅੱਖਾਂ ਦੀ ਹਾਜ਼ਰੀ ਵਿੱਚ ਕੀਤਾ ਗਿਆ।ਇਸ ਮੌਕੇ ਸਰਪੰਚ ਜਗਰੂਪ ਸਿੰਘ ਤੇ ਉਨ੍ਹਾਂ ਦੀ ਮਾਤਾ ਕੁਲਵਿੰਦਰ ਕੌਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ 'ਚ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਪ੍ਰਦੀਪ ਕੁਮਾਰ ਚੋਪੜਾ, ਦੀਪਕ ਚੋਪੜਾ, ਭੁਪਿੰਦਰ ਸਿੰਘ ਬਿੰਦਾ ਸਰਪੰਚ, ਸੰਦੀਪ ਸਿੰਘ ਸ਼ਿੰਪੀ ਸਰਪੰਚ, ਸੁਰਜੀਤ ਸਿੰਘ ਇਲੀ,ਗੁਰਪ੍ਰੀਤ ਸਿੰਘ ਨਿਰਾਲਾ, ਭੁਪਿੰਦਰ ਸਿੰਘ ਬਿੱਟੂ ਚੇਅਰਮੈਨ, ਹਰਜੀਤ ਸਿੰਘ ਨੰਬਰਦਾਰ, ਪ੍ਰਮਜੀਤ ਸਿੰਘ ਸੰਧੂ ਸੁਪਰਡੈਂਟ ਜੇਲ, ਮਹਿੰਦਰ ਸਿੰਘ ਕੰਬੋਜ, ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਯੋਧਬੀਰ ਸਿੰਘ ਸਰਲੀ, ਚੇਅਰਮੈਨ ਸਤਨਾਮ ਸਿੰਘ, ਚੇਅਰਮੈਨ ਨਿਰਵੈਰ ਸਿੰਘ ਸਾਬੀ, ਸਰਪੰਚ ਸੁਖਜਿੰਦਰ ਸਿੰਘ ਹੋਠੀਆਂ, ਸਰਪੰਚ ਹਰਦੀਪ ਸਿੰਘ ਲਾਟੂ, ਰੂਪਾ ਭਰੋਵਾਲ, ਲਾਡੀ ਸ਼ਾਹ ਬਾਣੀਆਂ, ਮਨਦੀਪ ਸਿੰਘ ਘੜਕਾ, ਅਰੂੜ ਕੁਮਾਰ ਚੰਬਾ, ਬਲਬੀਰ ਸਿੰਘ ਸ਼ਾਹ, ਮਨਜਿੰਦਰ ਸਿੰਘ ਸਰਪੰਚ, ਰਣਜੀਤ ਸਿੰਘ ਭੁੱਲਰ, ਗੁਲਵਿੰਦਰ ਸਿੰਘ ਰਾਏ, ਬਰਿੰਦਰਜੀਤ ਸਿੰਘ ਟਿੱਕਾ ਝੰਡੇਰ, ਮਾਸਟਰ ਤੀਰਥ ਸਿੰਘ ਸੰਧੂ ਤੋਂ ਇਲਾਵਾ ਹੋਰ ਕਈ ਇਲਾਕੇ ਦੇ ਮੋਹਤਬਰ ਤੇ ਪਰਿਵਾਰ ਦੇ ਸਨੇਹੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

ਖਵਾਸਪੁਰ, ਜਗਤਾਰ ਸਿੰਘ ਜਾਗੀ, ਮਾਸਟਰ ਮੱਖਣ ਸਿੰਘ, ਕਸ਼ਮੀਰ ਸਿੰਘ ਕੰਬੋਜ, ਸੋਨੂੰ ਸ਼ਰਮਾ, ਰਣਜੀਤ ਪਵਾਰ, ਅਮਰੀਕ ਸਿੰਘ ਰਾਜੂ, ਅਸ਼ੋਕ ਮਹਾਸ਼ਾ, ਸਵਰਨਜੀਤ ਸੋਨੀ, ਬਲਬੀਰ ਸਿੰਘ, ਕਾਬਲ ਸਿੰਘ ਮੱਲ੍ਹੀ, ਬਲਰਾਜ ਸਿੰਘ ਮੱਲ੍ਹੀ, ਸ਼ੇਰੂ ਮਹਾਜਨ, ਹਰਜੀਤ ਸਿੰਘ ਪੈਲੇਸ ਵਾਲੇ, ਸਰਬਜੀਤ ਸਿੰਘ ਬੱਬ, ਸ਼ਮੀ ਮਹਾਜਨ, ਸਰਪੰਚ ਗੁਰਪ੍ਰੀਤ ਸਿੰਘ ਕਾਹਲਵਾਂ, ਪ੍ਰਭਦੀਪ ਸਿੰਘ ਕਾਹਲਵਾਂ, ਗੁਰਦੇਵ ਸਿੰਘ ਗੋਲਡੀ, ਗੁਰਸਾਹਿਬ ਸਿੰਘ ਖਹਿਰਾ, ਲਾਡੀ

# ਵਿਵੇਕਾਨੰਦ ਵਰਲਡ ਸਕੂਲ 'ਚ ਫ਼ਿਰੋਜ਼ਪੁਰ ਪ੍ਰੀਮੀਅਰ ਲੀਗ-2024 ਦੀ ਸ਼ੁਰੂਆਤ



**ਫਿਰੋਜ਼ਪੁਰ (ਗੁਰਬਚਨ ਸਿੰਘ ਸੋਨੂੰ)**- ਵਿਵੇਕਾਨੰਦ ਵਰਲਡ ਸਕੂਲ ਦੇ ਡਾਇਰੈਕਟਰ ਡਾ. ਐੱਸ. ਐੱਨ. ਰੁਦਰਾ ਨੇ ਦੱਸਿਆ ਕਿ ਇਸ ਪ੍ਰੀਮੀਅਰ ਲੀਗ ਦੀ ਮੁੱਖ ਮੰਤਵ 30 ਸਾਲ ਤੋਂ ਉੱਪਰ ਉਮਰ ਦੇ ਵਿਅਕਤੀ ਜੋ ਕਿ ਆਪਣੇ-ਆਪਣੇ ਕਾਰੋਬਾਰ ਜਾਂ ਨੌਕਰੀਆਂ ਵਿੱਚ ਬੇਤਹਾਸ਼ਾ ਰੁੱਝੇ ਰਹਿਣ ਕਰਕੇ ਸਿਹਤ ਨੂੰ ਅਣਗੌਲਿਆਂ ਕਰ ਦਿੰਦੇ ਹਨ, ਨੂੰ ਦੁਬਾਰਾ ਖੇਡ ਮੈਦਾਨਾਂ ਵਿੱਚ ਉਤਾਰ ਕੇ ਆਪਣੀ ਨਿਰੋਈ ਸਿਹਤ ਨੂੰ ਮੁੜ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਨਾ ਹੈ ਅਤੇ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਵੱਡੇ ਪੜਾਅ ਕਦੀ ਖੇਡ ਮੈਦਾਨਾਂ ਦੇ ਵਿਚ ਕ੍ਰਿਕਟ ਖੇਡ ਕੇ ਬਿਤਾਏ ਸਨ, ਨੂੰ ਹੁਣ ਦੁਬਾਰਾ ਸੁਰਜੀਤ ਕਰ ਸਕਣ।ਡਾ: ਰੁਦਰਾ ਨੇ ਦੱਸਿਆ ਕਿ ਫਿਰੋਜ਼ਪੁਰ ਪ੍ਰੀਮੀਅਰ ਲੀਗ ਵਿਚ ਵੱਖ-ਵੱਖ ਖੇਤਰਾਂ ਦੇ ਉਦਯੋਗਪਤੀਆਂ, ਅਧਿਆਪਕਾਂ, ਬੀ. ਐੱਸ. ਐੱਫ., ਨਿਆਂਇਕ ਅਤੇ ਕਿਸਾਨਾਂ ਨੇ ਉਤਸ਼ਾਹ ਨਾਲ ਭਾਗ ਲਿਆ, ਜਿਸ ਵਿਚ ਸੁਪਰੀਮ ਗ੍ਰਾਫਿਕ ਕ੍ਰਿਕਟ ਕਲੱਬ, ਬਾਬਾ ਕਰਮ ਸਿੰਘ ਕ੍ਰਿਕਟ ਕਲੱਬ, ਓਲਡ ਏਜ ਗੋਲਡ ਇਲੈਵਨ ਕਲੱਬ, ਇਲੈਕਟ੍ਰੀਸਿਟੀ ਬੋਰਡ ਕ੍ਰਿਕਟ ਕਲੱਬ, ਇੰਡੀਅਨ ਫਾਊਂਡਰੀ ਵਰਕਸ, ਡੀ. ਪੀ. ਇਲੈਵਨ ਕ੍ਰਿਕਟ ਟੀਮ, ਫ਼ਿਰੋਜ਼ਪੁਰ ਫਾਊਂਡੇਸ਼ਨ ਜੁਡੀਸ਼ੀਅਲ ਕ੍ਰਿਕਟ ਕਲੱਬ, ਫੂਡ ਸਪਲਾਈ ਕ੍ਰਿਕਟ ਕਲੱਬ, ਸੰਗਮ ਕ੍ਰਿਕਟ ਕਲੱਬ, ਫ਼ਿਰੋਜ਼ਪੁਰ ਸਟਰਾਈਕਰਜ਼, ਐੱਚਡੀਐੱਫਸੀ ਲਾਇਨਜ਼ ਕਲੱਬ, ਟੀਚਰਜ਼ ਇਲੈਵਨ ਕ੍ਰਿਕਟ ਟੀਮ, ਬੀਐੱਸਐੱਫ ਫ਼ਿਰੋਜ਼ਪੁਰ, ਪੈਂਡੂ ਕ੍ਰਿਕਟ ਕਲੱਬ, ਜੈ ਮਾਂ ਨਗਰ ਕਲੱਬ, ਬਜਾਜ ਇਲੈਵਨ, ਗੇਮ ਚੇਂਜਰ, ਮਾਸਟਰਜ਼ ਇਲੈਵਨ, ਬਾਰ ਐਸੋਸੀਏਸ਼ਨ ਕ੍ਰਿਕਟ ਕਲੱਬ, ਵਿਜ਼ਡਮ ਵਾਰੀਅਰਜ਼ ਜ਼ਿਲ੍ਹਾ ਸਿੱਖਿਆ ਦਫ਼ਤਰ, ਜਾਮਨੀ ਸਾਹਿਬ ਕ੍ਰਿਕਟ ਟੀਮ, ਯੂਥ ਇਲੈਵਨ ਕ੍ਰਿਕਟ ਟੀਮ, ਪ੍ਰੀਡੇਟਰਜ਼ ਕ੍ਰਿਕਟ ਟੀਮ ਅਤੇ ਪ੍ਰੋਫੈਸ਼ਨਲ ਸਟਰਾਈਕਰ ਮੌਜੂਦ ਹਨ। ਇਹ ਮੁਕਾਬਲੇ 24 ਮਾਰਚ ਤੱਕ ਚੱਲਣਗੇ ਤੇ ਆਖਰੀ ਦਿਨ ਫਾਈਨਲ ਮੈਚ ਜੋ ਕਿ ਦਿਨ-ਰਾਤ ਦਾ ਹੋਵੇਗਾ ਅਤੇ ਲੜਕੀਆਂ ਦੀਆਂ ਟੀਮਾਂ ਦੇ ਵੀ ਮੈਚ ਹੋਣਗੇ।ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਡੀ. ਆਈ. ਜੀ., ਬੀ. ਐੱਸ. ਐੱਫ ਪਵਨ ਬਜਾਜ ਅਤੇ ਬੀ. ਡਬਲਿਊ. ਡਬਲਿਊ. ਐੱਫ ਦੀ ਮੁਖੀ ਮੋਨੀਸ਼ਾ ਬਜਾਜ ਨੂੰ ਡੌਲੀ ਭਾਸਕਰ ਅਤੇ ਡਾ. ਐੱਸ. ਐੱਨ. ਰੁਦਰਾ ਵੱਲੋਂ ਗੁਲਦਸਤੇ ਭੇਟ ਕਰਕੇ ਕੀਤੀ ਗਈ।ਇਸ ਤੋਂ ਬਾਅਦ ਫ਼ਿਰੋਜ਼ਪੁਰ ਪ੍ਰੀਮੀਅਰ ਲੀਗ ਦੀ ਸ਼ੁਰੂਆਤ ਸਾਰੀਆਂ ਟੀਮਾਂ ਦੇ ਕਪਤਾਨਾਂ ਵੱਲੋਂ ਸਹੁੰ ਚੁੱਕ ਕੇ ਕੀਤੀ ਗਈ।ਅੱਜ ਪਹਿਲਾ ਮੈਚ ਸੁਪਰੀਮ ਗ੍ਰਾਫਿਕ ਕ੍ਰਿਕਟ ਕਲੱਬ ਅਤੇ ਬਾਬਾ ਕਰਮ ਸਿੰਘ ਕ੍ਰਿਕਟ ਕਲੱਬ ਵਿਚਕਾਰ ਹੋਇਆ, ਜਿਸ ਵਿੱਚ ਕਰਮ ਸਿੰਘ ਕ੍ਰਿਕਟ ਕਲੱਬ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ।ਦੂਸਰੇ ਮੈਚ ਵਿੱਚ ਪੀ. ਐੱਸ. ਪੀ. ਸੀ. ਐੱਲ ਦੀ ਟੀਮ ਨੇ ਓਲਡ ਏਜ ਗੋਲਡ ਦੀ ਟੀਮ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ।ਫਿਲਮ 'ਜੇ ਪੈਸਾ ਬੋਲਦਾ ਹੁੰਦਾ' ਦੇ ਮੁੱਖ ਕਲਾਕਾਰਾਂ ਸਮੇਤ ਮੁੱਖ ਅਦਾਕਾਰ ਹਰਦੀਪ ਗਰੇਵਾਲ (ਗਾਇਕ/ਅਦਾਕਾਰ), ਅਭਿਨੇਤਰੀ ਇਹਾਨਾ ਢਿੱਲੋਂ, ਅਭਿਨੇਤਰੀ ਰਾਜ ਧਾਲੀਵਾਲ, ਫਿਲਮ ਦੇ ਨਿਰਦੇਸ਼ਕ ਇਸ ਸਮਾਗਮ ਵਿੱਚ ਸ਼ਾਮਲ ਹੋਏ ਅਤੇ ਦਰਸ਼ਕਾਂ ਨਾਲ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ।ਇਸ ਮੌਕੇ ਸ਼ਲਿੰਦਰ ਭੱਲਾ, ਅਮਿਤ ਕੁਮਾਰ ਧਵਨ, ਹਰਸ਼ ਅਰੋੜਾ, ਅਮਰਜੀਤ ਸਿੰਘ ਭੋਗਲ, ਪ੍ਰੋ: ਗੁਰਤੇਜ, ਰਾਕੇਸ਼ ਸ਼ਰਮਾ, ਹਰਿੰਦਰ ਭੁੱਲਰ, ਸਤਿੰਦਰਜੀਤ ਸਿੰਘ, ਡਾ: ਕੇਸੀ ਅਰੋੜਾ, ਡਾ: ਰਮੇਸ਼ ਸ਼ਰਮਾ, ਕ੍ਰਿਸ਼ਨਾ ਅਵਸਥੀ, ਅਸ਼ਵਨੀ ਕੁਮਾਰ, ਅੰਕੁਸ਼ ਭੰਡਾਰੀ, ਵਿਪਨ ਗਰਗ, ਨਰੇਸ਼ ਸ਼ਰਮਾ, ਦਵਿੰਦਰ ਨਾਥ ਸ਼ਰਮਾ, ਕਮਲ ਦ੍ਰਾਵਿੜ ਆਦਿ ਹਾਜ਼ਰ ਸਨ।

# ਮਾਤਾ ਸਿੰਘਾ ਦੇਵੀ ਦੇ ਅਸਥਾਨ ਦੇ ਆਲੇ-ਦੁਆਲੇ 'ਤੇ ਇੱਕ ਕਰੋੜ ਰੁਪਏ ਖਰਚੇ ਜਾਣਗੇ : ਅਨਮੋਲ ਗਗਨ

**ਮੋਹਾਲੀ, (ਗੁਰਜੀਤ ਬਿੱਲਾ)**

ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਮਹਿਮਾਨ ਨਿਵਾਜੀ ਤੇ ਨਿਵੇਸ਼ ਪ੍ਰੋਤਸਾਹਨ ਮੰਤਰੀ ਅਨਮੋਲ ਗਗਨ ਮਾਨ ਨੇ ਅੱਜ ਇੱਥੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਲੋਕ ਹਿੱਤਾਂ ਨੂੰ ਸਮਰਪਿਤ ਹੋ ਕੇ ਨਿਰੰਤਰ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ। ਅੱਜ ਨਯਾ ਗਾਓਂ ਦੇ ਵਾਰਡ ਨੰਬਰ 2 ਤੇ 3, ਨਾਡਾ ਵਿਖੇ ਮਾਤਾ ਸਿੰਘਾ ਦੇਵੀ ਦੇ ਸਥਾਨ 'ਤੇ ਛਿੰਝ ਮੇਲੇ ਵਿੱਚ ਸ਼ਮੂਲੀਅਤ ਮੌਕੇ ਮਾਤਾ ਸਿੰਘਾ ਦੇਵੀ ਦੇ ਪਵਿੱਤਰ ਸਥਾਨ 'ਤੇ ਨਤਮਸਤਕ ਹੋ ਕੇ ਆਸ਼ੀਰਵਾਦ ਲੈਣ ਬਾਅਦ ਉਨ੍ਹਾਂ ਆਖਿਆ ਕਿ ਪੰਜਾਬ ਦੇ ਲੋਕਾਂ ਵੱਲੋਂ ਜਿਨ੍ਹਾਂ ਆਸਾਂ ਅਤੇ ਉਮੀਦਾਂ ਨੂੰ ਲੈ ਕੇ ਸਰਕਾਰ ਬਣਾਈ ਗਈ ਸੀ, ਸਰਕਾਰ ਉਨ੍ਹਾਂ ਨੂੰ ਪੂਰਾ ਕਰਨ ਲਈ ਹਰ ਵੇਲੇ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਮੁਫਤ ਘਰੇਲੂ ਬਿਜਲੀ ਦੇਣ ਦੇ ਵਾਅਦੇ ਨੂੰ ਅਮਲੀ ਰੂਪ ਦੇਣ ਨਾਲ ਕਰੀਬ 90 ਫੀਸਦੀ ਲੋਕਾਂ ਦੇ ਬਿਜਲੀ ਬਿੱਲ ਜ਼ੀਰੋ ਆਉਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਸਿਹਤ ਤੇ ਸਿੱਖਿਆ ਖੇਤਰ 'ਚ ਸੁਧਾਰਾਂ ਨੂੰ ਲੈ ਕੇ ਆਮ ਆਦਮੀ ਕਲੀਨਿਕਾਂ ਤੇ ਸਕੂਲ ਆਫ ਐਮੀਨੈਂਸ



ਬਣਾਉਣ ਤੋਂ ਬਾਅਦ ਹੁਣ ਪੰਜਾਬ ਭਰ ਦੇ ਉਨ੍ਹਾਂ ਲੋਕਾਂ, ਜਿਨ੍ਹਾਂ ਤੇ ਨਜਾਇਜ਼ ਕਲੋਨੀਆਂ ਵਿਚ ਪਲਾਟ ਲੈਣ ਕਾਰਨ ਉਜਾੜੇ/ਕਾਰਵਾਈ ਦੀ ਤਲਵਾਰ ਲਮਕਦੀ ਸੀ, ਮੁੱਖ ਮੰਤਰੀ ਪੰਜਾਬ ਵੱਲੋਂ ਐਨ ਓ ਸੀ ਦੀ ਸ਼ਰਤ ਖਤਮ ਕਰਨ ਤੋਂ ਬਾਅਦ ਪੰਜਾਬ ਦੇ ਲੱਖਾਂ ਲੋਕਾਂ ਲਈ ਵੱਡੀ ਰਾਹਤ ਬਣ ਕੇ ਆਈ ਹੈ। ਉਨ੍ਹਾਂ ਇਲਾਕੇ ਦੇ ਉਨ੍ਹਾਂ ਲੋਕਾਂ ਜਿਨ੍ਹਾਂ ਦੇ ਮਕਾਨ ਜੰਗਲਾਤ ਦੀ ਜ਼ਮੀਨ 'ਤੇ ਨਾਜਾਇਜ਼ ਕਾਬਜ਼ ਵਜੋਂ ਹੋਣ ਕਰਨ ਢਾਹੇ ਜਾਣ ਦੇ ਖਤਰੇ ਨਾਲ ਜੂਝ ਰਹੇ ਹਨ, ਨੂੰ ਵੀ ਇਸ ਮਾਮਲੇ ਦੇ ਢੁਕਵੇਂ ਹੱਲ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਰ ਇੱਕ ਲੋੜਵੰਦ ਤੱਕ ਮੁਫਤ ਰਾਸ਼ਨ ਦੀ ਸੁਵਿਧਾ ਨੂੰ ਪਹੁੰਚਾਉਣ ਲਈ, ਘਰ-ਘਰ ਮੁਫਤ ਰਾਸ਼ਨ ਸਕੀਮ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਹਰ ਇਕ ਲੋੜਵੰਦ ਵਿਅਕਤੀ ਜੋ ਕਿ ਸਮਾਰਟ ਰਾਸ਼ਨ ਕਾਰਡ ਧਾਰਕ ਹੈ, ਦੇ ਘਰ ਜਾ ਕੇ ਮੁਫਤ ਰਾਸ਼ਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਨਾਂ ਲੋਕਾਂ ਦੇ ਸਮਾਰਟ ਰਾਸ਼ਨ ਕਾਰਡ ਕਿਸੇ ਕਾਰਨ ਕੱਟੇ ਗਏ ਸਨ, ਸਰਕਾਰ ਵੱਲੋਂ ਉਨ੍ਹਾਂ ਨੂੰ ਮੁੜ ਤੋਂ ਬਹਾਲ ਕੀਤਾ ਜਾ ਰਿਹਾ ਹੈ। ਸੈਰ ਸਪਾਟਾ ਮੰਤਰੀ ਨੇ ਜਿੱਥੇ ਇਲਾਕੇ ਦੇ ਲੋਕਾਂ ਦਾ, ਉਨ੍ਹਾਂ ਨੂੰ ਵੋਟਾਂ ਪਾ ਕੇ ਹਲਕੇ ਦੀ ਸੇਵਾ ਕਰਨ ਦਾ ਮੌਕਾ ਦੇਣ 'ਤੇ ਧੰਨਵਾਦ ਪ੍ਰਗਟਾਇਆ, ਉਥੇ ਨਾਲ ਹੀ ਦੱਸਿਆ ਕਿ ਮਾਤਾ ਸਿੰਘਾ ਦੇਵੀ ਦੇ ਪਵਿੱਤਰ ਸਥਾਨ ਦੇ ਆਲੇ ਦੁਆਲੇ ਦੇ ਵਿਕਾਸ ਲਈ ਇਕ ਕਰੋੜ ਰੁਪਏ ਦੇ ਵਿਕਾਸ ਕਾਰਜ ਉਲੀਕੇ ਗਏ ਹਨ, ਜਿਨ੍ਹਾਂ ਵਿੱਚੋ 75 ਲੱਖ ਰੁਪਏ ਦੇ ਵਿਕਾਸ ਕਾਰਜ ਮਨਜ਼ੂਰ ਹੋ ਚੁੱਕੇ ਹਨ। ਉਨ੍ਹਾਂ ਇਸ ਮੌਕੇ ਛਿੰਝ ਕਮੇਟੀ ਨੂੰ ਦੋ ਲੱਖ ਰੁਪਏ ਦੀ ਗਰਾਂਟ ਦੇਣ ਦਾ ਐਲਾਨ ਵੀ ਕੀਤਾ।

# ਸ੍ਰੀ ਗੁਰੂ ਰਵਿਦਾਸ ਜੀ ਦੇ 647ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ 27ਵਾਂ ਮਹਾਨ ਨਗਰ ਕੀਰਤਨ ਪਿੰਡ ਰਾਜਪੁਰ-ਸ਼ਾਲਾਪੁਰ ਸੰਗਤਾਂ ਵੱਲੋਂ ਸ਼ਰਧਾ, ਸਤਿਕਾਰ ਤੇ ਸੇਵਾ ਭਾਵਨਾ ਨਾਲ ਸਜਾਇਆ ਗਿਆ। ਸ੍ਰੀ ਗੁਰੂ ਰਵਿਦਾਸ ਜੀ ਸਾਂਝੀ ਵੈਲਫੇਅਰ ਸੋਸਾਇਟੀ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਵਿਸ਼ੇਸ਼ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜਾਂ ਪਿਆਰਿਆਂ ਦੀ ਅਗਵਾਈ 'ਚ ਸਜਾਏ ਗਏ ਨਗਰ ਕੀਰਤਨ ਦੌਰਾਨ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਡੇਰਾ ਗੁਰੂਸਰ ਖੁੱਡਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਤੇਜਾ ਤੇ ਸੰਤ ਬਾਬਾ ਨਰੇਸ਼ ਗਿਰ ਜੀ ਨੰਗਲ ਖੂੰਗਾ ਵਾਲਿਆਂ ਨੇ ਨਗਰ ਕੀਰਤਨ ਨੂੰ ਚਾਲੇ ਪਾਉਣ ਦੀ ਰਸਮ ਅਦਾ ਕੀਤੀ।ਨਗਰ ਕੀਰਤਨ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਬਹੁਤ ਹੀ ਸੁੰਦਰ ਤਰੀਕੇ ਨਾਲ ਸ਼ਿੰਗਾਰੀ ਹੋਈ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਕੀਤੇ ਗਏ ਸਨ। ਇਸ ਮੌਕੇ ਰਾਗੀ ਸਿੰਘਾ ਤੇ ਸਮੂਹ ਸੰਗਤਾਂ ਵੱਲੋਂ ਸ਼ਬਦ ਕੀਰਤਨ ਤੇ ਸਤਿਨਾਮ ਵਾਹਿਗੁਰੂ ਦੇ ਜਾਪ ਕਰਦਿਆਂ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਜਾ ਰਿਹਾ ਸੀ ਤੇ ਸਮੂਹ ਸੇਵਾਦਾਰਾਂ ਤੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਫੁੱਲਾਂ ਦੀ ਵਰਖਾ ਕਰਦਿਆਂ ਸਵਾਗਤ ਕੀਤਾ ਗਿਆ। ਵਿਸ਼ਾਲ ਨਗਰ ਕੀਰਤਨ ਪਿੰਡ ਰਾਜਪੁਰ ਆਰੰਭ ਹੋ



ਕੇ ਪਿੰਡ ਸ਼ਾਲਾਪੁਰ, ਬੋਦਲ ਕੋਟਲੀ, ਝੱਜੀ ਪਿੰਡ, ਚਤੋਵਾਲ, ਦੇਹਰੀਵਾਲ ,ਖਾਨਪੁਰ, ਸ਼ੇਖੂਪੁਰ, ਬਗੋਲ ਖੁਰਦ, ਬਗੋਲ ਕਲਾਂ ,ਸੋਹੀਆਂ, ਦਰਗਾਹੇੜੀ, ਕੁਰਾਲਾ ਖੁਰਦ, ਰਲਹਣਾ, ਡੇਰਾ ਗੁਰੂਸਰ ਖੁਡਾ, ਅੱਡਾ ਖੁੱਡਾ, ਕੁਰਾਲਾ ਕਲਾਂ, ਗੁਰਦੁਆਰਾ ਟਾਹਲੀ ਸਾਹਿਬ ਮੂਨਕਾਂ, ਬੋਲੇਵਾਲ, ਮੂਨਕ ਕਲਾ , ਮੂਨਕ ਖੁਰਦ, ਲੋਧੀ ਚੱਕ, ਗਹੋਤ ਤੋਂ ਹੁੰਦਾ ਹੋਇਆ ਵਾਪਸ ਪਿੰਡ ਰਾਜਪੁਰ ਸ਼ਾਲਾਪੁਰ ਵਿਖੇ ਪਹੁੰਚ ਕੇ ਸੰਪੰਨ ਹੋਇਆ।ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ, ਲਖਵਿੰਦਰ ਸਿੰਘ ਲੱਖੀ, ਬਾਬਾ ਕੁਲਦੀਪ ਸਿੰਘ ਟਾਹਲੀ ਸਾਹਿਬ, ਵਿਨੋਦ ਭਰਮੋਤਾ, ਸਰਬਜੀਤ ਸਿੰਘ ਮੋਮੀ,ਬਲਦੇਵ ਰਾਜ, ਰਣਜੀਤ ਸਿੰਘ ਰਾਜਪੁਰ, ਕਰਨੈਲ ਸਿੰਘ, ਅਨੂਪ ਸਿੰਘ, ਪ੍ਰਧਾਨ ਤੀਰਥ ਸਿੰਘ, ਰਜਿੰਦਰ ਸਿੰਘ, ਚੇਅਰਮੈਨ ਹਰਕ੍ਰਿਸ਼ਨ ਸਿੰਘ ਸੈਣੀ, ਓਂਕਾਰ ਸਿੰਘ, ਗੁਰਪ੍ਰੀਤ ਸਿੰਘ, ਮੋਨੂ ਭਰਮੋਤਾ, ਰਮਨ ਰਾਜਪੁਰੀਆ, ਆਕਾਸ਼ ਰਾਜਪੁਰ, ਸੁਖਵਿੰਦਰ ਸਿੰਘ ਮੂਨਕਾ, ਅੰਮ੍ਰਿਤ ਸਿੰਘ, ਬਲਵਿੰਦਰ ਸਿੰਘ, ਨੀਰਜ ਕੁਮਾਰ ਵੀ ਮੌਜੂਦ ਸਨ।

# ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਵੱਲੋਂ ਬੁੱਧੀਜੀਵੀਆਂ ਨੂੰ ਇੱਕ ਮੰਚ 'ਤੇ ਇਕੱਤਰ ਹੋਣ ਦਾ ਸੱਦਾ

## ਭਲਕੇ ਸੈਮੀਨਾਰ ਵਿੱਚ ਵਿਚਾਰੇ ਜਾਣਗੇ ਅਹਿਮ ਮੁੱਦੇ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਸ੍ਰੀ ਅਕਾਲ ਤਖ਼ਤ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਪ੍ਰੋ: ਮਨਜੀਤ ਸਿੰਘ ਵੱਲੋਂ ਸਿੱਖ ਪੰਥ ਅੱਗੇ ਦਰਪੇਸ਼ ਚੁਣੌਤੀਆਂ ਦੇ ਮੱਦੇਨਜ਼ਰ ਬੁੱਧੀਜੀਵੀ ਵਰਗ ਨੂੰ ਇਕ ਮੰਚ 'ਤੇ ਇਕੱਤਰ ਕੀਤੇ ਜਾਣ ਦੇ ਯਤਨ ਅਰੰਭੇ ਗਏ ਹਨ, ਜਿਸ ਤਹਿਤ 20 ਫਰਵਰੀ ਨੂੰ ਗੁਰੂ ਨਗਰੀ ਵਿਖੇ ਵਿਸ਼ੇਸ਼ ਸੈਮੀਨਾਰ ਕੀਤੇ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰੋ: ਮਨਜੀਤ ਸਿੰਘ ਨੇ ਦੱਸਿਆ ਕਿ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਹਾਲ ਵਿਚ ਇਹ ਸੈਮੀਨਾਰ ਹੋਵੇਗਾ ਜਿਸ ਵਿਚ ਸੀਨੀਅਰ ਪੱਤਰਕਾਰ ਹਮੀਰ ਸਿੰਘ, ਡਾ: ਮਨਮੋਹਨ ਸਿੰਘ, ਬਾਵਾ ਗੁਰਵਿੰਦਰ ਸਿੰਘ, ਜਸਵੰਤ ਸਿੰਘ ਜਾਫਰ, ਡਾ: ਅਮਰਜੀਤ ਸਿੰਘ ਗਰੇਵਾਲ, ਮੋਹਣ ਸਿੰਘ ਭੁਪਾਲ, ਡਾ: ਹਰਸਿਮਰਨ ਸਿੰਘ, ਟਿੱਕਾ ਜਸਬੀਰ ਸਿੰਘ, ਡਾ: ਖੁਸ਼ਹਾਲ ਸਿੰਘ ਤੋਂ ਇਲਾਵਾ ਪ੍ਰਸਿੱਧ ਸਿੰਗਰ ਵੀਰ ਸਿੰਘ ਵੀ ਸ਼ਮੂਲੀਅਤ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਸੈਮੀਨਾਰ ਵਿਚ ਪੰਜਾਬ ਦੇ ਸਰਵਪੱਖੀ ਵਿਕਾਸ ਲਈ ਰਾਜਨੀਤਿਕ, ਵਿਦਿਅਕ, ਆਰਥਕ, ਧਾਰਮਕ ਅਤੇ ਹੋਰ ਮਹੱਤਵਪੂਰਨ ਕਾਰਜ ਖੇਤਰਾਂ ਵਿਚ ਸੁਚੱਜੀ ਅਗਵਾਈ ਦੇਣ ਵਾਲੀ ਅਤੇ ਜ਼ਿੰਮੇਵਾਰੀ ਸੰਭਾਲਣ ਵਾਲੀ ਨੌਜੁਆਨ ਲੀਡਰਸ਼ਿਪ ਤਿਆਰ ਕਰਨਾ, ਤਾਂ ਕਿ ਪੰਜਾਬ ਦੀ ਜੁਆਨੀ ਨੂੰ ਮੌਕਾਪ੍ਰਸਤ ਰਾਜਨੀਤਿਕਾਂ ਅਤੇ ਪਖੰਡੀ ਧਾਰਮਿਕ ਆਗੂਆਂ ਦੀ ਜ਼ਿੰਦਾਬਾਦ ਮੁਰਦਾਬਾਦ, ਸਮੱਗਲਿੰਗ, ਗੈਂਗਸਟਰਵਾਦ ਜਾਂ ਹੋਰ ਅਨੈਤਿਕ ਤੇ ਆਤਮਘਾਤੀ ਸਰਗਰਮੀਆਂ ਵਿਚੋਂ ਕੱਢਿਆ ਜਾ ਸਕੇ। ਉਨ੍ਹਾਂ ਨੂੰ ਦਿਸ਼ਾਹੀਣ ਜਾਂ ਮੰਤਵਹੀਣ ਨਿਰਾਸ਼ਾ ਭਰੀ ਸੋਚ ਵਿਚੋਂ ਉਭਾਰ ਕੇ ਸੱਚੀ ਸੁੱਚੀ ਕਿਰਤ ਲਈ ਉਤਸ਼ਾਹਿਤ ਕੀਤਾ ਜਾ ਸਕੇ। ਦੇਸ਼ ਦੁਨੀਆਂ ਵਿਚ ਵਸਦੇ ਸਿੱਖਾਂ ਅਤੇ ਪੰਜਾਬੀਆਂ ਨੂੰ ਕਿਰਤ ਕਰਨ ਦੀ ਗੁੜ੍ਹਤੀ ਮਿਲੀ ਸੀ, ਉਨ੍ਹਾਂ ਦਾ ਸਨਮਾਨ ਵਧਾਉਣ ਲਈ ਕਿਰਤੀਆਂ ਨਾਲ ਖੜ੍ਹੇ ਹੋਣਾ, ਮੁਫ਼ਤਖੋਰੀ ਤੇ ਆਧਾਰਤ ਹੱਥ ਅੱਡਣ ਵਾਲੀ ਸੋਚ ਬਿਰਤੀ 'ਚੋਂ ਕੱਢ ਕੇ ਕਿਰਤ ਕਰਨ ਤੇ ਵੰਡ ਛਕਣ ਲਈ ਸਰਗਰਮ ਹੋਣਾ। ਨਿਕਟ ਭਵਿੱਖ ਵਿਚ ਆ ਰਹੀਆਂ ਪੰਚਾਇਤੀ ਅਤੇ ਹੋਰ ਚੋਣਾਂ ਦੌਰਾਨ ਉਮੀਦਵਾਰਾਂ ਦੀ ਸਹੀ ਚੋਣ, ਨਸ਼ੇ ਅਤੇ ਹੋਰ ਅਨੈਤਿਕ ਕਾਰਵਾਈਆਂ ਨੂੰ ਰੋਕਣ ਲਈ ਚੇਤਨਾ ਮੁਹਿੰਮ ਨੂੰ ਤੇਜ਼ ਕਰਨਾ। ਇਕ ਜਿਹੀ ਸਿੱਖਿਆ ਦੇ ਸਿਧਾਂਤ ਲਈ ਆਵਾਜ਼ ਉਠਾਉਣਾ ਅਤੇ ਪੂਰੇ ਪੰਜਾਬ ਨੂੰ ਸਿਖਿਅਤ ਕਰਨ ਦਾ ਸੁਪਨਾ ਪੂਰਾ ਕਰਨਾ। ਸਿਹਤ ਨਾਲ ਸਬੰਧਤ ਸਭ ਸਹੂਲਤਾਂ ਨੂੰ ਬੁਨਿਆਦੀ ਅਧਿਕਾਰ ਬਣਾਉਣਾ। ਕਿਸਾਨ ਕੇਂਦਰਤ ਨੀਤੀਆਂ, ਕੁਦਰਤੀ ਖੇਤੀ ਅਤੇ ਰੋਜ਼ਗਾਰ ਅਧਾਰਤ ਖੇਤੀ ਉਤਪਾਦਨ ਨੂੰ ਉਤਸ਼ਾਹਤ ਕਰਨਾ। ਕਿਸਾਨ-ਮਜ਼ਦੂਰ ਅਤੇ ਹੋਰ ਕਿਰਤੀਆਂ ਦੀ ਖੁਦਕੁਸ਼ੀ ਵਾਲੇ ਅਤੇ ਨਸ਼ਾ ਪੀੜਿਤ ਪਰਵਾਰਾਂ ਨਾਲ ਸਰਵਪੱਖੀ ਸਹਿਯੋਗ ਕਰਨਾ। ਪੰਜਾਬ ਛੱਡ ਕੇ ਜਾਣ ਲਈ ਉਤਾਵਲੇ ਨੌਜੁਆਨਾਂ ਨੂੰ ਪੰਜਾਬ ਵਿਚ ਹੀ ਰਹਿਣ ਲਈ ਉਮੀਦ ਜਗਾਉਣੀ, ਸਾਧਨ ਪੈਦਾ ਕਰਨ ਅਤੇ ਰਹਿਣਯੋਗ ਬਣਾਉਣ ਲਈ ਸਭ ਨਾਲ ਮਿਲ ਕੇ ਸਰਗਰਮ ਹੋਣਾ, ਔਰਤਾਂ ਦੀ ਸੁਰੱਖਿਆ ਆਦਿ।

# ਥੀਮ ਸਟੇਟ ਗੁਜਰਾਤ ਪਵੇਲੀਅਨ ਬਣੀ ਦਰਸ਼ਕਾਂ ਲਈ ਖਿੱਚ ਦਾ ਕੇਂਦਰ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਫਰੀਦਾਬਾਦ ਵਿਚ ਪ੍ਰਬੰਧਿਤ ਕੀਤੇ ਜਾ ਰਹੇ 37ਵੇਂ ਸੂਰਜਕੁੰਡ ਕੌਮਾਂਤਰੀ ਕ੍ਰਾਫਟ ਮੇਲਾ ਵਿਚ ਆਉਣ ਵਾਲੇ ਸੈਨਾਨੀ ਥੀਮ ਸਟੇਟ ਗੁਜਰਾਤ ਵੱਲ ਖਿੱਚੇ ਚਲੇ ਆ ਰਹੇ ਹਨ। ਗੁਜਰਾਤ ਦੇ ਸਾਧੂ ਬੇਟ ਦੀਪ 'ਤੇ ਸਥਾਪਿਤ 182 ਮੀਟਰ ਦੀ ਉੱਚੀ ਸਟੈਚੂ ਆਫ ਯੂਨਿਟੀ ਦੀ ਪ੍ਰਤੀਕ੍ਰਿਤੀ ਕ੍ਰਾਫਟ ਮੇਲਾ ਵਿਚ ਸੈਨਾਨੀਆਂ ਦੇ ਲਈ ਖਾਸ ਖਿੱਚ ਦਾ ਕੇਂਦਰ ਬਣੀ ਹੋਈ ਹੈ। ਇਹ ਮੁੱਖ ਚੌਪਾਲ ਦੇ ਮੰਚ ਦੇ ਕੋਲ ਸਥਾਪਿਤ ਕੀਤੀ ਗਈ ਹੈ। ਕ੍ਰਾਫਟ ਮੇਲਾ ਵਿਚ ਆਉਣ ਵਾਲੇ ਦੇਸ਼ੀ- ਵਿਦੇਸ਼ੀ ਸੈਨਾਨੀ ਸੁਤੰਤਰ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਵੱਲਭਭਾਈ ਪਟੇਲ ਦੀ ਪ੍ਰਤਿਮਾ ਦੇ ਨਾਲ ਸੈਲਫੀ ਲੈਂਦੇ ਨਜ਼ਰ ਆਏ। ਸਟੈਚੂ ਆਫ ਯੂਨਿਟੀ ਦਾ ਨਿਰਮਾਣ ਮੂਰਤੀਕਾਰ ਰਾਮ ਵੀ. ਸੁਤਾਰ ਵੱਲੋਂ ਕੀਤਾ ਗਿਆ ਜੋ ਆਮ ਜਨਤਾ ਦੇ ਲਈ ਸਾਲ 2018 ਵਿਚ ਸੈਨਾਨੀ ਸਕਾਨ ਵਜੋਂ ਸਥਾਪਿਤ ਕੀਤੀ ਗਈ। ਸਟੈਚੂ ਆਫ ਯੂਨਿਟੀ ਭਾਰਤ ਦੀ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦੀ ਹੈ ਅਤੇ ਇਹ ਕਲਾ ਦਾ ਵਿਲੱਖਣ ਉਦਾਹਰਣ ਹੈ। ਸਰਦਾਰ ਪਟੇਲ ਦੀ ਰਾਜਨੀਤਿਕ ਏਕੀਕਰਣ ਵਿਚ ਮਹੱਤਵਪੂਰਨ ਭੂਮਿਕਾ ਨੂੰ ਇਸ ਮਹਾਨ ਕ੍ਰਾਫਟ ਰਾਹੀਂ ਵਰਣਿਤ ਕੀਤਾ ਗਿਆ ਹੈ। ਥੀਮ ਸਟੇਟ ਗੁਜਰਾਤ ਦੇ ਵਧੀਆ ਸੈਨਾਨੀ ਪਿੰਡ ਧੋਰਡੋ ਦੀ ਸਟਾਲਾਂ 'ਤੇ ਵੀ ਸੈਨਾਨੀ ਖਿੱਚੇ ਚਲੇ ਆਉਣ। ਇਸ ਪਿੰਡ ਦੇ ਸਟਾਲ 'ਤੇ ਗੁਜਰਾਤ ਦੇ ਪ੍ਰਸਿੱਧ ਗਰਬਾ ਡਾਂਸ ਦੇ ਕਲਾਤਮਕ ਚਿੱਤਰਾਂ ਦੇ ਨਾਲ ਹੀ ਰਣ ਉਤਸਵ ਵਿਚ ਤਿੰਨ ਮਹੀਨੇ ਦੇ ਰਣ ਉਤਸਵ ਮੇਲੇ ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ। ਥੀਮ ਸਟੇਟ ਗੁਜਰਾਤ ਦੇ ਨਾਲ ਗਰਬਾ ਨੂੰ ਸੈਨਾਨੀਆਂ ਵੱਲੋਂ ਖੂਬ ਸਰਾਹਿਆ ਗਿਆ। ਕ੍ਰਾਫਟ ਮੇਲੇ ਵਿਚ ਪਹੁੰਚੇ ਸੈਨਾਨੀ ਗਰਬਾ ਦੇ ਸਟਾਲ ਦੇ ਨਾਲ ਖੂਬ ਸੈਲਫੀ ਲੈਂਦੇ ਨਜ਼ਰ ਆਏ। ਯੂਨੈਸਕੋ ਨੇ ਗੁਜਰਾਤ ਦੇ ਗਰਬਾ ਨੂੰ ਮਹੱਤਵਪੂਰਨ ਸੱਭਿਆਚਾਰਕ ਪ੍ਰਤੀਕ ਵਜ ਐਲਾਨ ਕੀਤਾ ਹੈ। ਇਸ ਮਹਾਨ ਸਨਮਾਨ ਨਾਲ ਗਰਬਾ ਨੌਂ ਦਿਨਾਂ ਦੀ ਨਵਰਾਤੇ ਮਹੋਤਸਵ ਦੌਰਾਨ ਸਮਾਜਿਕ ਸਮਾਵੇਸ਼ ਅਤੇ ਏਕਤਾ ਨੂੰ ਜੋਰ ਪ੍ਰਦਾਨ ਕਰਦਾ ਹੈ।

# ਐੱਸ ਡੀ ਕਾਲਜ ਦਾ ਫੇਟ ਮੇਲਾ ਧੂਮਧਾਮ ਨਾਲ ਸੰਪੰਨ

**ਸੁਲਤਾਨਪੁਰ ਲੋਧੀ, (ਹਨੀ)**

ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਸਲਾਨਾ ਫੇਟ ਮੇਲੇ ਦਾ ਆਯੋਜਨ ਸਟਾਫ਼ ਮੈਂਬਰਾਂ ਅਤੇ ਵਿਦਿਆਰਥਣਾਂ ਵੱਲੋਂ ਬੜੀ ਧੂਮਧਾਮ ਨਾਲ ਕੀਤਾ ਗਿਆ। ਉੱਘੇ ਸਮਾਜ ਸੇਵਕ ਅਤੇ ਐੱਸ ਡੀ ਸਭਾ ਦੇ ਪ੍ਰਧਾਨ ਰਕੇਸ਼ ਧੀਰ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ 'ਤੇ ਸਟਾਫ਼ ਮੈਂਬਰਾਂ ਤੇ ਵਿਦਿਆਰਥਣਾਂ ਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ। ਇਸ ਦੌਰਾਨ ਕਾਲਜ ਕੈਂਪਸ ਵਿਚ ਖਾਣ ਪੀਣ ਦੇ ਸਟਾਲਾਂ ਤੋਂ ਇਲਾਵਾ ਵਿਦਿਆਰਥਣਾਂ ਦੇ ਮਨੋਰੰਜਨ ਲਈ ਵੱਖ ਵੱਖ ਪ੍ਰਕਾਰ ਦੀਆਂ ਐਕਟੀਵਿਟੀ ਦਾ ਆਯੋਜਨ ਵੀ ਕੀਤਾ ਗਿਆ। ਇਸ ਦੌਰਾਨ ਵਿਦਿਆਰਥਣਾਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਦਕਿ ਮਾਡਲਿੰਗ ਸ਼ੋਅ ਸਮਾਗਮ ਦਾ ਮੁੱਖ ਆਕਰਸ਼ਣ ਰਿਹਾ। ਦੋ ਰਾਊਂਡ 'ਚ ਚੱਲੇ ਮਾਡਲਿੰਗ ਸ਼ੋਅ ਵਿਚ ਵਿਦਿਆਰਥਣਾਂ ਵੱਡੀ ਗਿਣਤੀ ਵਿਚ ਹਿੱਸਾ ਲਿਆ। ਬੀ ਕਾਮ ਭਾਗ ਪਹਿਲਾ ਦੀ ਨਵਦੀਪ ਕੌਰ ਮਿਸ ਫੇਟ 2024 ਦੇ ਖ਼ਿਤਾਬ 'ਤੇ ਕਬਜ਼ਾ ਕਰਨ ਵਿਚ ਸਫਲ ਰਹੀ। ਬੀ ਏ ਭਾਗ ਤੀਜਾ ਦੀ ਗੁਰਲੀਨ ਕੌਰ ਫਸਟ ਅਤੇ ਬੀ ਸੀ ਏ ਭਾਗ ਤੀਜਾ ਦੀ ਗੁਰਲੀਨ ਕੌਰ ਸੈਕੰਡ ਰਨਰਅਪ ਰਹੀ। ਇਨ੍ਹਾਂ ਤੋਂ ਇਲਾਵਾ ਮਨਦੀਪ ਕੌਰ ਨੇ ਬਿਊਟੀਫੁੱਲ ਸਮਾਈਲ, ਰਮਨਦੀਪ ਨੇ ਬਿਊਟੀਫੁੱਲ ਡਰੈੱਸ, ਮਨਜੋਤ ਕੌਰ ਨੇ ਮਿਸ ਕਾਨਫੀਡੈਂਟ ਅਤੇ ਕਿਰਨਦੀਪ ਕੌਰ ਨੇ ਮਿਸ ਕਰੇਟਿਵ ਦੇ ਖ਼ਿਤਾਬ 'ਤੇ ਕਬਜ਼ਾ ਕੀਤਾ, ਜਦਕਿ ਫੈਂਸੀ ਡਰੈੱਸ ਆਫ ਦਾ ਫੇਟ ਖ਼ਿਤਾਬ ਪਰਨੀਤ ਕੌਰ ਦੀ ਝੋਲੀ ਆਇਆ। ਜੱਜਾਂ ਦੀ ਭੂਮਿਕਾ ਮੈਡਮ ਕਮਲੇਸ਼, ਅਲਕਾ ਅਤੇ ਰੇਖਾ ਵੱਲੋਂ ਨਿਭਾਈ ਗਈ। ਸਮਾਗਮ ਦੇ ਅੰਤ ਵਿੱਚ ਫੇਟ ਮੇਲੇ ਅਤੇ ਮਾਡਲਿੰਗ ਸ਼ੋਅ ਦੇ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ।



ਲੱਕੀ ਡਰਾਅ ਦੇ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੈਟਰਨ ਐੱਸ ਡੀ ਸਭਾ ਅਮਰ ਚੰਦ ਧੀਰ, ਉਮਾ ਦੱਤ ਸ਼ਰਮਾ, ਸ਼ਸ਼ੀ ਚੋਪੜਾ, ਮੁਕੇਸ਼ ਪਰਗੀਚਾ ਅਤੇ ਲਾਰਡ ਕ੍ਰਿਸ਼ਨਾ ਸਕੂਲ ਦੇ ਐਸੋਸੀਏਟ ਦੇ ਪ੍ਰਿੰਸੀਪਲ ਰੁਚੀ ਭਗਤ ਤੋਂ ਇਲਾਵਾ ਮੈਡਮ ਰਜਨੀ ਬਾਲਾ, ਰਜਿੰਦਰ ਕੌਰ, ਰਾਜਬੀਰ ਕੌਰ, ਕਸ਼ਮੀਰ ਕੌਰ, ਸੁਨੀਤਾ ਕਲੇਰ, ਰੀਟਾ ਅਸੀਜ਼, ਅੰਜਨਾ ਕੌਸ਼ਲ, ਚਾਹਤ, ਰਾਜਨਦੀਪ, ਅਮਨਪ੍ਰੀਤ, ਪੂਜਾ, ਜਸਬੀਰ ਕੌਰ, ਰਜੀਵ ਕੁਮਾਰ, ਸ਼ਕਤੀ ਕੁਮਾਰ ਆਦਿ ਸਟਾਫ਼ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥਣਾਂ ਹਾਜ਼ਰ ਸਨ।

# ਸਤਿਗੁਰੂ ਰਵਿਦਾਸ ਪ੍ਰਕਾਸ਼ ਪੁਰਬ ਸੰਬੰਧੀ 41ਵੀਂ ਪ੍ਰਭਾਤ ਫੇਰੀ 'ਤੇ ਸੰਗਤਾਂ ਨੇ ਭਰੀ ਹਾਜ਼ਰੀ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)**

ਜਗਤ ਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਦੇ 647ਵੇਂ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਵਿਚ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮੰਦਰ (ਰਜਿ.) ਸਭਾ ਅਸਲਾਮਾਬਾਦ ਤੋਂ ਪਿਛਲੇ ਡੇਢ ਮਹੀਨੇ ਤੋਂ ਲਗਾਤਾਰ ਪ੍ਰਭਾਤ ਫੇਰੀਆਂ ਬਹੁਤ ਸ਼ਰਧਾ ਪੂਰਵਕ ਕੱਢੀਆਂ ਜਾ ਰਹੀਆਂ ਹਨ ਜਿਸ ਵਿਚ ਇਲਾਕੇ ਭਰ ਦੀਆਂ ਸੰਗਤਾਂ ਹੁੰਮ-ਹੁਮਾ ਕੇ ਹਾਜ਼ਰੀ ਭਰਦੀਆਂ ਹਨ। ਅੱਜ 41ਵੀਂ ਪ੍ਰਭਾਤਫੇਰੀ 'ਤੇ ਸ੍ਰੀ ਗੁਰੂ ਰਵਿਦਾਸ ਮੰਦਰ ਸਭਾ ਦੇ ਪ੍ਰਧਾਨ ਕੌਂਸਲਰ ਚੌਧਰੀ ਮੁਖੀ ਰਾਮ, ਗੁਰਬਖਸ਼ ਕੌਰ ਅਤੇ ਬੇਟੇ ਸੰਦੀਪ, ਅਕਾਸ਼ਦੀਪ ਕੈਨੇਡਾ, ਬੇਟੀ ਪ੍ਰੇਰਨਾ ਯੂ ਐਸ ਏ ਨੇ ਸੇਵਾ ਪ੍ਰਾਪਤ ਕੀਤੀ।ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਕੀਰਤਨੀ ਜਥੇ ਭਾਈ ਹਰਜਿੰਦਰ ਸਿੰਘ, ਭਾਈ ਲਾਲ ਸਿੰਘ, ਭਾਈ ਹਰਬਲਾਸ ਸਿੰਘ, ਭਾਈ ਡਾ.ਪਰਮਜੀਤ ਸਿੰਘ, ਹੈਡ ਗ੍ਰੰਥੀ ਚਰਨਪ੍ਰੀਤ ਸਿੰਘ, ਡਾ. ਕਾਬਲ ਚੰਦ ਵਲੋਂ ਗੁਰਬਾਣੀ ਗਾਇਣ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਮੇਅਰ ਸੁਰਿੰਦਰ ਕੁਮਾਰ ਸ਼ਿੰਦਾ, ਡਿਪਟੀ ਮੇਅਰ



ਪ੍ਰਵੀਨ ਸੈਣੀ ਨੇ ਸਤਿਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਗੁਰੂ ਜੀ ਦੇ ਦੱਸੇ ਉਪਦੇਸ਼ 'ਸਤਿਸੰਗਤ ਮਿਲਿ ਰਹੀਏ ਜੈਸੇ ਮਧਪੁ ਮਖੀਰਾ' ਵਾਂਗ ਸਮਾਜ ਨੂੰ ਆਪਣੇ ਮੌਲਿਕ ਸੰਵਿਧਾਨਕ ਅਧਿਕਾਰਾਂ ਲਈ ਇਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਰਹਿਣਾ ਚਾਹੀਦਾ ਹੈ। ਇਸ ਮੌਕੇ ਪ੍ਰਧਾਨ ਮੁਖੀ ਰਾਮ, ਗੁਰਬਖ਼ਸ਼ ਕੌਰ ਵਲੋਂ ਧਾਰਮਿਕ, ਸਮਾਜਿਕ ਤੇ ਰਾਜਨੀਤਕ ਸ਼ਖਸੀਅਤਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਭੇਟ ਕਰਕੇ ਸਨਮਾਨਤ ਕੀਤਾ। ਪ੍ਰਧਾਨ ਮੁਖੀ ਰਾਮ ਨੇ ਦੱਸਿਆ ਕਿ 22 ਫਰਵਰੀ ਨੂੰ ਪ੍ਰਕਾਸ਼ ਪੁਰਬ ਦੀਆਂ ਖੁਸ਼ੀਆਂ ਵਿਚ ਨਗਰ ਅਸਲਾਮਾਬਾਦ 'ਚ ਅਤੇ 23 ਫਰਵਰੀ ਨੂੰ ਹੁਸ਼ਿਆਰਪੁਰ ਸ਼ਹਿਰ 'ਚ ਸ਼ੋਭਾ ਯਾਤਰਾ ਹੋਵੇਗੀ ਅਤੇ 24 ਫਰਵਰੀ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਤੇ ਕੀਰਤਨ ਦੇ ਦੀਵਾਨ ਸਜਾਏ ਜਾਣਗੇ। ਇਸ ਮੌਕੇ ਰਾਮ ਪ੍ਰਕਾਸ਼ ਈ ਓ, ਐਡਵੋਕੇਟ ਗੁਰਨਾਮ ਸਿੰਘ, ਰਿਤਿਸ਼ ਪੀ ਏ ਕੈਬਨਿਟ ਮੰਤਰੀ, ਵਿਜੇ ਕੁਮਾਰ ਟੀਟਾ, ਪਵਨ ਕੁਮਾਰ ਭੱਟੀ, ਐਡਵੋਕੇਟ ਦਿਲਬਾਗ ਬਾਗੀ, ਰਾਹੁਲ ਸ਼ਰਮਾ, ਪ੍ਰਿੰਸੀਪਲ ਬਲਦੇਵ ਸਿੰਘ, ਮਾਸਟਰ ਸੁਰਜੀਤ ਰਾਜਾ, ਜਗਦੀਸ਼ ਚੰਦ ਖਾਨਪੁਰ, ਹਰੀ ਕ੍ਰਿਸ਼ਨ, ਜਗਜੀਵਨ ਸਿੰਘ, ਕੇਵਲ ਸਿੰਘ, ਸੋਹਣ ਸਿੰਘ, ਦਿਆਲ ਚੰਦ ਢਾਂਡਾ, ਬਲਵੀਰ ਚੰਦ, ਰਣਜੀਤ ਸਿੰਘ, ਸਤਨਾਮ ਸਿੰਘ ਬੈਂਸ, ਰਛਪਾਲ ਸਿੰਘ, ਕੁਲਵਿੰਦਰ ਸਿੰਘ, ਤਰਨਜੀਤ ਸਿੰਘ, ਕੇਸਰ ਸਿੰਘ, ਦਰਸ਼ਨ ਸਿੰਘ, ਪ੍ਰਗਟ ਸਿੰਘ, ਲਲਿਤ ਕੁਮਾਰ, ਜਗੀਰ ਸਿੰਘ, ਸੁਰਿੰਦਰ ਕੁਮਾਰ, ਨਿਰਮਲ ਸਿੰਘ, ਸੁਰਿੰਦਰ ਪਾਲ ਜੱਖੂ, ਬੀਬੀ ਬਿਮਲਾ ਦੇਵੀ, ਕੇਵਲ ਕੌਰ, ਉਰਮਿਲਾ ਦੇਵੀ, ਬਨੀਤਾ, ਹਰਪ੍ਰੀਤ ਕੌਰ, ਮਨਜੀਤ ਕੌਰ, ਗੁਰਬਖਸ਼ ਕੌਰ ਵੀ ਹਾਜ਼ਰ ਸਨ।

# ਰਿਆਤ ਬਾਹਰਾ ਫਾਰਮੇਸੀ ਦੇ ਵਿਦਿਆਰਥੀਆਂ ਨੇ ਸਲੱਮ ਏਰੀਆ ਦੇ ਲੋਕਾਂ ਨੂੰ ਟੀਕਾਕਰਨ ਸੰਬੰਧੀ ਕੀਤਾ ਜਾਗਰੂਕ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰਿਆਤ ਬਾਹਰਾ ਫਾਰਮੇਸੀ ਕਾਲਜ ਦੇ ਵਿਦਿਆਰਥੀਆਂ ਨੇ ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਦੀ ਪ੍ਰਧਾਨਗੀ ਹੇਠ ਸਲੱਮ ਏਰੀਆ ਦੇ ਲੋਕਾਂ ਨੂੰ ਟੀਕਾਕਰਨ ਸੰਬੰਧੀ ਜਾਗਰੂਕ ਕੀਤਾ। ਇਸ ਸੰਬੰਧ 'ਚ ਜਾਣਕਾਰੀ ਦਿੰਦੇ ਹੋਏ ਡਾ. ਅਮਿਤ ਸ਼ਰਮਾ ਨੇ ਕਿਹਾ ਕਿ ਇੱਕ ਬੱਚੇ ਨੂੰ ਉਦੋਂ ਹੀ ਪੂਰੀ ਤਰ੍ਹਾਂ ਟੀਕਾਕਰਨ ਮੰਨਿਆ ਜਾਂਦਾ ਹੈ ਜਦੋਂ ਬੱਚੇ ਦੀ ਉਮਰ ਦੇ ਪਹਿਲੇ ਸਾਲ ਦੇ ਅੰਦਰ ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਅਨੁਸਾਰ ਸਾਰੇ ਟੀਕੇ ਲਗਾਏ ਜਾਣ। ਡਾ: ਅਮਿਤ ਨੇ ਦੱਸਿਆ





ਕਿ ਪ੍ਰੋਗਰਾਮ ਦਾ ਉਦੇਸ਼ ਜਾਗਰੂਕਤਾ ਵਧਾਉਣਾ ਅਤੇ ਮਿੱਥਾਂ ਨੂੰ ਦੂਰ ਕਰਨਾ ਹੈ। ਉਨ੍ਹਾਂ ਕਿਹਾ ਕਿ ਉਹ ਝੁੱਗੀ-ਝੌਂਪੜੀ ਵਾਲੇ ਖੇਤਰਾਂ ਵਿੱਚ ਰਹਿ ਰਹੇ ਗਰੀਬ ਲੋਕਾਂ ਦੀ ਭਲਾਈ ਲਈ ਅਜਿਹੇ ਪ੍ਰੋਗਰਾਮ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਨ। ਇਸ ਮੌਕੇ ਬੀ.ਫਾਰਮੇਸੀ ਅਤੇ ਡੀ.ਫਾਰਮੇਸੀ ਦੇ ਵਿਦਿਆਰਥੀਆਂ ਨੇ ਝੁੱਗੀਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਹੈਪੇਟਾਈਟਸ, ਡਿਪਥੀਰੀਆ, ਟੈਟਨਸ ਵਰਗੀਆਂ ਛੂਤ ਦੀਆਂ ਬਿਮਾਰੀਆਂ ਬਾਰੇ ਦੱਸਿਆ। ਵਿਦਿਆਰਥੀਆਂ ਨੇ ਜਾਗਰੂਕਤਾ ਪੈਦਾ ਕਰਨ ਲਈ ਮੁਫਤ ਸਰਕਾਰੀ ਟੀਕਾਕਰਨ ਪ੍ਰੋਗਰਾਮ ਬਾਰੇ ਜਾਣਕਾਰੀ ਵਾਲੇ ਪਰਚੇ ਵੀ ਵੰਡੇ। ਇਸ ਮੌਕੇ ਸਮਾਜ ਤੋਂ ਵਾਂਝੇ ਸਮਾਜ ਨੂੰ ਵੱਖ-ਵੱਖ ਇਨਫੈਕਸ਼ਨਾਂ ਤੋਂ ਬਚਾਅ ਸਬੰਧੀ ਜਾਗਰੂਕ ਕਰਨ ਦੀ ਸਮਾਜਿਕ ਜ਼ਿੰਮੇਵਾਰੀ ਤਹਿਤ ਅਧਿਆਪਕਾਂ ਨੇ ਸਰਵੇਖਣ ਕੀਤਾ ਤਾਂ ਪਤਾ ਲੱਗਾ ਕਿ ਬਹੁਤ ਸਾਰੇ ਬੱਚਿਆਂ ਦਾ ਟੀਕਾਕਰਨ ਨਹੀਂ ਹੋਇਆ। ਇਸ ਜਾਗਰੂਕਤਾ ਪ੍ਰੋਗਰਾਮ ਦਾ ਸੰਚਾਲਨ ਪ੍ਰੋ: ਅਸੀਤਾ ਪਵਈਆ ਨੇ ਕੀਤਾ।

# ਮਾਤਰੂ ਵੰਦਨਾ ਯੋਜਨਾ ਤਹਿਤ ਵੰਡੀ ਜਾ ਚੁੱਕੀ ਹੈ 25 ਕਰੋੜ ਦੀ ਰਾਸ਼ੀ : ਡਾ. ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਵੱਲੋਂ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਪੋਸ਼ਣ ਅਤੇ ਸਿਹਤ ਸਥਿਤੀ ਨੂੰ ਉੱਚਾ ਚੁੱਕਣ ਲਈ ਚਾਲੂ ਵਿੱਤੀ ਸਾਲ ਦੌਰਾਨ 25 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਪੋਸ਼ਣ ਅਤੇ ਸਿਹਤ ਸਥਿਤੀ ਨੂੰ ਉੱਚਾ ਚੁੱਕਣ ਲਈ ਲਗਾਤਾਰ ਕਾਰਜਸ਼ੀਲ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਸੂਬੇ 'ਚ ਚਾਲੂ ਵਿੱਤੀ ਸਾਲ ਦੌਰਾਨ ਕੁੱਲ 52229 ਔਰਤ ਲਾਭਪਾਤਰੀਆਂ ਨੂੰ 25 ਕਰੋੜ ਵੰਡੇ ਜਾ ਚੁੱਕੇ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸਰਕਾਰ ਵੱਲੋਂ 19 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਪਹਿਲੇ ਜੀਵਤ ਬੱਚੇ ਦੇ ਜਨਮ 'ਤੇ 5000/- ਰੁਪਏ ਦੋ ਕਿਸਤਾਂ ਵਿੱਚ (ਰੁਪਏ 3000+2000) ਅਤੇ ਦੂਜਾ ਬੱਚਾ ਲੜਕੀ ਪੈਦਾ ਹੋਣ 'ਤੇ 6000/- ਰੁਪਏ ਦਿੱਤੇ ਜਾਂਦੇ ਹਨ। ਇਹ ਰਾਸ਼ੀ ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ ਤਹਿਤ ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਦੇ ਪੋਸ਼ਣ ਅਤੇ ਸਿਹਤ ਸਥਿਤੀ ਨੂੰ ਉੱਚਾ ਚੁੱਕਣ ਲਈ ਦਿੱਤੀ ਜਾਂਦੀ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਔਰਤਾਂ ਨੂੰ ਅੰਸ਼ਕ ਮੁਆਵਜਾ ਪ੍ਰਦਾਨ ਕਰਕੇ ਮਾਂ ਤੇ ਬੱਚੇ ਦੇ ਪੋਸਣ ਅਤੇ ਤੰਦਰੁਸਤੀ ਵਿੱਚ ਸੁਧਾਰ ਕਰਨਾ ਹੈ।

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਚੌਥੀ ਬੱਸ ਰਵਾਨਾ





**ਬਹਿਰਾਮ (ਅਵਤਾਰ ਕਲੇਰ)**

ਬੰਗਾ ਹਲਕੇ ਦੇ ਪਿੰਡ ਰਹਿਪਾ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਚੌਥੀ ਬੱਸ ਸ੍ਰੀ ਅਨੰਦਪੁਰ ਸਾਹਿਬ ਸ੍ਰੀ ਅਮ੍ਰਿਤਸਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਲਈ ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਬੰਗਾ ਵਾਈਸ ਚੇਅਰਮੈਨ ਵਾਟਰ ਰਿਸੋਰਸਿਸ ਮੈਨੇਜਮੈਂਟ ਅਤੇ ਡਿਵੈਲਪਮੈਂਟ ਕਾਰਪੋਰੇਸ਼ਨ ਪੰਜਾਬ ਦੀ ਅਗਵਾਈ ਵਿੱਚ ਰਵਾਨਾ ਕੀਤੀ। ਇਸ ਮੌਕੇ ਐਸ ਡੀ ਓ ਕ੍ਰਿਸ਼ਨ ਦੁੱਗਲ, ਇੰਸਪੈਕਟਰ ਰੋਡਵੇਜ਼ ਰਣਜੀਤ ਸਿੰਘ, ਇੰਸਪੈਕਟਰ ਰੋਡਵੇਜ਼ ਤਿਲਕਰਾਜ, ਇੰਸਪੈਕਟਰ ਅਸ਼ੋਕ ਕੁਮਾਰ ਭਾਟੀਆ, ਚੇਅਰਮੈਨ ਮਾਰਕੀਟ ਕਮੇਟੀ ਬੰਗਾ ਬਲਵੀਰ ਕਰਨਾਣਾ, ਬਲਾਕ ਪ੍ਰਧਾਨ ਸੁਰਿੰਦਰ ਢੀਂਡਸਾ, ਸਰਬਜੀਤ ਸਿੰਘ ਸੱਬਾ, ਕਸ਼ਮੀਰ ਸਿੰਘ ਜਗਤਪੁਰ, ਕੇਵਲ ਸਿੰਘ ਜਗਤਪੁਰ, ਮੱਖਣ ਸਿੰਘ ਹੇੜੀਆਂ, ਰਾਮ ਲਾਲ, ਰਣਜੀਤ ਸਿੰਘ ਹਾਜ਼ਰ ਸਨ।

# ਆਰ ਸੀ ਐੱਫ ਦੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਵਿਦਾਇਗੀ ਪਾਰਟੀ

**ਕਪੂਰਥਲਾ, (ਹਨੀ)**

ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਦੀ ਅਗਵਾਈ ਵਿਚ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦਾ ਆਯੋਜਨ ਬੜੀ ਧੂਮਧਾਮ ਨਾਲ ਕੀਤਾ ਗਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ੍ਰੋਮਣੀ ਕਮੇਟੀ ਮੁੱਖ ਮਹਿਮਾਨ ਅਤੇ ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਸਮਾਗਮ ਵਿਚ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ । ਪਹੁੰਚੇ ਮਹਿਮਾਨਾਂ ਦਾ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਵਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਦਾ ਆਗਾਜ਼ ਸ਼ਮ੍ਹਾ ਰੋਸ਼ਨ ਕਰਨ ਉਪਰੰਤ ਸਬਦ ਗਾਇਨ ਰਾਹੀਂ ਕੀਤਾ । ਮਾਡਲਿੰਗ ਸ਼ੋਅ ਸਮਾਗਮ ਦਾ ਮੁੱਖ ਆਕਰਸ਼ਣ ਰਿਹਾ, ਜਿਸ ਵਿੱਚ ਸੀਨੀਅਰ ਵਿਦਿਆਰਥੀਆਂ ਵੱਲੋਂ ਵੱਡੀ ਗਿਣਤੀ 'ਚ ਹਿੱਸਾ ਲਿਆ ਗਿਆ । ਮਾਡਲਿੰਗ ਦੇ ਵੱਖ-ਵੱਖ ਰਾਊਂਡ 'ਚੋਂ



ਗੁਜ਼ਰਦਿਆਂ ਜੈਸਮੀਨ ਕੌਰ ਮਿਸ ਫੇਅਰਵੈਲ ਅਤੇ ਹਰਕਮਲ ਸਿੰਘ ਮਿਸਟਰ ਫੇਅਰਵੈਲ ਦੇ ਕਿਤਾਬ 'ਤੇ ਕਬਜਾ ਕਰਨ ਵਿੱਚ ਸਫਲ ਰਹੇ । ਜਸਮੀਤ ਕੌਰ ਤੇ ਗੁਰਵੀਰ ਸਿੰਘ ਫਸਟ ਰਨਰਅਪ ਅਤੇ ਸਿਮਰਨਪ੍ਰੀਤ ਕੌਰ ਤੇ ਗੁਰਨੂਰ ਸਿੰਘ ਸੈਕਿੰਡ ਰਨਰਅਪ ਰਹੇ । ਜਦਕਿ ਅਭੀਜੋਤ ਕੌਰ ਬਬਲੀ ਸਮਾਈਲ ਅਤੇ ਅਨੁਰੀਤ ਕੌਰ ਮਿਸ ਗਰੇਸਫੁਲ ਦਾ ਖ਼ਿਤਾਬ ਹਾਸਲ ਕਰਨ 'ਚ ਸਫਲ ਰਹੀ । ਪਵਨਪ੍ਰੀਤ ਸਿੰਘ ਮਿਸਟਰ ਹੈਂਡਸਮ ਅਤੇ ਸੁਖਪ੍ਰੀਤ ਸਿੰਘ ਬੈਸਟ ਟਰਬਨ ਦਾ ਖ਼ਿਤਾਬ ਹਾਸਲ ਕਰਨ 'ਚ ਸਫਲ ਰਹੇ ।ਮੰਚ ਸੰਚਾਲਨ ਮੈਡਮ ਦਿਲਜੀਤ ਕੌਰ ਨਾਲ ਵਿਦਿਆਰਥੀਆਂ ਨੇ ਕੀਤਾ । ਜੱਜਾਂ ਦੀ ਭੂਮਿਕਾ ਮੈਡਮ ਪ੍ਰਦੀਪ ਕੌਰ ਅਤੇ ਮੈਡਮ ਲਵਿਤਾ ਵੱਲੋਂ ਨਿਭਾਈ ਗਈ। ਜੇਤੂਆਂ ਨੂੰ ਸਨਮਾਨਤ ਕਰਨ ਉਪਰੰਤ ਬੀਬੀ ਗੁਰਪ੍ਰੀਤ ਕੌਰ ਨੇ ਸਮੂਹ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ ।

ਇਸ ਮੌਕੇ ਮੈਡਮ ਨਰਿੰਦਰ ਪੱਤੜ, ਰਜਨੀ ਅਰੋੜਾ, ਕੁਲਵਿੰਦਰ ਕੌਰ, ਸ਼ਿੰਦਰਪਾਲ ਕੌਰ, ਜਸਵਿੰਦਰ ਸਿੰਘ, ਹਰਜਿੰਦਰ ਸਿੰਘ, ਰਣਜੀਤ ਸਿੰਘ, ਰਣਧੀਰ ਸਿੰਘ, ਮਨਜਿੰਦਰ ਸਿੰਘ, ਸੁਮਨਦੀਪ ਕੌਰ, ਰਾਜ ਰਾਣੀ, ਅਨੀਤਾ ਸਹਿਗਲ, ਸੰਦੀਪ ਕੌਰ, ਹਰਪ੍ਰੀਤ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

# ਸੁਚਿੱਤਰ ਸਿੰਘ ਸਹੋਤਾ ਦੀ ਯਾਦ 'ਚ ਅੱਖਾਂ ਦਾ ਮੈਡੀਕਲ ਕੈਂਪ

**ਮਾਹਿਲਪੁਰ (ਸ.ਫਰੀ)**

ਗੁਰਦੁਆਰਾ ਬਾਬਾ ਅੰਮ੍ਰਿਤਿਆ ਜੀ ਜੋੜਬੜਾ ਸਾਹਿਬ ਭੂਨੋਂ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਪ੍ਰੋ. ਡਾ. ਐਸ ਪੀ ਸਿੰਘ ਉਬਰਾਏ ਦੇ ਵਿਸ਼ੇਸ਼ ਸਹਿਯੋਗ ਨਾਲ ਸੁਰਜੀਤ ਸਿੰਘ ਸਹੋਤਾ ਅਤੇ ਅਮਰੀਕ ਸਿੰਘ ਸਹੋਤਾ ਦੀ ਅਗਵਾਈ ਵਿਚ ਸਵ. ਸਤਿੰਦਰ ਸਿੰਘ ਸਹੋਤਾ ਦੀ ਯਾਦ ਵਿੱਚ 8ਵਾਂ ਅੱਖਾਂ ਦਾ ਮੈਡੀਕਲ ਕੈਂਪ ਲਗਾਇਆ ਗਿਆ । ਇਸ ਮੌਕੇ ਡਾਕਟਰ ਅਮਨਦੀਪ ਸਿੰਘ ਅਰੋੜਾ ਆਈ ਹਸਪਤਾਲ ਤੇ ਰੈਟੀਨਾ ਸੈਂਟਰ ਜਲੰਧਰ ਦੀ ਅਗਵਾਈ ਵਿੱਚ ਅੱਖਾਂ ਦੇ ਮਾਹਰ ਡਾਕਟਰਾਂ ਦੀ ਟੀਮ ਨੇ 725 ਦੇ ਕਰੀਬ ਮਰੀਜ਼ਾਂ ਦੀ ਜਾਂਚ ਕਰਕੇ 114 ਦੇ ਅਪਰੇਸ਼ਨ, 6 ਅੱਖਾਂ ਦੇ ਟੇਢੇਪਨ ਅਤੇ ਪਰਦਿਆਂ ਦੇ ਅਪਰੇਸ਼ਨ ਕਰਕੇ ਦਵਾਈਆਂ ਵੰਡੀਆਂ। ਸੁਚਿੱਤਰ ਸਿੰਘ ਸਹੋਤਾ ਦੇ ਪਰਵਾਰ ਵੱਲੋਂ ਅਪਰੇਸ਼ਨ ਵਾਲੇ ਮਰੀਜ਼ਾਂ ਦਾ ਜਲੰਧਰ ਲਿਜਾਣ, ਲਿਆਉਣ ਅਤੇ ਖਾਣ ਪੀਣ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਟਰੱਸਟ ਦੇ ਦੋਆਬਾ ਜ਼ੋਨ ਦੇ ਪ੍ਰਧਾਨ ਅਮਰਜੋਤ ਸਿੰਘ, ਜ਼ਿਲ੍ਹਾ ਪ੍ਰਧਾਨ ਅਗਿਪਾਲ ਸਿੰਘ ਸਾਹਨੀ, ਨਰਿੰਦਰਪਾਲ ਸਿੰਘ, ਨਾਜ਼ਰ



ਸਿੰਘ ਸਹੋਤਾ ਅਮਰੀਕਾ, ਪੰਚ ਰਾਮ ਜੀ, ਕੈਪਟਨ ਰੇਸ਼ਮ ਚੰਦ, ਗੁਰਪ੍ਰੀਤ ਸਿੰਘ, ਰਾਜੂ ਇਟਲੀ, ਨੰਬਰਦਾਰ ਤਰਲੋਚਨ ਸਿੰਘ, ਸੂਬੇਦਾਰ ਦਰਸ਼ਨ ਸਿੰਘ, ਰਵਿੰਦਰ ਸਿੰਘ ਨੋਨਾ, ਮਨਦੀਪ ਸਿੰਘ, ਸੂਬੇਦਾਰ ਕਿਸ਼ਨ ਸਿੰਘ, ਠੇਕੇਦਾਰ ਦਲਜੀਤ ਸਿੰਘ, ਕੁਲਵੀਰ ਸਿੰਘ ਆਦਿ ਹਾਜ਼ਰ ਸਨ।

# 'ਰਾਸ਼ਟਰੀ ਸੜਕ ਸੁਰੱਖਿਆ ਮਹੀਨਾ' ਮਨਾਉਂਦੇ ਹੋਏ ਪ੍ਰੋਗਰਾਮ ਕਰਵਾਏ





**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**

ਸਰਕਾਰੀ ਕਾਲਜ, ਹੁਸ਼ਿਆਰਪੁਰ ਵਿੱਚ ਸਰਕਾਰੀ ਨਿਰਦੇਸ਼ਾਂ ਅਨੁਸਾਰ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਦੀ ਅਗਵਾਈ ਵਿੱਚ ਐਨ.ਐਸ.ਐਸ, ਰੈੱਡ ਰਿਬਨ ਕਲੱਬ ਅਤੇ ਹਿਸਟਰੀ ਵਿਭਾਗ ਦੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਪ੍ਰੋ. ਵਿਜੇ ਕੁਮਾਰ ਅਤੇ ਪ੍ਰੋ. ਰਣਜੀਤ ਕੁਮਾਰ ਨੇ "ਰਾਸ਼ਟਰੀ ਸੜਕ ਸੁਰੱਖਿਆ ਮਹੀਨਾ 2024" ਮਨਾਉਂਦੇ ਹੋਏ ਸੈਮੀਨਾਰ, ਰੈਲੀ, ਪੋਸਟਰ ਬਣਾਉਣ, ਸਹੁੰ ਚੁੱਕ ਅਤੇ ਸ਼ਹਿਰ ਦੇ ਲੋਕਾਂ ਨੂੰ ਸੜਕ ਸੁਰੱਖਿਆ ਸਬੰਧੀ ਜਾਣਕਾਰੀ ਦੇਣ ਬਾਰੇ ਪ੍ਰੋਗਰਾਮ ਕਰਵਾਏ ਗਏ। ਪ੍ਰੋ.ਵਿਜੇ ਕੁਮਾਰ ਨੇ ਕਾਲਜ ਦੇ ਵਿਦਿਆਥੀਆਂ ਨੂੰ "ਰਾਸ਼ਟਰੀ ਸੜਕ ਸੁਰੱਖਿਆ ਮਹੀਨਾ 2024" ਦੇ ਮਨਾਉਣ ਦੇ ਉਦੇਸ਼ ਬਾਰੇ ਜਾਣਕਾਰੀ ਦਿੰਦੇ ਹੋਏ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਸੜਕ ਦੇ ਨਿਯਮਾਂ ਦੇ ਅਨੁਸਾਰ ਵਹੀਕਲ ਚਲਾਉਣ ਅਤੇ ਵਹੀਕਲ ਨਾਲ ਸਬੰਧਿਤ ਪੂਰੇ ਕਾਗਜ਼ ਬਣਾ ਕੇ ਰੱਖਣ ਲਈ ਪ੍ਰੇਰਿਤ ਕੀਤਾ। ਕਾਲਜ ਅਤੇ ਸ਼ਹਿਰ ਵਿੱਚ ਰੈਲੀ ਵੀ ਕੱਢੀ ਗਈ ਜਿਸ ਦਾ ਮਕਸਦ ਵਿਸ਼ੇ ਅਨੁਸਾਰ ਜਾਗਰੂਕਤਾ ਫੈਲਾਉਣਾ ਸੀ। ਟ੍ਰੈਫਿਕ ਪੁਲਿਸ ਦੇ ਏ.ਐਸ.ਆਈ.ਸ਼ਿਵ ਦੇਵ ਨੇ ਵੀ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਦੇ ਨਾਲ ਮਿਲ ਕੇ ਲੋਕਾਂ ਨੂੰ ਫੁੱਲ ਦੇ ਕੇ ਸੜਕ ਸੁਰੱਖਿਆ ਸਬੰਧੀ ਜਾਗਰੂਕ ਕੀਤਾ।ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਦੇ ਨਿਯਮਾਂ ਦੀ ਪਾਲਣਾ ਕਰਨ ਲਈ ਸਹੁੰ ਵੀ ਚੁਕਾਈ ਗਈ। ਵਿਦਿਆਰਥੀਆਂ ਨੇ ਪੋਸਟਰਾਂ ਦੇ ਮਾਧਿਅਮ ਨਾਲ ਵੀ ਜਾਗਰੂਕਤਾ ਫੈਲਾਈ। ਇਸ ਸਮਾਰੋਹ ਵਿੱਚ ਕਾਲਜ ਦੇ ਵਿਦਿਆਰਥੀ ਸੁਖਮੀਨ ਬੰਗਾ, ਲਵਪ੍ਰੀਤ ਕੌਰ, ਖੁਸ਼ਬੂ, ਜੈਸਮੀਨ ਕੌਰ, ਤਾਨੀਆ, ਸੰਦੀਪ, ਖੁਸ਼ੀ, ਕਮਲਪ੍ਰੀਤ ਕੌਰ, ਜਸਮੀਨ, ਮਨੀਸ਼ਾ, ਨਵਜੋਤ ਕੌਰ, ਵੰਸ਼ੀਕਾ, ਪੂਨਮ ਦੇਵੀ ਨੇ ਪ੍ਰੋ. ਵਿਜੇ ਕੁਮਾਰ ਅਤੇ ਪ੍ਰੋ. ਰਣਜੀਤ ਕੁਮਾਰ ਨੂੰ ਪ੍ਰੋਗਰਾਮ ਕਰਵਾਉਣ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਮੀਟਿੰਗ 'ਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਬਾਰੇ ਵਿਚਾਰਾਂ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਮੀਟਿੰਗ ਪਾਰਟੀ ਦਫਤਰ ਮੋਤਾ ਸਿੰਘ ਨਗਰ ਨਵਾਂਸ਼ਹਿਰ ਵਿਖੇ ਹੋਈ ਜਿਸ ਵਿੱਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਬਾਰੇ ਵਿਚਾਰਾਂ ਕੀਤੀਆਂ ਗਈਆਂ। ਲੋਕਾਂ ਨੂੰ ਵੋਟ ਬਣਾਉਣ ਲਈ ਪਿੰਡ ਚੱਕਦਾਨਾ ਤੇ ਉੜਾਪੜ ਵਿਖੇ ਕੱਲ੍ਹ ਜਾਗਰਤਾ ਕੈਂਪ ਲਗਾਇਆ ਜਾਵੇਗਾ ਤੇ ਵੋਟਾਂ ਬਣਾਈਆਂ ਜਾਣਗੀਆਂ। ਬਾਬਾ ਜਸਵੀਰ ਸਿੰਘ ਖਾਲਸਾ ਨੇ ਜਾਣਕਾਰੀ ਦਿੱਤੀ ਕਿ 28 ਫਰਵਰੀ ਵੋਟ ਬਣਾਉਣ ਦੀ ਆਖਰੀ ਮਿਤੀ ਹੈ। ਸਿੱਖ ਸੰਗਤ ਆਪਣਾ ਫਰਜ਼ ਸਮਝ ਕੇ ਵੋਟ ਬਣਉਣ ਜੋ ਕਿ ਗੁਰੂਘਰਾਂ ਦਾ ਪ੍ਰਬੰਧ ਪਾਰਦਰਸ਼ੀ ਧਾਰਮਿਕ ਢੰਗ ਨਾਲ ਚੱਲ ਸਕੇ। ਇਸ ਮੌਕੇ ਬੀਬੀ ਕੁਲਵਿੰਦਰ ਕੌਰ ਪ੍ਰਧਾਨ ਇਸਤਰੀ ਵਿੰਗ, ਬੀਬੀ ਹਰਜਿੰਦਰ ਕੌਰ ਸਰਕਲ ਪ੍ਰਧਾਨ, ਬੀਬੀ ਤਰਸੇਮ ਕੌਰ ਜ਼ਿਲ੍ਹਾ ਸਰਪ੍ਰਸਤ, ਬਾਬਾ ਜਸਵੀਰ ਸਿੰਘ ਖਾਲਸਾ ਯੂਥ ਪ੍ਰਧਾਨ ਬਲਕਾਰ ਸਿੰਘ, ਮੋਹਨ ਸਿੰਘ, ਮਨਜੀਤ ਸਿੰਘ, ਪਰਮਜੀਤ ਸਿੰਘ, ਬਲਹਾਰ ਸਿੰਘ ਆਦਿ ਹਾਜ਼ਰ ਸਨ।

# ਗੁਲਸ਼ਨ ਰਾਏ ਸ਼ਰਮਾ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ

**ਸ਼ਾਹਕੋਟ (ਗਿਆਨ ਸੈਦਪੁਰੀ)**

ਪੁਲਸ ਸਾਂਝ ਕੇਂਦਰ ਸਲਾਹਕਾਰ ਕਮੇਟੀ ਦੇ ਮੈਂਬਰ, ਸਵਰਗ ਆਸ਼ਰਮ ਮੋਗਾ ਰੋਡ ਸ਼ਾਹਕੋਟ ਦੀ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ, ਅਦਾਕਾਰ ਅਤੇ ਉੱਘੇ ਸਮਾਜ ਸੇਵਕ ਗੁਲਸ਼ਨ ਰਾਏ ਸ਼ਰਮਾ, ਜੋ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ, ਨਮਿੱਤ ਸ੍ਰੀ ਗਰੁੜ ਪੁਰਾਣ ਦੇ ਪਾਠ ਦੇ ਭੋਗ ਡੇਰਾ ਬਾਬਾ ਮੁਰਲੀ ਦਾਸ ਸ਼ਿਵ ਮੰਦਰ ਵਿਖੇ ਪਾਏ ਗਏ। ਉਪਰੰਤ ਉਨ੍ਹਾਂ ਦੇ ਪੁੱਤਰਾਂ ਨਿਤਿਨ ਸ਼ਰਮਾ ਅਤੇ ਨਿਖਿਲ ਭਾਰਦਵਾਜ ਨੂੰ ਪਗੜੀ ਭੇਟ ਕੀਤੀ ਗਈ। ਇਸ ਮੌਕੇ ਹੋਏ ਸ਼ਰਧਾਂਜਲੀ ਸਮਾਗਮ ਦੌਰਾਨ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਸੀਨੀਅਰ ਆਪ ਆਗੂ ਰਾਣਾ ਹਰਦੀਪ ਸਿੰਘ, ਡੀ.ਟੀ.ਐੱਫ. ਦੇ ਆਗੂ ਗੁਰਮੀਤ ਸਿੰਘ ਖੋਸਲਾ ਅਤੇ ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ ਨੇ ਗੁਲਸ਼ਨ ਸ਼ਰਮਾ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਸਮਾਜ ਸੇਵਾ ਤੇ ਹੋਰਨਾਂ ਖੇਤਰਾਂ ਵਿੱਚ ਪਾਏ ਯੋਗਦਾਨ ਬਾਰੇ ਚਾਨਣਾ ਪਾਇਆ। ਬੁਲਾਰਿਆਂ ਨੇ ਕਿਹਾ ਕਿ ਸ਼ਰਮਾ ਦੀ ਮੌਤ ਨਾਲ ਸਿਰਫ਼ ਪਰਵਾਰ ਨੂੰ ਹੀ ਨਹੀਂ ਬਲਕਿ ਸ਼ਾਹਕੋਟ ਇਲਾਕੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਵਿਧਾਇਕ ਲਾਡੀ ਸ਼ੇਰੋਵਾਲੀਆ ਨੇ ਸ਼ਰਧਾਂਜਲੀ ਸਮਾਗਮ ਵਿੱਚ ਪਹੁੰਚੇ ਪਤਵੰਤਿਆਂ ਦਾ



ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰੰਜਣ ਸਿੰਘ ਸਾਬਕਾ ਅਧਿਕਾਰੀ ਇਨਫੋਰਸਮੈਂਟ ਡਾਇਰੈਕਟੋਰੇਟ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬੀਬੀ ਰਣਜੀਤ ਕੌਰ ਕਾਕੜ ਕਲਾਂ, ਪਵਨ ਕੁਮਾਰ ਪੁਰੀ ਸਾਬਕਾ ਪ੍ਰਧਾਨ ਨਗਰ ਪੰਚਾਇਤ, ਹਰਦੇਵ ਸਿੰਘ ਬਦੇਸ਼ਾ ਸਾਬਕਾ ਕੌਂਸਲਰ, ਤਰਸੇਮ ਅਗਰਵਾਲ ਸੀ.ਏ., ਡਾ. ਜਗਤਾਰ ਸਿੰਘ ਚੰਦੀ, ਦਵਿੰਦਰ ਸਿੰਘ ਆਹਲੂਵਾਲੀਆ ਚੇਅਰਮੈਨ ਸੇਵਾ ਸੰਸਥਾ, ਸੁਰਿੰਦਰਜੀਤ ਸਿੰਘ ਚੱਠਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਸੁਦਰਸ਼ਨ ਸੋਬਤੀ, ਕਾਲਾ ਪਹਿਲਵਾਨ ਸੂਬਾ ਕਮੇਟੀ ਮੈਂਬਰ ਭਾਜਪਾ, ਪਰਮਜੀਤ ਕੌਰ ਬਜਾਜ ਸਾਬਕਾ ਮੀਤ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਡਾ. ਦਵਿੰਦਰ ਸਮਰਾ, ਸੀਨੀਅਰ ਆਗੂ ਪ੍ਰਵੀਨ ਗਰੋਵਰ, ਅਰੋੜਾ ਮਹਾਂ ਸਭਾ ਸ਼ਾਹਕੋਟ ਦੇ ਪ੍ਰਧਾਨ ਰਕੇਸ਼ ਕੁਮਾਰ ਬੰਟੀ ਬੱਠਲਾ, ਅੰਮ੍ਰਿਤ ਲਾਲ ਕਾਕਾ, ਐਡਵੋਕੇਟ ਦੀਪਕ ਸ਼ਰਮਾ, ਡਾਕਟਰ ਨਰਿੰਦਰ ਸਿੰਘ ਬਾਂਸਲ ਪ੍ਰੋਗਰਾਮ ਐਂਕਰ ਦੂਰਦਰਸ਼ਨ ਜਲੰਧਰ, ਰਾਮ ਮੂਰਤੀ ਮੈਨੇਜਰ ਏ.ਪੀ.ਐੱਸ. ਸਕੂਲ ਆਫ਼ ਨਰਸਿੰਗ, ਐਡਵੋਕੇਟ ਸ਼ਿਵ ਕਰਨ ਮਲਹੋਤਰਾ, ਪਵਨ ਅਗਰਵਾਲ ਸਾਬਕਾ ਐੱਮ.ਸੀ., ਜਤਿੰਦਰਪਾਲ ਸਿੰਘ ਬੱਲ੍ਹਾ, ਡਾ. ਅਜਮੇਰ ਸਿੰਘ ਰੂਪਰਾ, ਕਮਲਜੀਤ ਡੱਬ, ਬੂਟਾ ਸਿੰਘ ਕਲਸੀ, ਕੁਲਵੰਤ ਸਿੰਘ ਕੰਤਾ ਢੰਡੋਵਾਲ, ਰੋਮੀ ਗਿੱਲ ਸਾਬਕਾ ਐੱਮ.ਸੀ., ਦਰਸ਼ਨ ਅਰੋੜਾ, ਸ਼ੰਟੀ ਚਾਵਲਾ, ਜਗਦੀਸ਼ ਵਡੈਹਰਾ, ਸੋਨੀ ਬਜਾਜ, ਅਮਨ ਅਰੋੜਾ, ਗੌਰਵ ਮੈਸਨ, ਵਿੱਕੀ ਸੋਬਤੀ, ਤਾਰਾ ਬਹਾਦਰ, ਕੁਲਦੀਪ ਸਿੰਘ ਦੀਦ, ਦੀਪਕ ਜੈਨ, ਆਸ਼ੀਸ਼ ਅਗਰਵਾਲ ਆਦਿ ਹਾਜ਼ਰ ਸਨ।